ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

21-27 ਫਰਵਰੀ 2024

ਸਾਲ 15ਵਾਂ - ਅੰਕ 8

email : info@sadelok.com

Ph. : 510-706-1300

Fax : 925-373-1300

## ਲੜਾਈ ਫਸਲਾਂ ਦੀ ਨਹੀਂ ਨਸਲਾਂ ਦੀ ਅਤੇ ਸਿੱਖਾਂ ਦੀ ਹੋਂਦ ਦੀ ਹੈ

### ਅਮਰੀਕਾ ਦੇ ਸਿੱਖਾਂ ਦੀਆਂ ਸਿਰਮੌਰ ਜਥੇਬੰਦੀਆਂ ਵਲੋਂ ਕਿਸਾਨ ਮੋਰਚੇ ਦੀ ਤਨ ਮਨ ਧੰਨ ਨਾਲ ਹਮਾਇਤ



(ਦੇਖੋ ਸਫ਼ਾ 30 'ਤੇ)



ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 647ਵੇਂ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ

(ਵਿਸ਼ੇਸ਼ ਅੰਕ ਅੰਦਰ ਪੜ੍ਹੋ)

### ਖਨੌਰੀ ਬਾਰਡਰ 'ਤੇ ਹਰਿਆਣਾ ਪੁਲਿਸ ਨਾਲ ਟਕਰਾਅ ਦੌਰਾਨ 21 ਸਾਲਾ ਕਿਸਾਨ ਦੀ ਮੌਤ



22

### ਇਕ ਵਾਰ ਨਹੀਂ 100 ਵਾਰ ਲਾਉ ਰਾਸ਼ਟਰਪਤੀ ਰਾਜ ਪਰ ਪੰਜਾਬ ਦੇ ਨੌਜਵਾਨਾਂ ਨੂੰ ਮਰਨ ਨਹੀਂ ਦੇਵਾਂਗਾ : ਭਗਵੰਤ ਮਾਨ



24

ਕਿਸਾਨਾਂ ਦਾ ਦਿੱਲੀ ਚੱਲੋ ਮਾਰਚ

# ਕਿਸਾਨਾਂ ਅਤੇ ਸਰਕਾਰ 'ਚ ਖ਼ੂਨੀ ਝੜਪ




ਚੰਡੀਗੜ੍ਹ : ਹਰਿਆਣਾ ਪੁਲਿਸ ਵੱਲੋਂ 'ਦਿੱਲੀ ਕੂਚ' ਦੇ ਪ੍ਰੋਗਰਾਮ ਦੌਰਾਨ ਖਨੌਰੀ ਬਾਰਡਰ 'ਤੇ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਦਾਗੇ ਜਾਣ ਨਾਲ ਕਿਸਾਨ ਸ਼ੁਭਕਰਨ ਸਿੰਘ (21) ਦੀ ਮੌਤ ਹੋ ਗਈ ਜਦੋਂ ਕਿ ਢਾਈ ਦਰਜਨ ਕਿਸਾਨ ਜ਼ਖ਼ਮੀ ਹੋ ਗਏ। 'ਦਿੱਲੀ ਕੂਚ' ਦੇ ਸੱਦੇ ਦੌਰਾਨ ਕਿਸਾਨ ਦੀ ਮੌਤ ਦੀ ਖ਼ਬਰ ਨਾਲ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਮਾਹੌਲ ਤਣਾਅਪੂਰਨ ਤੇ ਟਕਰਾਅ ਵਾਲਾ ਹੋ ਗਿਆ ਪਰ ਕਿਸਾਨ ਆਗੂਆਂ ਨੇ ਸੰਜਮ ਨਾਲ ਕੰਮ ਲਿਆ। ਉਂਜ ਜਦੋਂ ਇਹ ਘਟਨਾ ਵਾਪਰੀ ਸ਼ੰਭੂ ਬਾਰਡਰ 'ਤੇ ਕਿਸਾਨ ਆਗੂ ਤੇ ਪੰਜਾਬ ਸਰਕਾਰ ਦੇ ਅਧਿਕਾਰੀ ਅਗਲੇ ਗੇੜ ਦੀ ਗੱਲਬਾਤ ਬਾਰੇ ਰਜ਼ਾਮੰਦੀ ਬਣਾਉਣ ਬਾਰੇ ਮੀਟਿੰਗ ਕਰ ਰਹੇ ਸਨ। ਹਰਿਆਣਾ ਪੁਲੀਸ ਨਾਲ ਟਕਰਾਅ ਮਗਰੋਂ ਕਿਸਾਨ ਫੋਰਮਾਂ ਨੇ ਅੱਜ ਸ਼ਾਮ ਵਕਤ 'ਦਿੱਲੀ ਕੂਚ' ਦੇ ਪ੍ਰੋਗਰਾਮ ਨੂੰ ਦੋ ਦਿਨਾ ਲਈ ਵਿਰਾਮ ਦੇ ਦਿੱਤਾ ਹੈ। ਕਿਸਾਨ ਆਗੂ ਹੁਣ 23 ਫਰਵਰੀ ਦੀ ਸ਼ਾਮ ਨੂੰ ਅੰਦੋਲਨ ਦੀ ਅਗਲੀ ਰੂਪ ਰੇਖਾ

(ਦੇਖੋ ਸਫ਼ਾ 22-24 'ਤੇ)

For your Advertisement

Please Call

510-706-1300

Jaspreet Singh
Attorney at law



ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ

ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience

Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases

44808 S. Grimmer Vlvd. #208 Fremont, CA 94538 Tel. : 510-657-6444

2951 W. Capital Ave. W. Sacramento CA 95691

4491 West Shaw Ave.# 131 Fresno. CA 93711 Tel : 559-271-5511

37-1873 Street Suite #401. Jackson Heights NY 11372 Tel : 718-533-844

Padam Builders



ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

email:padambuilders@gmail.com

Licensed # 1019803

Bhupinder S. Padam

PH : 510-565-6667

Bhatia & Co, Inc
Certified Public Accountants

AICPA

Our Services :
- Business Tax (C crop/S corp/LLC etc)
- Individual Tax
- Estate Tax
- Internation Tax (FBAR/FATCA/5471/5472 etc)
- Non-Profit entities
- (Formation,IRS,FTB&DOJ approval)
- Accounting & Payroll
- Sales & Other Taxes
- Financial Audit & Review
- Tax Audit & Representation (IRS/FTB/BOE etc)
- Collection, Lien & Back Taxes
- Offer in Compromise

Santa Clara • Pleasanton • Merced

(844) 4USTAX (209)-354-8696

info@bhatiaco.com,www.bhatiaco.com

Bhatia Law Associates
Attorney at Law
Immigration and Business Services

IMMIGRATION

Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced

(844) 4USATAX (209)-354-8696

info@bhatiaco.com,www.Smoothimmigration.com



Punjabi International Services Inc

Harminder Singh Samana

Bonded Immigration Consultant
bond number #10134206

ਆਫਿਸ ਮੈਨੇਜਰ

209-481-7750

209-624-3919

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ

Family Petition Immigration

Travel document • Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

239 West Yosemite Ave Manteca CA 95336

# ਵੋਟ 5 ਮਾਰਚ, 2024



ਜਨਤਕ ਸੁਰੱਖਿਆ ਲਈ



ਬੇਘਰੇ ਲੋਕਾਂ ਲਈ



ਛੋਟੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ

**★ ਸੁਰੱਖਿਅਤ ਅਤੇ ਸਾਫ਼ ਆਂਢ-ਗੁਆਂਢ ★**

## ਕਮਿਊਨਿਟੀ ਨੇ ਨਿਸ਼ਕਾਮ ਸੇਵਾਦਾਰ ਅਤੇ ਤਜਰਬੇਕਾਰ ਨੇਤਾ

- ਅਸੀਂ ਇਕੱਠੇ ਮਿਲ ਕੇ ਆਪਣੇ ਭਾਈਚਾਰੇ ਨੂੰ ਵੱਧ ਰਹੇ ਅਪਰਾਧਾਂ ਤੋਂ ਬਚਾਵਾਂਗੇ ਅਤੇ ਆਂਢ-ਗੁਆਂਢ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਾਂਗੇ।
- ਜਿਵੇਂ ਕਿ ਹਰ ਇੱਕ ਨੂੰ ਵਧੀਆ ਘਰ ਦੀ ਲੋੜ ਹੈ। ਅਸੀਂ ਮਿਲ ਕੇ ਬੇਘਰਿਆਂ ਨੂੰ ਘਰ ਬਣਾਉਣ ਅਤੇ ਸਾਫ਼-ਸੁਥਰੇ ਆਂਢ-ਗੁਆਂਢ ਨੂੰ ਬਣਾਈ ਰੱਖਣ ਵੱਲ ਧਿਆਨ ਦੇਵਾਂਗੇ।
- ਅਸੀਂ ਸਾਰੇ ਮਿਲ ਕੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਾਂਗੇ।
- ਅਸੀਂ ਸਾਰੇ ਪਾਰਕਾਂ, ਗਲੀਆਂ ਨੂੰ ਸੁਰੱਖਿਅਤ ਅਤੇ ਸਾਫ਼ ਸਥਰਾ ਰੱਖਣ ਵੱਲ ਵਿਸ਼ੇਸ਼ ਧਿਆਨ ਦੇਵਾਂਗੇ।



ਹੋਰ ਜਾਣਕਾਰੀ ਲਈ ਸੰਪਰਕ ਕਰੋ ਤੁਹਾਡਾ ਆਪਣਾ

# ਸ੍ਰ. ਸੁਖਦੇਵ ਸਿੰਘ ਬੈਨੀਵਾਲ

**For San Jose City Council - District 8**

**(408) 421-9463 or email : voteBainiwal@gmail.com**

**visit www.Votebainiwal.com # BainiwalForAll**

Paid for by Sukhdev Bainiwal for City Council 2024 FPPc#1463066

# ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ’ਤੇ ਸੈਲਮਾਂ ਵਿਖੇ 25 ਫਰਵਰੀ ਨੂੰ ਹੋਣਗੇ ਵਿਸ਼ੇਸ਼ ਸਮਾਗਮ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ) : ਦੁਨੀਆਂ ਭਰ ਵਿੱਚ ਸੱਚ ਦੇ ਪੈਰੋਕਾਰ, ਕ੍ਰਾਂਤੀਕਾਰੀ ਅਤੇ ਕਿਰਤ ਦੇ ਹਾਮੀ ਸ੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਨੂੰ ਸਮਰਪਿਤ ਸਮਾਗਮ ਸਮਾਗਮ ਪੂਰੀ ਲੁਕਾਈ ਵਿੱਚ ਹੋ ਰਹੇ ਹਨ। ਇਸੇ ਲੜੀ ਤਹਿਤ ਕੈਲੇਫੋਰਨੀਆਂ ਦੇ ਸ਼ਹਿਰ ਸੈਲਮਾਂ ਵਿਖੇ 25 ਫਰਵਰੀ 2024 ਨੂੰ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ। ਜਿਸ ਸੰਬੰਧੀ ‘ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ’ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾ ਨੇ ਪ੍ਰੈਸ਼ ਰਿਲੀਜ਼ ਸਾਂਝੀ ਕਰਦੇ ਹੋਏ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸੈਲਮਾਂ ਵਿਖੇ 23 ਫਰਵਰੀ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਜਿਨ੍ਹਾਂ ਦੇ ਭੋਗ 25 ਫਰਵਰੀ ਨੂੰ ਪੈਣਗੇ। ਇਸ ਸਮੇਂ ਵਿਸ਼ੇਸ਼ ਸਮਾਗਮਾਂ ਵਿੱਚ ਹਿੱਸਾ ਲੈਣ ਵਾਲੇ ਪ੍ਰਮੁੱਖ ਕੀਰਤਨੀ ਜੱਥਿਆਂ ਵਿੱਚ ਭਾਈ ਸੋਢੀ ਸਿੰਘ ਅਤੇ ਸਾਥੀ, ਭਾਈ ਜੋਗਿੰਦਰ ਸਿੰਘ ਅਤੇ ਸਾਥੀ, ਭਾਈ ਰਾਮ ਆਸਰਾ ਜੀ ਹੋਣਗੇ। ਜਦਕਿ ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਗੁਰਮਤਿ ਬੁਲਾਰੇ ਅਤੇ ਬੁੱਧੀਜੀਵੀ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ। ਗੁਰੂਘਰ ਦੇ ਪ੍ਰਬੰਧਕਾਂ ਅਤੇ ਸਿੱਖ ਕੌਸ਼ਲ ਆਫ ਕੈਲੇਫੋਰਨੀਆਂ ਵੱਲੋਂ ਸਮੂੰਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ। ਗੁਰੂਘਰ ਦਾ ਪਤਾ: 2650 Blaine Ave, Selma, CA-93662 ਹੈ। ਸਮੂੰਹ ਪ੍ਰੋਗਰਾਮਾਂ ਦੌਰਾਨ ਗੁਰੂ ਦਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ। ਵਧੇਰੇ ਜਾਣਕਾਰੀ ਲਈ ਮੁੱਖ ਸੇਵਾਦਾਰ ਦੇਵਰਾਜ ਸਿੰਘ ਨਾਲ ਫੋਨ ਨੰਬਰ (559) 916-6202, ਮਨੋਹਰ ਲਾਲ (559) 546-3437 ਜਾਂ ਬੂਟਾ ਸਿੰਘ (559) 819-7888 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਸਾਬਕਾ ਰਾਸ਼ਟਰਪਤੀ ਟਰੰਪ ਨੇ ਜੁੱਤੀਆਂ ਦਾ ਆਪਣਾ ਬ੍ਰਾਂਡ ਕੀਤਾ ਜਾਰੀ

ਫਿਲਾਡੇਲਫੀਆ, (ਰਾਜ ਗੋਗਨਾ) : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਹੀ ਜੁੱਤਿਆਂ ਦਾ ਇੱਕ ਨਵਾਂ ਬ੍ਰਾਂਡ ਜਾਰੀ ਕੀਤਾ ਹੈ। ਉਨ੍ਹਾਂ ਵੱਲੋ ਲੰਘੇ ਐਤਵਾਰ ਨੂੰ ਪੇਨਸਿਲਵੇਨੀਆ ਸੂਬੇ ਦੇ ਸ਼ਹਿਰ ਫਿਲਾਡੇਲਫੀਆ ਦੇ ਕਨਵੈਨਸ਼ਨ ਸੈਂਟਰ ਵਿੱਚ ਪੇਸ਼ ਕੀਤਾ ਗਿਆ। ਉਹਨਾਂ ਵੱਲੋਂ ਸੋਨੇ ਦੇ ਰੰਗ ਦੇ ਜੁੱਤੇ 399 ਡਾਲਰ ਦੇ ਵਿੱਚ ਔਨਲਾਈਨ ਉਪਲਬਧ ਹਨ। ਇਨ੍ਹਾਂ ਦੇ ਨਾਲ ਵਿਕਟਰੀ 47 ਨਾਂ ਦੇ ਇਕ ਸੈਂਟ ਵੀ ਜਾਰੀ ਕੀਤੇ ਗਏ। ਅਦਾਲਤ ਵੱਲੋਂ ਜਾਇਦਾਦ ਦੇ ਮੁੱਲ ਨੂੰ ਜ਼ਿਆਦਾ ਵਧਾਉਣ ਦੇ ਜੁਰਮ ਦੇ ਲਈ ਬੀਤੇਂ ਦਿਨੀਂ 35.5 ਮਿਲੀਅਨ ਡਾਲਰ ਦੇ ਭਾਰੀ ਜੁਰਮਾਨਾ ਲਗਾਏ ਜਾਣ ਤੋਂ ਅਗਲੇ ਦਿਨ ਹੀ ਸਾਬਕਾ ਰਾਸ਼ਟਰਪੀ ਟਰੰਪ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ ਸੀ। ਡੋਨਾਲਡ ਟਰੰਪ ਨਵੰਬਰ ’ਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ’ਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਵਜੋਂ ਰਿੰਗ ’ਚ ਉਤਰਨਗੇ।









# ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਦੇ ਟਿਕਾਣਿਆਂ 'ਤੇ ਸੀਬੀਆਈ 329 ਦਾ ਛਾਪਾ

## *ਮੈਂ ਕਿਸਾਨ ਦਾ ਪੁੱਤ ਹਾਂ, ਇਨ੍ਹਾਂ ਛਾਪਿਆਂ ਤੋਂ ਨਹੀਂ ਡਰਾਂਗਾ: ਸੱਤਿਆਪਾਲ ਮਲਿਕ*

ਨਵੀਂ ਦਿੱਲੀ : ਸੀਬੀਆਈ ਨੇ ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਵਿਰੁਧ ਕਾਰਵਾਈ ਕੀਤੀ ਹੈ। ਸੀਬੀਆਈ ਨੇ ਉਨ੍ਹਾਂ ਨਾਲ ਸਬੰਧਤ 30 ਤੋਂ ਵੱਧ ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਸੂਤਰਾਂ ਮੁਤਾਬਕ ਵੀਰਵਾਰ ਸਵੇਰ ਤੋਂ ਦਿੱਲੀ ਵਿਚ ਮਲਿਕ ਦੇ ਟਿਕਾਣੇ 'ਤੇ ਕਾਰਵਾਈ ਚੱਲ ਰਹੀ ਹੈ।



ਜਾਣਕਾਰੀ ਮਿਲੀ ਹੈ ਕਿ ਸੀਬੀਆਈ ਨੇ ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਦੇ ਦਿੱਲੀ ਸਥਿਤ ਘਰ 'ਤੇ ਛਾਪਾ ਮਾਰਿਆ ਹੈ। ਦਰਅਸਲ, ਸੀਬੀਆਈ ਨੇ ਇਹ ਛਾਪੇਮਾਰੀ ਹਾਈਡਰੋ ਪਾਵਰ ਪ੍ਰਾਜੈਕਟ ਮਾਮਲੇ ਵਿਚ ਕੀਤੀ ਹੈ। ਸੀਬੀਆਈ ਨੇ ਬੀਮਾ ਘੁਟਾਲੇ ਵਿਚ ਮਲਿਕ ਖ਼ ?ਲਾਫ਼ ਕਾਰਵਾਈ ਕੀਤੀ ਹੈ। ਸੀਬੀਆਈ ਨੇ ਬੀਮਾ ਘੁਟਾਲੇ ਦੇ ਮਾਮਲੇ 'ਚ ਸੱਤਿਆਪਾਲ ਮਲਿਕ ਅਤੇ ਉਸ ਦੇ ਕਰੀਬੀ ਸਾਥੀਆਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ।

ਇਸ ਵਿਚਾਲੇ ਸੱਤਿਆਪਾਲ ਮਲਿਕ ਨੇ ਕਿਹਾ, "ਮੈਂ ਪਿਛਲੇ 3-4 ਦਿਨਾਂ ਤੋਂ ਬੀਮਾਰ ਹਾਂ ਅਤੇ ਹਸਪਤਾਲ ਵਿਚ ਦਾਖਲ ਹਾਂ। ਇਸ ਦੇ ਬਾਵਜੂਦ ਸਰਕਾਰੀ ਏਜੰਸੀਆਂ ਰਾਹੀਂ ਤਾਨਾਸ਼ਾਹ ਵਲੋਂ ਮੇਰੇ ਘਰ ਛਾਪੇਮਾਰੀ ਕੀਤੀ ਜਾ ਰਹੀ ਹੈ। ਮੇਰੇ ਡਰਾਈਵਰ ਅਤੇ ਮੇਰੇ ਸਹਾਇਕ ਨੂੰ ਵੀ ਬੇਵਜ੍ਹਾ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਮੈਂ ਕਿਸਾਨ ਦਾ ਪੁੱਤ ਹਾਂ, ਮੈਂ ਇਨ੍ਹਾਂ ਛਾਪਿਆਂ ਤੋਂ ਨਹੀਂ ਡਰਾਂਗਾ। ਮੈਂ ਕਿਸਾਨਾਂ ਦੇ ਨਾਲ ਹਾਂ।

ਇਲਜ਼ਾਮ ਹਨ ਕਿ ਸਾਲ 2019 ਵਿਚ, ਕਿਸ਼ਤਵਾੜ ਵਿਚ ਕਿਰੂ ਹਾਈਡਰੋ ਪਾਵਰ ਪ੍ਰਾਜੈਕਟ ਲਈ 2,200 ਕਰੋੜ ਰੁਪਏ ਦੇ ਸਿਵਲ ਕੰਮ ਦਾ ਠੇਕਾ ਦੇਣ ਵਿਚ ਕਥਿਤ ਭ੍ਰਿਸ਼ਟਾਚਾਰ ਹੋਇਆ ਸੀ। ਸਤਿਆਪਾਲ ਮਲਿਕ 23 ਅਗਸਤ, 2018 ਤੋਂ 30 ਅਕਤੂਬਰ, 2019 ਤਕ ਜੰਮੂ-ਕਸ਼ਮੀਰ ਦੇ ਰਾਜਪਾਲ ਸਨ। ਮਲਿਕ ਨੇ ਇਲਜ਼ਾਮ ਲਗਾਏ ਸਨ ਕਿ ਉਨ੍ਹਾਂ ਨੂੰ ਪ੍ਰਾਜੈਕਟ ਨਾਲ ਸਬੰਧਤ ਦੋ ਫਾਈਲਾਂ ਨੂੰ ਕਲੀਅਰ ਕਰਨ ਲਈ 300 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕੀਤੀ ਗਈ ਸੀ।

# ਇੱਕ ਅਮਰੀਕੀ ਕਾਰੋਬਾਰੀ ਦੀ ਮੌਤ ਨੇ ਦੁਨੀਆ ਛੱਡਣ ਤੋਂ ਪਹਿਲਾਂ ਆਪਣੇ 700 ਕਰਮਚਾਰੀਆਂ ਨੂੰ ਕੰਪਨੀ ਦਾ ਬਣਾ ਦਿੱਤਾ ਮਾਲਕ

ਵਾਸ਼ਿੰਗਟਨ : ਅਮਰੀਕਾ 'ਚ ਇਕ ਕਾਰੋਬਾਰੀ ਦਾ ਬੀਤੇਂ ਦਿਨ 94 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ। ਪਰ ਇਸ ਦੁਨੀਆ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਉਸ ਨੇ ਇਕ ਅਜਿਹਾ ਕੰਮ ਕਰ ਦਿੱਤਾ ਹੈ ਕਿ ਹਰ ਪਾਸੇ ਉਸ ਦੇ ਨਾਂ ਦੀ ਚਰਚਾ ਹੋ ਰਹੀ ਹੈ।

ਬੌਬ ਕੀ ਰੇ ਮਿੱਲ ਨਾਂ ਦੀ ਕੰਪਨੀ ਦੇ ਸੰਸਥਾਪਕ ਬੌਬ ਮੂਰ ਨੇ ਆਪਣੀ ਕੰਪਨੀ ਦੀ ਮਾਲਕੀ ਕੰਪਨੀ ਵਿੱਚ ਕੰਮ ਕਰਦੇ 700 ਕਰਮਚਾਰੀਆਂ ਨੂੰ ਸੌਂਪ ਦਿੱਤੀ ਹੈ। ਇਹ ਕੰਪਨੀ ਜੈਵਿਕ ਭੋਜਨ ਦੇ ਉਤਪਾਦਾਂ ਦੇ ਨਿਰਮਾਣ ਲਈ ਜਾਣੀ ਜਾਂਦੀ ਹੈ।



ਮੀਡੀਆ ਰਿਪੋਰਟਾਂ ਦੇ ਮੁਤਾਬਕ ਬੌਬ ਮੂਰ ਨੇ ਆਪਣੀ ਕੰਪਨੀ ਨੂੰ ਵੇਚਣ ਦੀ ਬਜਾਏ ਕੰਪਨੀ ਦੇ 700 ਕਰਮਚਾਰੀਆਂ ਨੂੰ 2010 ਵਿੱਚ ਮਾਲਕੀ ਦੇ ਦਿੱਤੀ ਅਤੇ ਉਸਨੇ ਕੰਪਨੀ ਦੇ ਮਾਲਕ ਵਜੋਂ ਅਹੁਦਾ ਛੱਡਣ ਦਾ ਫੈਸਲਾ ਕੀਤਾ। ਆਪਣੇ 81ਵੇਂ ਜਨਮ ਦਿਨ 'ਤੇ ਉਨ੍ਹਾਂ ਨੇ ਉਸ ਸਮੇਂ ਕੰਪਨੀ 'ਚ ਕੰਮ ਕਰਦੇ 209 ਕਰਮਚਾਰੀਆਂ ਨੂੰ ਕੰਪਨੀ ਦੇ ਸ਼ੇਅਰਾਂ ਦਾ ਮਾਲਕ ਬਣਾਉਣਾ ਸ਼ੁਰੂ ਕੀਤਾ ਅਤੇ ਸੰਨ 2020 ਤੱਕ ਇਸ ਕੰਪਨੀ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਗਿਣਤੀ ਵਧ ਕੇ 700 ਹੋ ਗਈ ਸੀ। ਮੂਰ ਨੇ ਕਿਹਾ, ਮੈਂ ਉਸ ਅਣਲਿਖਤ ਪਰੰਪਰਾ ਨੂੰ ਤੋੜਨਾ ਚਾਹੁੰਦਾ ਸੀ ਜੋ ਮਾਲਕ ਆਪਣੇ ਕਰਮਚਾਰੀਆਂ ਤੋਂ ਵੱਧ ਤੋ ਵੱਧ ਆਪਣੇ ਫਾਇਦੇ ਲਈ ਸੋਚਦਾ ਹੈ। 70 ਸਾਲ ਪਹਿਲਾਂ ਮੈਂ ਸਿੱਖਿਆ ਸੀ ਕਿ ਸਫ਼ਲ ਹੋਣ ਲਈ ਸਖ਼ਤ ਮਿਹਨਤ ਅਤੇ ਦਿਆਲੂ ਸੁਭਾਅ ਬਹੁਤ ਹੀ ਜ਼ਰੂਰੀ ਹੈ। ਜਿਉਂ-ਜਿਉਂ ਮੇਰਾ ਕਾਰੋਬਾਰ ਵਧਦਾ ਗਿਆ, ਮੈਨੂੰ ਅਹਿਸਾਸ ਹੋਇਆ ਕਿ ਪ੍ਰਮਾਤਮਾ ਨੇ ਮੈਨੂੰ ਖੁੱਲ੍ਹੇ ਦਿਲ ਵਾਲੇ ਬਣਨ ਦਾ ਮੌਕਾ ਦਿੱਤਾ ਹੈ। ਬਾਈਬਲ ਕਹਿੰਦੀ ਹੈ ਕਿ ਤੁਹਾਨੂੰ ਦੂਸਰਿਆਂ ਨਾਲ ਉਸੇ ਤਰ੍ਹਾਂ ਪੇਸ਼ ਆਉਣਾ ਚਾਹੀਦਾ ਹੈ ਜਿਵੇਂ ਤੁਸੀਂ ਉਮੀਦ ਕਰਦੇ ਹੋ ਕਿ ਉਹ ਤੁਹਾਡੇ ਨਾਲ ਪੇਸ਼ ਆਉਣ। ਮੈਨੂੰ ਲਗਦਾ ਹੈ ਕਿ ਇਸ ਦੁਆਰਾ ਜੀਉਣ ਦਾ ਮੰਤਰ ਹੈ। ਬੌਬ ਮੂਰ ਨੇ ਕਿਹਾ ਕਿ ਬੌਬ ਦੀ ਰੈੱਡ ਮਿਲ ਕੰਪਨੀ ਇਕ ਸੁਪਨਾ ਸੀ ਅਤੇ ਇਹ ਸੱਚ ਹੋ ਗਿਆ ਹੈ। ਮੈਂ ਕੰਪਨੀ ਨਾਲ ਇੰਨਾ ਪਿਆਰ ਕਰਦਾ ਹਾਂ ਕਿ ਮੈਂ ਇਸਨੂੰ ਕਦੇ ਨਹੀਂ ਵੇਚਣ ਦਾ ਫੈਸਲਾ ਕੀਤਾ ਹੈ ਅਤੇ ਕੰਪਨੀ ਨੂੰ ਖਰੀਦਣ ਲਈ ਕਈ ਪੇਸ਼ਕਸ਼ਾਂ ਨੂੰ ਠੁਕਰਾ ਦਿੱਤਾ ਹੈ। ਕੰਪਨੀ ਖਰੀਦਣ ਆਏ ਬਹੁਤ ਸਾਰੇ ਲੋਕਾਂ ਨੇ ਸੋਚਿਆ ਕਿ ਮੈਂ ਪਾਗਲ ਹਾਂ।

ਮੂਰ ਆਪਣੇ ਆਖ਼ਰੀ ਸਾਹ ਤੱਕ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ 'ਤੇ ਰਹੇ। ਉਸ ਨੇ ਕਿਹਾ, ਮੈਂ ਸਫਲ ਰਿਹਾ ਹਾਂ ਅਤੇ ਮੈਂ ਗਲਤ ਤਰੀਕੇ ਨਾਲ ਪੈਸਾ ਬਰਬਾਦ ਨਹੀਂ ਕੀਤਾ ਹੈ। ਮੈਂ ਹਮੇਸ਼ਾ ਇੱਕ ਮਕਸਦ ਨਾਲ ਕੰਮ ਕਰਦਾ ਹਾਂ।

ਬੌਬ ਮੂਰ 49 ਸਾਲ ਦੇ ਸਨ ਜਦੋਂ ਉਸਨੇ ਕੰਪਨੀ ਦੀ ਸਥਾਪਨਾ ਕੀਤੀ ਸੀ। ਇਸ ਤੋਂ ਪਹਿਲਾਂ ਉਹ ਗੈਸ ਸਟੇਸ਼ਨ ਚਲਾ ਰਿਹਾ ਸੀ। 2018 ਤੱਕ, ਉਸਦੀ ਕੰਪਨੀ ਦੀ ਆਮਦਨ 100 ਮਿਲੀਅਨ ਡਾਲਰ ਤੋਂ ਵੱਧ ਹੋਣ ਦਾ ਅਨੁਮਾਨ ਸੀ। ਇਸ ਕੰਪਨੀ ਦੇ ਉਤਪਾਦ 70 ਤੋਂ ਵੱਧ ਦੇਸ਼ਾਂ ਦੇ ਵਿੱਚ ਵੇਚੇ ਜਾਂਦੇ ਹਨ। ਬੌਬ ਮੂਰ ਦੀ ਮੌਤ ਤੋਂ ਬਾਅਦ, ਕੰਪਨੀ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਹੈ ਅਤੇ ਕਿਹਾ ਹੈ, ਅਸੀਂ ਦੁਨੀਆ ਭਰ ਦੇ ਲੋਕਾਂ ਨੂੰ ਜੈਵਿਕ ਉਤਪਾਦ ਪ੍ਰਦਾਨ ਕਰਕੇ ਬੌਬ ਦੀ ਵਿਰਾਸਤ ਨੂੰ ਜਾਰੀ ਰੱਖਣ ਲਈ ਵਚਨਬੱਧ ਹਾਂ।

# ਅਮਰੀਕਾ ਵਿਚ ਪੁਲਿਸ ਅਫਸਰ ਦੀ ਗੰਨ ਖੋਹ ਕੇ ਚਲਾਈ ਗੋਲੀ

## *ਪੁਲਿਸ ਅਫਸਰ ਤੇ ਇਕ ਔਰਤ ਦੀ ਹੋਈ ਮੌਤ*

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਬੋਸਟਨ ਨੇੜੇ ਇਕ ਵਿਅਕਤੀ ਵੱਲੋਂ ਇਕ ਪੁਲਿਸ ਅਫਸਰ ਤੇ ਇਕ ਔਰਤ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪੁਲਿਸ ਅਨੁਸਾਰ ਵੇਮਾਊਥ ਦੇ ਪੁਲਿਸ ਅਫਸਰ ਮਾਈਕਲ ਚੇਸਨਾ (42) ਫੋਨ ਉਪਰ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜਾ ਤਾਂ ਇਕ ਵਿਅਕਤੀ ਇਕ ਘਰ ਦੀ ਭੰਨਤੋੜ ਕਰ ਰਿਹਾ ਸੀ। ਚੇਸਨਾ ਨੇ ਆਪਣੀ ਗੰਨ ਕੱਢ ਕੇ ਉਸ ਵਿਅਕਤੀ ਨੂੰ ਰੁਕ ਜਾਣ ਲਈ ਕਿਹਾ। ਨੋਰਫੋਲਕ ਕਾਊਂਟੀ ਅਸਿਸਟੈਂਟ ਡਿਸਟ੍ਰਿਕਟ ਅਟਰਾਨੀ ਗਰੇਗ ਕੋਨਰ ਅਨੁਸਾਰ ਈਮੈਨੂਏਲ ਲੋਪਸ ਨਾਮੀ ਵਿਅਕਤੀ ਨੇ ਰੁਕਣ ਦੀ ਬਜਾਏ ਇਕ ਪੱਥਰ ਚੇਸਨਾ ਦੇ ਮਾਰਿਆ ਜੋ ਉਸ ਦੇ ਸਿਰ ਵਿਚ ਵੱਜਾ । ਬਾਅਦ ਵਿਚ ਸ਼ੱਕੀ ਲੋਪਸ ਨੇ ਚੇਸਨਾ ਦੀ ਗੰਨ ਲੈ ਕੇ ਪੁਲਿਸ ਅਫਸਰ ਦੇ ਸਿਰ ਤੇ ਛਾਤੀ ਵਿਚ ਕਈ ਗੋਲੀਆਂ ਮਾਰੀਆਂ ਜਿਸ ਕਾਰਨ ਉਸ ਦੀ ਮੌਤ ਹੋ ਗਈ। ਸ਼ੱਕੀ ਲੋਪਸ ਵੱਲੋਂ ਚਲਾਈਆਂ ਗੋਲੀਆਂ ਨਾਲ ਘਰ ਵਿਚ ਮੌਜੂਦ ਇਕ ਹੋਰ ਔਰਤ ਵੀ ਮਾਰੀ ਗਈ। ਕੋਨਰ ਨੇ ਕਿਹਾ ਕਿ ਮੌਕੇ 'ਤੇ ਪੁੱਜੇ ਹੋਰ ਪੁਲਿਸ ਅਫਸਰਾਂ ਵੱਲੋਂ ਚਲਾਈ ਗੋਲੀ ਨਾਲ ਸ਼ੱਕੀ ਲੋਪਸ ਵੀ ਜਖਮੀ ਹੋ ਗਿਆ ਜਿਸ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਕੇ ਹਸਪਤਾਲ ਦਾਖਲ ਕਰਵਾਇਆ ਹੈ। ਕੋਨਰ ਨੇ ਕਿਹਾ ਕਿ ਸ਼ੱਕੀ ਦੀ ਲੱਤ ਵਿਚ ਗੋਲੀ ਵੱਜੀ ਹੈ ਤੇ ਉਸ ਦੀ ਹਾਲਤ ਸਥਿਰ ਹੈ। ਵੇਮਾਊਥ ਦੇ ਪੁਲਿਸ ਮੁਖੀ ਰਿਚਰਡ ਗ੍ਰਿਮਜ ਨੇ ਦਸਿਆ ਕਿ ਚੇਸਨਾ ਦੇ 4 ਤੇ 9 ਸਾਲ ਦੇ ਦੋ ਬੱਚੇ ਹਨ। ਪੁਲਿਸ ਵਿਚ ਭਰਤੀ ਹੋਣ ਤੋਂ ਪਹਿਲਾਂ ਉਹ ਫੌਜ ਵਿਚ ਨੌਕਰੀ ਕਰਦਾ ਸੀ।



# ਅਸ਼ਵਿਨ ਰਾਮਾਸਵਾਮੀ ਜਾਰਜੀਆ ਸੈਨੇਟ ਸੀਟ ਲਈ ਚੋਣ ਲੜਨ ਵਾਲੇ Gen Z ਦੇ ਪਹਿਲੇ ਭਾਰਤੀ-ਅਮਰੀਕੀ

ਵਾਸ਼ਿੰਗਟਨ : ਅਸ਼ਵਿਨ ਰਾਮਾਸਵਾਮੀ ਅਮਰੀਕਾ ਵਿਚ ਕਿਸੇ ਰਾਜ ਜਾਂ ਸੰਘੀ ਵਿਧਾਨ ਸਭਾ ਲਈ ਚੋਣ ਲੜਨ ਵਾਲੇ 'ਜਨਰੇਸ਼ਨ ਜ਼ੈਡ' ਤੋਂ ਪਹਿਲੇ ਭਾਰਤੀ-ਅਮਰੀਕੀ ਬਣ ਗਏ ਹਨ। ਇਹ ਸਮਾਜ ਵਿੱਚੋਂ ਉੱਭਰ ਰਹੀ ਨੌਜਵਾਨ ਸਿਆਸਤਦਾਨਾਂ ਦੀ ਨਵੀਂ ਪੀੜ੍ਹੀ ਦਾ ਸੰਕੇਤ ਹੈ। ਰਾਮਾਸਵਾਮੀ ਦੇ ਮਾਤਾ-ਪਿਤਾ 1990 'ਚ ਤਾਮਿਲਨਾਡੂ ਤੋਂ ਅਮਰੀਕਾ ਆਏ ਸਨ। ਜਨਰੇਸ਼ਨ Z (ਜਿਸ ਨੂੰ ਜ਼ੂਮਰਜ਼ ਵਜੋਂ ਵੀ ਜਾਣਿਆ ਜਾਂਦਾ ਹੈ) ਵਿੱਚ 1997 ਅਤੇ 2012 ਦੇ ਵਿਚਕਾਰ ਪੈਦਾ ਹੋਏ ਲੋਕ ਸ਼ਾਮਲ ਹੁੰਦੇ ਹਨ। ਰਾਮਾਸਵਾਮੀ (24) ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਵਿੱਚ ਦੱਸਿਆ, "ਉਹ (ਜਾਰਜੀਆ) ਸਟੇਟ ਸੈਨੇਟ ਲਈ ਆਪਣੇ ਭਾਈਚਾਰੇ ਦਾ ਧੰਨਵਾਦ ਕਰਨ ਅਤੇ ਇਸਦੀ ਸੇਵਾ ਕਰਨ ਲਈ ਚੋਣ ਲੜ ਰਿਹਾ ਹੈ। ਉਸ ਨੇ ਕਿਹਾ, 'ਉਹ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਹਰ ਕਿਸੇ ਨੂੰ ਉਹੀ ਮੌਕੇ ਮਿਲਣ ਜੋ ਉਸਨੂੰ ਵੱਡੇ ਹੋਣ 'ਤੇ ਮਿਲੇ ਸਨ।' ਉਸਨੇ ਕਿਹਾ, 'ਉਹ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਸਾਡੇ ਕੋਲ ਇੱਕ ਨਵੀਂ ਆਵਾਜ਼ ਹੋਵੇ, ਉਹ ਲੋਕ ਜੋ ਨੌਜਵਾਨ ਹਨ, ਜੋ ਰਾਜਨੀਤੀ ਵਿੱਚ ਗੈਰ-ਰਵਾਇਤੀ ਪਿਛੋਕੜ ਤੋਂ ਆਉਂਦੇ ਹਨ ਕਿਉਂਕਿ ਇਹ ਅਸਲ ਵਿੱਚ ਮਹੱਤਵਪੂਰਨ ਹੈ ਕਿ ਸਾਡੇ ਕੋਲ ਉਹ ਲੋਕ ਹੋਣ ਜੋ ਸਾਡੀ ਪ੍ਰਤੀਨਿਧਤਾ ਕਰਦੇ ਹਨ, ਨਾ ਕਿ ਸਿਰਫ ਉਹ ਲੋਕ ਹਨ ਜੋ ਇਹ ਕਰਨ ਦੇ ਸਮਰੱਥ ਹਨ।' ਰਾਮਾਸਵਾਮੀ ਦੂਜੀ ਪੀੜ੍ਹੀ ਦੇ ਭਾਰਤੀ-ਅਮਰੀਕੀ ਹਨ ਅਤੇ ਉਨ੍ਹਾਂ ਨੇ ਸਾਫਟਵੇਅਰ ਇੰਜੀਨੀਅਰਿੰਗ, ਚੋਣ ਸੁਰੱਖਿਆ ਅਤੇ ਤਕਨਾਲੋਜੀ ਕਾਨੂੰਨ ਅਤੇ ਨੀਤੀ ਖੋਜ ਵਿੱਚ ਆਪਣਾ ਕਰੀਅਰ ਬਣਾਇਆ ਹੈ। ਉਹ ਡੈਮੋਕ੍ਰੇਟਿਕ ਪਾਰਟੀ ਵੱਲੋਂ ਜਾਰਜੀਆ ਦੇ ਜ਼ਿਲ੍ਹਾ 48 ਤੋਂ ਸਟੇਟ ਸੈਨੇਟ ਲਈ ਚੋਣ ਲੜ ਰਿਹਾ ਹੈ। ਰਾਮਾਸਵਾਮੀ ਇੱਕ ਡੈਮੋਕਰੇਟ ਹਨ ਅਤੇ ਬਾਹਰ ਜਾਣ ਵਾਲੇ ਰਿਪਬਲਿਕਨ ਸੀਨ ਸਟਿਲ ਦੀ ਥਾਂ ਲੈਣ ਦੀ ਉਮੀਦ ਕਰ ਰਹੇ ਹਨ, ਜਿਸ 'ਤੇ 6 ਜਨਵਰੀ ਨੂੰ ਯੂ.ਐਸ ਕੈਪੀਟਲ ਵਿੱਚ ਗੜਬੜ ਲਈ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਲ ਦੋਸ਼ ਲਗਾਇਆ ਗਿਆ ਸੀ। ਜੇਕਰ ਰਾਮਾਸਵਾਮੀ ਚੋਣ ਜਿੱਤ ਜਾਂਦੇ ਹਨ, ਤਾਂ ਉਹ ਜਾਰਜੀਆ ਦੇ ਪਹਿਲੇ ਜਨਰੇਸ਼ਨ ਜ਼ੈਡ ਰਾਜ ਸੈਨੇਟਰ ਹੋਣਗੇ ਅਤੇ ਕੰਪਿਊਟਰ ਵਿਗਿਆਨ ਅਤੇ ਕਾਨੂੰਨ ਦੀਆਂ ਡਿਗਰੀਆਂ ਰੱਖਣ ਵਾਲੇ ਇੱਥੇ ਪਹਿਲੇ ਸੈਨੇਟਰ ਹੋਣਗੇ। ਇੱਕ ਸਵਾਲ ਦੇ ਜਵਾਬ ਵਿੱਚ ਰਾਮਾਸਵਾਮੀ ਨੇ ਕਿਹਾ, "ਹਰੇਕ ਵਿਅਕਤੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਮਿਆਰੀ ਸਿੱਖਿਆ ਪ੍ਰਾਪਤ ਕਰੇ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਲੋਕਾਂ ਦੀ ਨੌਕਰੀਆਂ ਅਤੇ ਆਰਥਿਕਤਾ, ਉੱਦਮਤਾ ਦੇ ਨਾਲ-ਨਾਲ ਸਿਹਤ ਸੰਭਾਲ, ਪ੍ਰਜਨਨ ਅਧਿਕਾਰਾਂ ਅਤੇ ਸਾਡੇ ਲਈ ਮਹੱਤਵਪੂਰਨ ਸਾਰੇ ਮੁੱਦਿਆਂ ਤੱਕ ਪਹੁੰਚ ਹੋਵੇ। ਇਸ ਲਈ ਮੈਂ ਚੋਣ ਲੜ ਰਿਹਾ ਹਾਂ।" ਉਸ ਦੇ ਮਾਤਾ-ਪਿਤਾ ਵੀ ਸੂਚਨਾ ਤਕਨਾਲੋਜੀ (ਆਈ.ਟੀ.) ਖੇਤਰ ਨਾਲ ਜੁੜੇ ਹੋਏ ਹਨ। ਉਸ ਨੇ ਕਿਹਾ, 'ਮੇਰੇ ਮਾਤਾ-ਪਿਤਾ ਦੋਵੇਂ 1990 ਦੇ ਦਹਾਕੇ ਵਿੱਚ ਅਮਰੀਕਾ ਆਏ ਸਨ÷। ਇਹ ਦੋਵੇਂ ਤਾਮਿਲਨਾਡੂ ਦੇ ਰਹਿਣ ਵਾਲੇ ਹਨ। ਮੇਰੀ ਮਾਂ ਚੇਨਈ ਤੋਂ ਹੈ, ਮੇਰੇ ਪਿਤਾ ਕੋਇੰਬਟੂਰ ਤੋਂ ਹਨ। ਮੈਂ ਭਾਰਤੀ ਅਤੇ ਅਮਰੀਕੀ ਸੱਭਿਆਚਾਰ ਦੇ ਵਿਚਕਾਰ ਵੱਡਾ ਹੋਇਆ ਹਾਂ। ਮੈਂ ਹਿੰਦੂ ਹਾਂ। ਮੈਨੂੰ ਆਪਣੇ ਜੀਵਨ ਵਿਚ ਭਾਰਤੀ ਸੰਸਕ੍ਰਿਤੀ, ਦਰਸ਼ਨ ਵਿੱਚ ਬਹੁਤ ਦਿਲਚਸਪੀ ਰਹੀ ਹੈ। ਉਸਨੇ ਦੱਸਿਆ ਕਿ ਉਹ ਚਿਨਮਯਾ ਮਿਸ਼ਨ ਕਿੰਡਰਗਾਰਟਨ ਗਿਆ ਜਿੱਥੇ ਉਸਨੇ ਰਾਮਾਇਣ, ਮਹਾਭਾਰਤ ਅਤੇ ਭਗਵਦ ਗੀਤਾ ਵਰਗੇ ਮਹਾਂਕਾਵਿ ਪੜ੍ਹੇ।



# ਅਮਰੀਕਾ ਵਿਚ ਫੁੱਟਬਾਲ ਚੈਂਪੀਅਨਸ਼ਿਪ ਜੇਤੂ ਪਰੇਡ ਦੌਰਾਨ ਹੋਈ ਗੋਲੀਬਾਰੀ ਦੇ ਮਾਮਲੇ ਵਿਚ 2 ਨਬਾਲਗਾਂ ਵਿਰੁੱਧ ਦੋਸ਼ ਆਇਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਬੀਤੇ ਦਿਨ ਅਮਰੀਕਾ ਵਿਚ ਕੰਸਾਸ ਸਿਟੀ ਚੀਫਸ ਦੀ ਸੁਪਰ ਬਾਊਲ (ਫੁੱਟਬਾਲ ਚੈਂਪੀਅਨਸ਼ਿਪ) ਜਿੱਤ ਉਪਰੰਤ ਕੱਢੀ ਪਰੇਡ ਦੌਰਾਨ ਹੋਈ ਗੋਲੀਬਾਰੀ ਦੇ ਮਾਮਲੇ ਵਿਚ 2 ਨਬਾਲਗਾਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਇਸ ਗੋਲੀਬਾਰੀ ਵਿਚ ਇਕ ਔਰਤ ਦੀ ਮੌਤ ਹੋ ਗਈ ਸੀ ਤੇ 11 ਬੱਚਿਆਂ ਸਮੇਤ 25 ਤੋਂ ਵਧ ਲੋਕ ਜਖਮੀ ਹੋ ਗਏ ਸਨ। ਜੁਵੇਨਾਈਲ ਦਫਤਰ ਅਨੁਸਾਰ ਫਿਲਹਾਲ ਨਬਾਲਗਾਂ ਵਿਰੁੱਧ ਹੱਥਿਆਰਾਂ ਤੇ ਗ੍ਰਿਫਤਾਰੀ ਸਮੇ ਵਿਰੋਧ ਕਰਨ ਸਬੰਧੀ ਦੋਸ਼ ਆਇਦ ਕੀਤੇ ਗਏ ਹਨ ਤੇ ਕੰਸਾਸ ਸਿਟੀ ਪੁਲਿਸ ਵਿਭਾਗ ਵੱਲੋਂ ਕੀਤੀ ਜਾ ਰਹੀ ਜਾਂਚ ਉਪਰੰਤ ਹੋਰ ਦੋਸ਼ ਲਾਏ ਜਾਣ ਦੀ ਸੰਭਾਵਨਾ ਹੈ। ਨਬਾਲਗਾਂ ਨੂੰ ਜੁਵੇਨਾਈਲ ਡੀਟੈਨਸ਼ਨ ਸੈਂਟਰ ਵਿਚ ਰਖਿਆ ਗਿਆ ਹੈ। ਜਖਮੀਆਂ ਵਿਚੋਂ 19 ਜਣਿਆਂ ਦੇ ਗੋਲੀਆਂ ਵੱਜਣ ਦੀ ਪੁਸ਼ਟੀ ਹੋਈ ਹੈ ਜਦ ਕਿ ਕੁਝ ਲੋਕ ਗੋਲੀਬਾਰੀ ਸਮੇ ਮਚੀ ਭਗਦੜ ਕਾਰਨ ਜਖਮੀ ਹੋਏ ਹਨ।

# ਹੂਤੀ ਨੇ ਲਾਲ ਸਾਗਰ ਚ ਡੈਨਿਸ਼ ਜਹਾਜ਼ ਨੂੰ ਨਿਸ਼ਾਨਾ ਬਣਾ ਕੇ ਦਾਗੀਆਂ ਤਿੰਨ ਮਿਜ਼ਾਈਲਾਂ

ਵਾਸ਼ਿੰਗਟਨ : ਯਮਨ ਵਿਚ ਅੰਸਾਰ ਅੱਲ੍ਹਾ ਲਹਿਰ (ਹੂਤੀ) ਦੇ ਕੰਟਰੋਲ ਵਾਲੇ ਇਲਾਕਿਆਂ ਤੋਂ ਚਾਰ ਐਂਟੀ-ਸ਼ਿਪ ਮਿਜ਼ਾਈਲਾਂ ਦਾਗੀਆਂ ਗਈਆਂ। ਇਨ੍ਹਾਂ ਵਿੱਚੋਂ ਤਿੰਨ ਦੀ ਵਰਤੋਂ ਲਾਲ ਸਾਗਰ ਵਿੱਚ ਡੈਨਿਸ਼ ਵਪਾਰੀ ਜਹਾਜ਼ ਐਮਟੀ ਪੋਲਕਸ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਗਈ। ਇਹ ਜਾਣਕਾਰੀ ਐਤਵਾਰ ਨੂੰ ਅਮਰੀਕੀ ਕੇਂਦਰੀ ਕਮਾਂਡ (CENTCOM) ਨੇ ਦਿੱਤੀ। ਸੇਂਟਕਾਮ ਨੇ ਕਿਹਾ ਕਿ ਯਮਨ ਦੇ ਈਰਾਨ ਸਮਰਥਿਤ ਹੂਤੀ-ਨਿਯੰਤਰਿਤ ਖੇਤਰਾਂ ਤੋਂ ਲਾਲ ਸਾਗਰ ਵਿੱਚ ਚਾਰ ਐਂਟੀ-ਸ਼ਿਪ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਗਈਆਂ ਸਨ। ਖੇਤਰ ਵਿੱਚ ਐਮਟੀ ਪੋਲਕਸ ਜਾਂ ਕਿਸੇ ਹੋਰ ਜਹਾਜ਼ ਨੂੰ ਨੁਕਸਾਨ ਜਾਂ ਕਿਸੇ ਵੀ ਸੱਟ ਦੀ ਕੋਈ ਰਿਪੋਰਟ ਨਹੀਂ ਸੀ। ਇਸ ਦੇ ਨਾਲ ਹੀ ਯੂ.ਐਸ ਫੌਜ ਨੇ ਸ਼ੁੱਕਰਵਾਰ ਨੂੰ ਯਮਨ ਦੇ ਪਾਣੀਆਂ ਵਿੱਚ ਇੱਕ ਐਂਟੀ-ਸ਼ਿਪ ਕਰੂਜ਼ ਮਿਜ਼ਾਈਲ ਅਤੇ ਇੱਕ ਮੋਬਾਈਲ ਮਨੁੱਖ ਰਹਿਤ ਸਰਫੇਸ ਸ਼ਿਪ (ਯੂ.ਐ.ਸਵੀ) ਵਿਰੁੱਧ ਹਮਲੇ ਕੀਤੇ। ਬਿਆਨ ਵਿੱਚ ਕਿਹਾ ਗਿਆ ਹੈ, 'ਸੈਂਟਕਾਮ ਨੇ ਯਮਨ ਦੇ ਹੂਤੀ-ਨਿਯੰਤਰਿਤ ਖੇਤਰਾਂ ਵਿੱਚ ਮੋਬਾਈਲ ਮਿਜ਼ਾਈਲਾਂ ਅਤੇ ਯੂ.ਐਸ.ਵੀ ਦੀ ਪਛਾਣ ਕੀਤੀ ਹੈ ਅਤੇ ਇਹ ਨਿਸ਼ਚਤ ਕੀਤਾ ਹੈ ਕਿ ਇਸ ਖੇਤਰ ਵਿੱਚ ਅਮਰੀਕੀ ਜਲ ਸੈਨਾ ਦੇ ਜਹਾਜ਼ਾਂ ਅਤੇ ਵਪਾਰਕ ਜਹਾਜ਼ਾਂ ਲਈ ਇੱਕ ਨਜ਼ਦੀਕੀ ਖ਼ਤਰਾ ਹੈ।' ਅੰਸਾਰ ਅੱਲ੍ਹਾ ਅੰਦੋਲਨ ਯਮਨ ਦੇ ਲਾਲ ਸਾਗਰ ਤੱਟ ਦੇ ਬਹੁਤ ਸਾਰੇ ਹਿੱਸੇ ਨੂੰ ਕੰਟਰੋਲ ਕਰਦਾ ਹੈ ਅਤੇ ਪਹਿਲਾਂ ਇਜ਼ਰਾਈਲ ਨਾਲ ਜੁੜੇ ਜਹਾਜ਼ਾਂ 'ਤੇ ਹਮਲਾ ਕਰਨ ਦੀ ਚਿਤਾਵਨੀ ਦੇ ਚੁੱਕਾ ਹੈ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਧੋਖਾਧੜੀ ਦੇ ਮਾਮਲੇ 'ਚ ਟਰੰਪ ਖ਼ਿਲਾਫ਼ ਕਾਰਵਾਈ, ਲੱਗਾ 35.5 ਕਰੋੜ ਡਾਲਰ ਦਾ ਜੁਰਮਾਨਾ



ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਕਾਰੋਬਾਰੀ ਸੰਗਠਨਾਂ 'ਤੇ ਧੋਖਾਧੜੀ ਦੇ ਮਾਮਲੇ 'ਚ 35.5 ਕਰੋੜ ਡਾਲਰ ਦਾ ਜੁਰਮਾਨਾ ਲਗਾਇਆ ਗਿਆ ਹੈ। ਇਹ ਜੁਰਮਾਨਾ ਨਿਊਯਾਰਕ ਰਾਜ ਦੇ ਅਟਾਰਨੀ ਜਨਰਲ ਲੈਟੀਆ ਜੇਮਸ ਵੱਲੋਂ ਦਰਜ ਕਰਾਏ ਗਏ ਕਾਰੋਬਾਰੀ ਧੋਖਾਧੜੀ ਦੇ ਮਾਮਲੇ ਵਿੱਚ ਸ਼ੁੱਕਰਵਾਰ ਨੂੰ ਨਿਊਯਾਰਕ ਦੀ ਅਦਾਲਤ ਨੇ ਲਗਾਇਆ। ਅਦਾਲਤ ਨੇ ਟਰੰਪ ਅਤੇ ਉਨ੍ਹਾਂ ਦੇ ਕਾਰੋਬਾਰੀ ਸੰਗਠਨਾਂ ਨੂੰ 35.5 ਕਰੋੜ ਡਾਲਰ ਦਾ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ। ਨਿਊਯਾਰਕ ਕਾਊਂਟੀ ਸੁਪਰੀਮ ਕੋਰਟ ਦੇ ਜਸਟਿਸ ਆਰਥਰ ਐੱਫ. ਐਂਗੋਰੋਨ ਨੇ ਇੱਕ ਹੁਕਮ ਵਿੱਚ ਕਿਹਾ ਕਿ ਟਰੰਪ ਅਤੇ ਉਨ੍ਹਾਂ ਦੇ ਕੰਟਰੋਲ ਵਾਲੀਆਂ ਸੰਸਥਾਵਾਂ ਨੇ ਅਕਾਊਂਟੈਂਟ ਨੂੰ ਗ਼ਲਤ ਵਿੱਤੀ ਡਾਟਾ ਪੇਸ਼ ਕੀਤਾ, ਜਿਸ ਨਾਲ ਧੋਖਾਧੜੀ ਵਾਲੇ ਵਿੱਤੀ ਵੇਰਵੇ ਸਾਹਮਣੇ ਆਏ।

ਅਦਾਲਤ ਨੇ ਟਰੰਪ, ਮਿਸਟਰ ਐਲਨ ਵੇਸਲਬਰਗ (ਟਰੰਪ ਆਰਗੇਨਾਈਜ਼ੇਸ਼ਨ ਦੇ ਸਾਬਕਾ ਮੁੱਖ ਵਿੱਤੀ ਅਧਿਕਾਰੀ) ਅਤੇ ਜੈਫਰੀ ਮੈਕਕੌਂਕੀ (ਟਰੰਪ ਆਰਗੇਨਾਈਜ਼ੇਸ਼ਨ ਦੇ ਸਾਬਕਾ ਕੰਟਰੋਲਰ) ਨੂੰ ਕਿਸੇ ਵੀ ਨਿਊਯਾਰਕ ਕਾਰਪੋਰੇਸ਼ਨ ਜਾਂ ਹੋਰ ਕਾਨੂੰਨੀ ਸੰਸਥਾ ਦੇ ਅਧਿਕਾਰੀ ਜਾਂ ਨਿਰਦੇਸ਼ਕ ਵਜੋਂ ਸੇਵਾ ਕਰਨ ਤੋਂ 3 ਸਾਲਾਂ ਲਈ ਪਾਬੰਦੀ ਲਗਾ ਦਿੱਤੀ ਹੈ। ਅਦਾਲਤ ਨੇ ਵੀਸਲਬਰਗ ਅਤੇ ਮੈਕਕੌਂਕੀ ਨੂੰ ਰਾਜ ਵਿੱਚ ਕਿਸੇ ਵੀ ਨਿਊਯਾਰਕ ਕਾਰਪੋਰੇਸ਼ਨ ਜਾਂ ਇਸੇ ਸਮਾਨ ਕਾਰੋਬਾਰੀ ਸੰਸਥਾ ਦੇ ਵਿੱਤੀ ਨਿਗਰਾਨੀ ਕਾਰਜ ਵਿੱਚ ਸੇਵਾ ਕਰਨ ਤੋਂ ਸਥਾਈ ਤੌਰ 'ਤੇ ਰੋਕ ਦਿੱਤਾ। ਇਸ ਤੋਂ ਇਲਾਵਾ, ਵੇਸਲਬਰਗ ਦੇ ਨਾਲ-ਨਾਲ ਟਰੰਪ ਦੇ ਪੁੱਤਰਾਂ ਡੋਨਾਲਡ ਟਰੰਪ ਜੂਨੀਅਰ ਅਤੇ ਐਰਿਕ ਟਰੰਪ ਨੂੰ ਕ੍ਰਮਵਾਰ 10 ਲੱਖ ਡਾਲਰ ਅਤੇ 40.1 ਲੱਖ ਡਾਲਰ ਦਾ ਜੁਰਮਾਨਾ ਲਗਾਇਆ ਹੈ। ਐਰਿਕ ਟਰੰਪ ਅਤੇ ਡੋਨਾਲਡ ਟਰੰਪ ਜੂਨੀਅਰ ਨੇ ਫੈਸਲੇ ਦੀ ਆਲੋਚਨਾ ਕੀਤੀ ਹੈ, ਅਤੇ ਟਰੰਪ ਦੇ ਵਕੀਲ ਕ੍ਰਿਸ ਕਿਸ ਨੇ ਵੀ ਅਪੀਲ ਕਰਨ ਦੀ ਯੋਜਨਾ ਦਾ ਸੰਕੇਤ ਦਿੱਤਾ ਹੈ। ਕੇਸ ਦੀ ਸੁਣਵਾਈ 02 ਅਕਤੂਬਰ 2023 ਨੂੰ ਸ਼ੁਰੂ ਹੋਈ ਸੀ ਅਤੇ 11 ਜਨਵਰੀ 2024 ਨੂੰ ਸਮਾਪਤ ਹੋਈ ਸੀ। ਟਰੰਪ ਇਸ ਮਾਮਲੇ ਵਿੱਚ ਕਈ ਵਾਰ ਅਦਾਲਤ ਵਿੱਚ ਪੇਸ਼ ਹੋਏ ਸਨ।

# ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਚੜ੍ਹਤ



ਵਾਸ਼ਿੰਗਟਨ : ਫਿਰ ਅਮਰੀਕਾ ਤਾਂ ਪੂਰੀ ਤਰ੍ਹਾਂ ਨਿਰਪੱਖ ਹੋਣ ਦਾ ਦਾਅਵਾ ਕਰਦਾ ਹੈ। ਪ੍ਰਸ਼ਾਸਨਿਕ ਅਧਿਕਾਰੀ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਰਾਸ਼ਟਰਪਤੀ ਇਸ ਮਾਮਲੇ 'ਚ ਬੇਹੱਦ ਸਖ਼ਤੀ ਨਾਲ ਕਈ ਕਦਮ ਚੁੱਕ ਰਹੇ ਹਨ ਅਤੇ ਅਜਿਹੀਆਂ ਹਿੰਸਕ ਵਾਰਦਾਤਾਂ ਲਈ ਜ਼ਿੰਮੇਵਾਰ ਮੁਲਜ਼ਮਾਂ ਖ਼ਿਲਾਫ਼ ਕਾਨੂੰਨੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਅਮਰੀਕਾ 'ਚ ਗ੍ਰੈਜੂਏਸ਼ਨ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਅਮਰੀਕਨ ਤੇ ਚੀਨੀ ਵਿਦਿਆਰਥੀਆਂ ਨਾਲੋਂ ਵੱਧ ਹੋਣਾ ਆਪਣੇ-ਆਪ 'ਚ ਵੱਡੀ ਪ੍ਰਾਪਤੀ ਹੈ। ਇਹ ਤੱਥ ਉਸ ਦੇਸ਼ ਦੇ 'ਗ੍ਰੈਜੂਏਟ ਰਿਕਾਰਡ ਐਗਜ਼ਾਮੀਨੇਸ਼ਨ' (ਜੀਆਰਈ) ਅੰਕੜਿਆਂ ਤੋਂ ਸਾਹਮਣੇ ਆਇਆ ਹੈ। ਦਰਅਸਲ, ਜੀਆਰਈ ਇਕ ਅਜਿਹੀ ਮਿਆਰੀ ਪ੍ਰੀਖਿਆ ਹੁੰਦੀ ਹੈ ਜੋ ਅਮਰੀਕਾ ਤੇ ਕੁਝ ਹੋਰਨਾਂ ਦੇਸ਼ਾਂ ਦੇ ਕਾਲਜਾਂ 'ਚ ਦਾਖ਼ਲਾ ਲੈਣ ਦੇ ਚਾਹਵਾਨਾਂ ਨੂੰ ਦੇਣੀ ਪੈਂਦੀ ਹੈ। ਇਸ ਵਿਚ ਉਮੀਦਵਾਰਾਂ ਜਾਂ ਵਿਦਿਆਰਥੀਆਂ ਦੀ ਆਲੋਚਨਾਤਮਕ ਸੋਚਣੀ, ਵਿਸ਼ਲੇਸ਼ਣਾਤਮਕ ਲੇਖਣੀ, ਜ਼ੁਬਾਨੀ ਤਰਕ ਦੇ ਹੁਨਰਾਂ ਤੇ ਉਨ੍ਹਾਂ ਦੀ ਗਿਣਤੀ-ਮਿਣਤੀ ਦੀ ਸਮਰੱਥਾ ਨੂੰ ਪਰਖਿਆ ਜਾਂਦਾ ਹੈ। ਇਹ ਪ੍ਰੀਖਿਆ 1936 ਤੋਂ ਲਈ ਜਾ ਰਹੀ ਹੈ ਅਤੇ ਇਸ ਦੇ ਨਤੀਜਿਆਂ ਦੇ ਆਧਾਰ 'ਤੇ ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਦੇ ਕਿਸੇ ਵੀ ਕਾਲਜ 'ਚ ਅਗਲੇ ਪੰਜ ਸਾਲਾਂ ਤੱਕ ਦਾਖ਼ਲਾ ਲਿਆ ਜਾ ਸਕਦਾ ਹੈ। ਇਹ ਟੈਸਟ ਦੇਣ ਵਾਲੇ ਜ਼ਿਆਦਾਤਰ ਵਿਦਿਆਰਥੀ ਅਮਰੀਕਾ, ਕੈਨੇਡਾ ਤੇ ਪੱਛਮੀ ਯੂਰਪ ਦੇ ਦੇਸ਼ਾਂ 'ਚ ਜਾ ਕੇ ਉਚੇਰੀ ਸਿੱਖਿਆ ਹਾਸਲ ਕਰਨੀ ਪਸੰਦ ਕਰਦੇ ਹਨ।

ਅਕਾਦਮਿਕ ਵਰ੍ਹੇ 2022-23 ਲਈ ਇਹ ਪ੍ਰੀਖਿਆ ਦੇਣ ਵਾਲਿਆਂ 'ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 1,13,304, ਅਮਰੀਕੀ ਵਿਦਿਆਰਥੀਆਂ ਦੀ 97,676 ਅਤੇ ਚੀਨੀ ਵਿਦਿਆਰਥੀਆਂ ਦੀ ਗਿਣਤੀ 57,769 ਸੀ। ਇਹ ਅੰਕੜੇ ਭਾਰਤੀਆਂ ਲਈ ਬੇਹੱਦ ਉਤਸ਼ਾਹਜਨਕ ਹਨ। ਸਾਲ 2019-20 ਦੇ ਮੁਕਾਬਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਇਹ 62 ਫ਼ੀਸਦੀ ਵਾਧਾ ਹੈ। ਉਦੋਂ ਇਹ ਗਿਣਤੀ 69,835 ਸੀ। ਇਸ ਵਧਦੀ ਗਿਣਤੀ ਤੋਂ ਅਮਰੀਕੀ ਪ੍ਰਸ਼ਾਸਨ ਡਾਢਾ ਖ਼ੁਸ਼ ਹੈ।

ਇਸ ਦੌਰਾਨ ਅਮਰੀਕਾ ਤੋਂ ਹੀ ਇਕ ਦੁਖਦਾਈ ਖ਼ਬਰ ਵੀ ਹੈ ਕਿ ਪਿਛਲੇ ਕੁਝ ਹਫ਼ਤਿਆਂ ਦੌਰਾਨ ਕਈ ਭਾਰਤੀ ਵਿਦਿਆਰਥੀਆਂ 'ਤੇ ਹਮਲੇ ਹੋਏ ਹਨ ਜਿਨ੍ਹਾਂ 'ਚ ਚਾਰ ਜਣਿਆਂ ਦੀ ਮੌਤ ਹੋਈ ਹੈ। ਅਮਰੀਕੀ ਪ੍ਰਸ਼ਾਸਨ ਨੇ ਇਸ ਮਾਮਲੇ 'ਚ ਸਪਸ਼ਟੀਕਰਨ ਦਿੱਤਾ ਹੈ ਕਿ ਰਾਸ਼ਟਰਪਤੀ ਜੋਅ ਬਾਇਡਨ ਭਾਰਤੀ ਵਿਦਿਆਰਥੀਆਂ ਤੇ ਹੋਰ ਭਾਰਤੀਆਂ 'ਤੇ ਹੋਣ ਵਾਲੇ ਹਮਲਿਆਂ ਪ੍ਰਤੀ ਚਿੰਤਤ ਹਨ ਅਤੇ ਅਜਿਹੀਆਂ ਵਾਰਦਾਤਾਂ ਨੂੰ ਰੋਕਣ ਲਈ ਤਤਪਰ ਹਨ। ਸੱਚਮੁੱਚ ਹਿੰਸਕ ਵਾਰਦਾਤਾਂ ਲਈ ਰੰਗ, ਨਸਲ ਤੇ ਲਿੰਗ ਜਿਹਾ ਕਦੇ ਕੋਈ ਬਹਾਨਾ ਨਹੀਂ ਚੱਲ ਸਕਦਾ।

ਫਿਰ ਅਮਰੀਕਾ ਤਾਂ ਪੂਰੀ ਤਰ੍ਹਾਂ ਨਿਰਪੱਖ ਹੋਣ ਦਾ ਦਾਅਵਾ ਕਰਦਾ ਹੈ। ਪ੍ਰਸ਼ਾਸਨਿਕ ਅਧਿਕਾਰੀ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਰਾਸ਼ਟਰਪਤੀ ਇਸ ਮਾਮਲੇ 'ਚ ਬੇਹੱਦ ਸਖ਼ਤੀ ਨਾਲ ਕਈ ਕਦਮ ਚੁੱਕ ਰਹੇ ਹਨ ਅਤੇ ਅਜਿਹੀਆਂ ਹਿੰਸਕ ਵਾਰਦਾਤਾਂ ਲਈ ਜ਼ਿੰਮੇਵਾਰ ਮੁਲਜ਼ਮਾਂ ਖ਼ਿਲਾਫ਼ ਕਾਨੂੰਨੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਅਜਿਹੀ ਹਿੰਸਾ ਕਾਰਨ ਅਮਰੀਕਾ 'ਚ ਵਸਦੇ ਸਮੂਹ ਭਾਰਤੀ ਬੇਹੱਦ ਫ਼ਿਕਰਮੰਦ ਹਨ। ਇਸ ਲਈ ਸਥਾਨਕ ਪੁਲਿਸ ਅਧਿਕਾਰੀਆਂ ਨੂੰ ਵੀ ਚੌਕਸ ਕੀਤਾ ਗਿਆ ਹੈ। ਸਾਲ 2001 ਤੋਂ 2010 ਦੇ ਦਹਾਕੇ ਦੌਰਾਨ ਆਸਟ ?ਰੇਲੀਆ 'ਚ ਭਾਰਤੀਆਂ 'ਤੇ ਹੋਣ ਵਾਲੇ ਨਸਲੀ ਹਮਲਿਆਂ ਕਾਰਨ ਉਸ ਦੇਸ਼ 'ਚ ਜਾਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿਚ ਭਾਰੀ ਕਮੀ ਦਰਜ ਕੀਤੀ ਗਈ ਸੀ। ਅਮਰੀਕਾ ਨੂੰ ਵੀ ਚਿੰਤਾ ਹੈ ਕਿ ਕਿਤੇ ਉਸ ਦੇ ਕਾਲਜਾਂ 'ਚ ਵੀ ਇਹ ਗਿਣਤੀ ਨਾ ਘਟ ਜਾਵੇ। ਪੱਛਮੀ ਮੁਲਕਾਂ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ 'ਚ ਵਿਦੇਸ਼ੀ ਵਿਦਿਆਰਥੀਆਂ ਤੋਂ ਦੁੱਗਣੀਆਂ ਫੀਸਾਂ ਵਸੂਲ ਕੀਤੀਆਂ ਜਾਂਦੀਆਂ ਹਨ। ਇਸੇ ਲਈ ਜੇ ਉਨ੍ਹਾਂ ਦੀ ਗਿਣਤੀ ਘਟਦੀ ਹੈ ਤਾਂ ਉਸ ਦਾ ਅਸਰ ਸੁਭਾਵਕ ਤੌਰ 'ਤੇ ਦੇਸ਼ ਦੇ ਅਰਥਚਾਰੇ 'ਤੇ ਵੀ ਪਵੇਗਾ। ਇਸ ਦੇ ਮੁਕਾਬਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਨੇ ਬਹੁਤ ਸਾਰੀਆਂ ਵਿਦੇਸ਼ੀ ਯੂਨੀਵਰਸਿਟੀਜ਼ ਨੂੰ ਭਾਰਤ 'ਚ ਆਪਣੇ ਕੈਂਪਸ ਖੋਲ੍ਹਣ ਦੀ ਇਜਾਜ਼ਤ ਦਿੱਤੀ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਦੇਸ਼ 'ਚ ਰਹਿ ਕੇ ਹੀ ਵਿਦੇਸ਼ੀ ਡਿਗਰੀ ਮਿਲ ਜਾਂਦੀ ਹੈ। ਵਿਦੇਸ਼ ਜਾਣ ਤੇ ਉੱਥੇ ਰਹਿਣ-ਸਹਿਣ ਦੇ ਸਾਰੇ ਖ਼ਰਚੇ ਬਚ ਜਾਂਦੇ ਹਨ। ਸਮਰੱਥ ਪਰਿਵਾਰ ਆਪਣੇ ਬੱਚਿਆਂ ਨੂੰ ਹੋਰਨਾਂ ਮੁਲਕਾਂ 'ਚ ਭੇਜਣਾ ਜਾਰੀ ਰੱਖ ਸਕਦੇ ਹਨ।

# ਨਿਊਜਰਸੀ 'ਚ ਰਿਹਾਇਸ਼ੀ ਇਮਾਰਤ 'ਚ ਲੱਗੀ ਅੱਗ



ਨਿਊਯਾਰਕ : ਅਮਰੀਕਾ ਦੇ ਨਿਊਜਰਸੀ ਸ਼ਹਿਰ ਵਿਚ ਇਕ ਇਮਾਰਤ ਵਿਚ ਅੱਗ ਲੱਗਣ ਕਾਰਨ ਬੇਘਰ ਹੋਏ ਦਰਜਨਾਂ ਲੋਕਾਂ ਵਿਚ ਕੁਝ ਭਾਰਤੀ ਵਿਦਿਆਰਥੀ ਅਤੇ ਪੇਸ਼ੇਵਰ ਵੀ ਸ਼ਾਮਲ ਹਨ। ਇਮਾਰਤ ਵਿੱਚ ਰਹਿਣ ਵਾਲਿਆਂ ਜਾਂ ਅੱਗ ਬੁਝਾਉਣ ਵਾਲਿਆਂ ਦੇ ਜ਼ਖ਼ਮੀ ਹੋਣ ਦੀ ਕੋਈ ਰਿਪੋਰਟ ਨਹੀਂ ਹੈ। ਸ਼ਹਿਰ ਦੇ ਬੁਲਾਰੇ ਕਿਮਬਰਲੀ ਵੈਲੇਸ-ਸਕੈਲਸੀਓਨ ਨੇ ਦੱਸਿਆ ਕਿ ਅੱਗ 77 ਨੈਲਸਨ ਐਵੇਨਿਊ ਵਿਖੇ ਬਹੁ-ਮੰਜ਼ਿਲਾ ਇਮਾਰਤ ਦੀ ਹੇਠਲੀ ਮੰਜ਼ਿਲ ਤੋਂ ਸ਼ੁਰੂ ਹੋਈ ਅਤੇ ਪਹਿਲੀ ਅਤੇ ਦੂਜੀ ਮੰਜ਼ਿਲ ਅਤੇ ਫਿਰ ਛੱਤ ਤੱਕ ਫੈਲ ਗਈ। ਅੱਗ ਨਾਲ ਗੁਆਂਢੀ ਇਮਾਰਤ ਦੀ ਛੱਤ ਵੀ ਨੁਕਸਾਨੀ ਗਈ ਹੈ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਕਿਹਾ ਕਿ ਉਹ ਅੱਗ ਨਾਲ ਪ੍ਰਭਾਵਿਤ ਭਾਰਤੀਆਂ ਨੂੰ ਸਹਾਇਤਾ ਪ੍ਰਦਾਨ ਕਰ ਰਿਹਾ ਹੈ।

ਕੌਂਸਲੇਟ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ ਕਿ ਉਸਨੂੰ 'ਨਿਊਜਰਸੀ ਸਿਟੀ ਵਿੱਚ ਇੱਕ ਰਿਹਾਇਸ਼ੀ ਇਮਾਰਤ ਵਿੱਚ ਅੱਗ ਲੱਗਣ ਦੀ ਮੰਦਭਾਗੀ ਘਟਨਾ' ਬਾਰੇ ਪਤਾ ਲੱਗਾ। ਘਟਨਾ ਵੀਰਵਾਰ ਨੂੰ ਵਾਪਰੀ ਸੀ। ਕੌਂਸਲੇਟ ਨੇ ਕਿਹਾ, "ਉੱਥੇ ਰਹਿ ਰਹੇ ਭਾਰਤੀ ਵਿਦਿਆਰਥੀ ਅਤੇ ਪੇਸ਼ੇਵਰ ਸੁਰੱਖਿਅਤ ਹਨ, ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਨਿਊਜਰਸੀ ਸ਼ਹਿਰ ਦੇ ਨੈਲਸਨ ਐਵੇਨਿਊ ਦੀ ਇਮਾਰਤ 'ਚ 11 ਭਾਰਤੀ ਵਿਦਿਆਰਥੀ ਅਤੇ ਇਕ ਜੋੜਾ ਰਹਿੰਦਾ ਸੀ। ਕੌਂਸਲੇਟ ਨੇ ਕਿਹਾ, "ਅਸੀਂ ਵਿਦਿਆਰਥੀਆਂ ਦੇ ਸੰਪਰਕ ਵਿੱਚ ਹਾਂ ਅਤੇ ਰਿਹਾਇਸ਼ ਅਤੇ ਮਹੱਤਵਪੂਰਨ ਦਸਤਾਵੇਜ਼ਾਂ ਆਦਿ ਸਮੇਤ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰ ਰਹੇ ਹਾਂ। ਅਸੀਂ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨਾ ਜਾਰੀ ਰੱਖਾਂਗੇ।

# ਨਿਊਯਾਰਕ ਦੇ ਮੇਅਰ ਨੇ ਭਾਰਤੀ ਮੂਲ ਦੀ ਮੀਰਾ ਜੋਸ਼ੀ ਨੂੰ MTA ਬੋਰਡ 'ਚ ਕੀਤਾ ਸ਼ਾਮਲ



ਨਿਊਯਾਰਕ (ਰਾਜ ਗੋਗਨਾ)- ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਭਾਰਤੀ-ਅਮਰੀਕੀ ਮੀਰਾ ਜੋਸ਼ੀ, ਜੋ ਵਰਤਮਾਨ ਵਿੱਚ ਓਪਰੇਸ਼ਨਾਂ ਲਈ ਡਿਪਟੀ ਮੇਅਰ ਵਜੋਂ ਸੇਵਾ ਕਰ ਰਹੀ ਹੈ, ਨੂੰ ਮੈਟਰੋਪੋਲੀਟਨ ਟਰਾਂਸਪੋਰਟੇਸ਼ਨ ਅਥਾਰਟੀ (MTA) ਬੋਰਡ ਵਿੱਚ ਸ਼ਾਮਲ ਹੋਣ ਦਾ ਪ੍ਰਸਤਾਵ ਦਿੱਤਾ ਹੈ। ਇਸ ਤੋਂ ਇਲਾਵਾ ਨਿਊਯਾਰਕ ਸਿਟੀ ਯੋਜਨਾ ਕਮਿਸ਼ਨ ਦੇ ਚੇਅਰ ਡੈਨ ਗਾਰਡਨਿਕ ਨੂੰ ਜੋਸ਼ੀ ਨਾਲ ਬੋਰਡ ਵਿੱਚ ਸ਼ਾਮਲ ਹੋਣ ਲਈ ਵੀ ਚੁਣਿਆ ਗਿਆ ਹੈ। ਮੇਅਰ ਐਡਮਜ਼ ਨੇ ਸਾਰੇ ਨਿਵਾਸੀਆਂ ਲਈ ਨਿਊਯਾਰਕ ਸਿਟੀ ਦੀ ਆਵਾਜਾਈ ਪ੍ਰਣਾਲੀ ਨੂੰ ਵਧਾਉਣ ਦੇ ਉਦੇਸ਼ ਨਾਲ MTA ਦੀ ਭਵਿੱਖ ਵਿੱਚ ਸਫਲਤਾ ਵਿੱਚ ਯੋਗਦਾਨ ਪਾਉਣ ਦੀ ਉਸ ਦੀ ਯੋਗਤਾ ਵਿੱਚ ਵਿਸ਼ਵਾਸ ਪ੍ਰਗਟ ਕੀਤਾ। ਭਾਰਤੀ ਮੂਲ ਦੀ ਮੀਰਾ ਜੋਸ਼ੀ, ਡਿਪਟੀ ਮੇਅਰ ਦੇ ਤੌਰ 'ਤੇ ਸ਼ਹਿਰ ਦੇ ਬੁਨਿਆਦੀ ਢਾਂਚੇ ਅਤੇ ਜਨਤਕ ਖੇਤਰ ਦੀ ਆਪਣੀ ਨਿਗਰਾਨੀ ਲਈ ਜਾਣੀ ਜਾਂਦੀ ਹੈ। ਜਿਸ ਨੇ ਰੋਡ ਸੁਰੱਖਿਆ ਦੀ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਅਤੇ ਜਨਤਕ ਥਾਵਾਂ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਸਦੀ ਅਗਵਾਈ ਵਿੱਚ ਨਿਊਯਾਰਕ ਸਿਟੀ ਨੇ ਸੰਨ 2023 ਵਿੱਚ ਪੈਦਲ ਚੱਲਣ ਵਾਲਿਆਂ ਲਈ ਆਪਣੇ ਦੂਜੇ-ਸੁਰੱਖਿਅਤ ਸਾਲ ਦਾ ਅਨੁਭਵ ਕੀਤਾ, ਜਿਸ ਵਿੱਚ ਭੀੜ-ਭੜੱਕੇ ਦੀਆਂ ਕੀਮਤਾਂ ਵਰਗੀਆਂ ਪਹਿਲਕਦਮੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਆਪਣੀ ਨਾਮਜ਼ਦਗੀ ਦੇ ਪ੍ਰਤੀ ਜੋਸ਼ੀ ਨੇ ਤਬਦੀਲੀ ਦੇ ਇੱਕ ਨਾਜ਼ੁਕ ਸਮੇਂ ਦੌਰਾਨ MTA ਦੀ ਵਿੱਤੀ ਅਤੇ ਸੰਚਾਲਨ ਸਿਹਤ ਦਾ ਸਮਰਥਨ ਕਰਨ ਲਈ ਆਪਣੇ ਵਿਚਾਰ ਪ੍ਰਗਟ ਕੀਤੇ। ਉਸਨੇ ਸ਼ਹਿਰ ਦੀ ਆਰਥਿਕਤਾ ਅਤੇ ਪਛਾਣ ਵਿੱਚ ਜਨਤਕ ਆਵਾਜਾਈ ਦੇ ਮਹੱਤਵ ਨੂੰ ਉਜਾਗਰ ਕਰਦੇ ਹੋਏ, MTA ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਇੱਕ ਮੈਂਬਰ ਵਜੋਂ ਨਿਊ ਯਾਰਕ ਵਾਸੀਆਂ ਦੀ ਵਫ਼ਾਦਾਰੀ ਨਾਲ ਸੇਵਾ ਕਰਨ ਲਈ ਆਪਣੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਦੱਸਣਯੋਗ ਹੈ ਕਿ ਆਪਣੀ ਮੌਜੂਦਾ ਭੂਮਿਕਾ ਤੋਂ ਪਹਿਲਾਂ ਜੋਸ਼ੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ ?ਰੇਸ਼ਨ ਦੇ ਪ੍ਰਸ਼ਾਸਕ ਦੇ ਅਹੁਦੇ ਲਈ ਨਾਮਜ਼ਦ ਕੀਤਾ ਗਿਆ ਸੀ। ਉਸਨੇ ਆਵਾਜਾਈ ਨਿਯਮਾਂ ਦੀ ਨਿਗਰਾਨੀ ਕਰਦੇ ਹੋਏ, ਨਿਊਯਾਰਕ ਸਿਟੀ ਟੈਕਸੀ ਅਤੇ ਲਿਮੋਜ਼ਿਨ ਕਮਿਸ਼ਨ ਦੀ ਚੇਅਰਮੈਨ ਅਤੇ ਸੀ.ਈ.ਓ ਦੇ ਵਜੋਂ ਵੀ ਕੰਮ ਕੀਤਾ। ਇਸ ਤੋਂ ਇਲਾਵਾ ਜੋਸ਼ੀ ਨੇ ਪੁਲਸ ਦੇ ਦੁਰਵਿਹਾਰ ਦੇ ਦੋਸ਼ਾਂ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਨਿਊਯਾਰਕ ਸਿਟੀ ਵਿਭਾਗ ਦੇ ਸੁਧਾਰ ਦੇ ਇੰਸਪੈਕਟਰ ਜਨਰਲ ਅਤੇ ਨਿਊਯਾਰਕ ਸਿਟੀ ਸਿਵਲੀਅਨ ਸ਼ਿਕਾਇਤ ਸਮੀਖਿਆ ਬੋਰਡ ਦੇ ਪਹਿਲੇ ਡਿਪਟੀ ਕਾਰਜਕਾਰੀ ਨਿਰਦੇਸ਼ਕ ਵਜੋਂ ਸੇਵਾ ਨਿਭਾਉਂਦੇ ਹੋਏ, ਨਿਗਰਾਨੀ ਅਤੇ ਜਾਂਚ ਵਿੱਚ ਜੋਸ਼ੀ ਵੱਲੋਂ ਭੂਮਿਕਾਵਾਂ ਨਿਭਾਈਆਂ ਸਨ।



# ਪੁਤਿਨ ਦਾ ਪੱਖ ਲੈ ਰਹੇ ਹਨ ਸਾਬਕਾ ਰਾਸ਼ਟਰਪਤੀ ਟਰੰਪ: ਨਿੱਕੀ ਹੇਲੀ

ਵਾਸ਼ਿੰਗਟਨ — ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਪਾਰਟੀ ਤੋਂ ਉਮੀਦਵਾਰੀ ਦੀ ਮੰਗ ਕਰ ਰਹੀ ਨਿੱਕੀ ਹੇਲੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਪੱਖ ਲੈਣ 'ਤੇ ਆਪਣੇ ਮੁੱਖ ਵਿਰੋਧੀ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਆਲੋਚਨਾ ਕੀਤੀ। ਹੇਲੀ ਨੇ 'ਏਬੀਸੀ ਨਿਊਜ਼' ਨਾਲ ਇੰਟਰਵਿਊ 'ਚ ਕਿਹਾ ਕਿ ਪੁਤਿਨ ਅਜਿਹਾ ਵਿਅਕਤੀ ਨਹੀਂ ਹੈ ਜਿਸ ਨਾਲ ਅਮਰੀਕਾ ਦੋਸਤੀ ਕਰ ਸਕੇ। ਉਸਨੇ ਕਿਹਾ, "ਅਮਰੀਕੀ ਲੋਕਾਂ ਨੂੰ ਯਾਦ ਦਿਵਾਉਣ ਦੀ ਜ਼ਰੂਰਤ ਹੈ ਕਿ ਵਲਾਦੀਮੀਰ ਪੁਤਿਨ ਸਾਡੇ ਦੋਸਤ ਨਹੀਂ ਹਨ। ਵਲਾਦੀਮੀਰ ਪੁਤਿਨ ਇੱਕ ਚੰਗਾ ਵਿਅਕਤੀ ਨਹੀਂ ਹੈ। ਉਹ ਉਹ ਵਿਅਕਤੀ ਨਹੀਂ ਹੈ ਜਿਸ ਨਾਲ ਅਸੀਂ ਜੁੜਨਾ ਚਾਹੁੰਦੇ ਹਾਂ। ਉਹ ਅਜਿਹਾ ਵਿਅਕਤੀ ਨਹੀਂ ਹੈ ਜਿਸ ਨਾਲ ਅਸੀਂ ਦੋਸਤ ਬਣਨਾ ਚਾਹੁੰਦੇ ਹਾਂ। ਉਹ ਅਜਿਹਾ ਵਿਅਕਤੀ ਨਹੀਂ ਹੈ ਜਿਸ 'ਤੇ ਅਸੀਂ ਭਰੋਸਾ ਕਰ ਸਕਦੇ ਹਾਂ।" ਹੇਲੀ ਨੇ ਕਿਹਾ, "ਜਦੋਂ ਤੁਸੀਂ ਇਕ ਹਫਤਾ ਪਹਿਲਾਂ ਦੱਖਣੀ ਕੈਰੋਲੀਨਾ 'ਚ ਡੋਨਾਲਡ ਟਰੰਪ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਜੇਕਰ ਸਾਡੇ ਸਹਿਯੋਗੀ ਆਪਣੀਆਂ ਜ਼ਿੰਮੇਵਾਰੀਆਂ (ਆਪਣੇ ਰੱਖਿਆ ਖਰਚ ਦੇ ਟੀਚੇ) ਨੂੰ ਪੂਰਾ ਨਹੀਂ ਕਰਦੇ ਹਨ ਤਾਂ ਉਹ ਪੁਤਿਨ ਨੂੰ ਸਾਡੇ ਸਹਿਯੋਗੀਆਂ 'ਤੇ ਹਮਲਾ ਕਰਨ ਲਈ ਉਤਸ਼ਾਹਿਤ ਕਰਨਗੇ। ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿਉਂਕਿ ਉਸ ਇਕ ਪਲ ਵਿਚ ਉਨ੍ਹਾਂ ਨੇ ਪੁਤਿਨ ਨੂੰ ਤਾਕਤ ਦਿੱਤੀ।" ਉਨ੍ਹਾਂ ਕਿਹਾ ਕਿ ਪੁਤਿਨ ਇਕ ਅਜਿਹਾ ਵਿਅਕਤੀ ਹੈ ਜੋ ਆਪਣੇ ਸਿਆਸੀ ਵਿਰੋਧੀਆਂ ਨੂੰ ਮਾਰਦਾ ਹੈ।

# ਜੇਕਰ ਮੈਂ ਸੱਤਾ 'ਚ ਆਈ ਤਾਂ ਭਾਰਤ, ਆਸਟ੍ਰੇਲੀਆ, ਜਾਪਾਨ ਨਾਲ ਰਿਸ਼ਤੇ ਕਰਾਂਗੀ ਮਜ਼ਬੂਤ : ਨਿੱਕੀ ਹੈਲੀ

ਵਾਸ਼ਿੰਗਟਨ : ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਪਾਰਟੀ ਵਲੋਂ ਨਾਮਜ਼ਦਗੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਭਾਰਤੀ-ਅਮਰੀਕੀ ਨਿੱਕੀ ਹੈਲੀ ਨੇ ਕਿਹਾ ਕਿ ਜੇਕਰ ਉਹ ਸੱਤਾ ਵਿਚ ਆਉਂਦੀ ਹੈ ਤਾਂ ਉਨ੍ਹਾਂ ਦਾ ਪ੍ਰਸ਼ਾਸਨ ਨਾ ਸਿਰਫ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਨਾਲ ਕੰਮ ਕਰੇਗਾ ਸਗੋਂ ਭਾਰਤ ਆਸਟ੍ਰੇਲੀਆ, ਜਾਪਾਨ, ਦੱਖਣੀ ਕੋਰੀਆ ਅਤੇ ਫਿਲੀਪੀਨਜ਼ ਸਮੇਤ ਕਈ ਹੋਰ ਦੇਸ਼ਾਂ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ? ?ਕਰੇਗਾ। ਹੈਲੀ ਨੇ ਕਿਹਾ ਕਿ ਜੇਕਰ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਬਾਰਾ ਚੁਣੇ ਜਾਂਦੇ ਹਨ ਤਾਂ ਨਾਟੋ ਨਾਲ ਸਬੰਧਾਂ 'ਤੇ ਖਤਰਾ ਪੈਦਾ ਹੋ ਸਕਦਾ ਹੈ। ਏ.ਬੀ.ਸੀ ਨਿਊਜ਼ ਨਾਲ ਗੱਲ ਕਰਦੇ ਹੋਏ, ਉਸਨੇ ਕਿਹਾ, 'ਜੇਕਰ ਟਰੰਪ ਦੁਬਾਰਾ ਚੁਣੇ ਜਾਂਦੇ ਹਨ, ਤਾਂ ਮੈਂ ਕਈ ਮੁੱਦਿਆਂ ਨੂੰ ਲੈ ਕੇ ਚਿੰਤਤ ਹਾਂ। ਨਾਟੋ ਨਾਲ ਸਬੰਧਾਂ ਨੂੰ ਖਤਰਾ ਉਨ੍ਹਾਂ ਵਿੱਚੋਂ ਇੱਕ ਹੈ। ਨਾਟੋ 75 ਸਾਲਾਂ ਦੀ ਸਫਲਤਾ ਦੀ ਕਹਾਣੀ ਹੈ।"

ਅਮਰੀਕਾ 'ਚ 2024 ਦੀਆਂ ਰਾਸ਼ਟਰਪਤੀ ਚੋਣਾਂ ਲਈ ਨਾਮਜ਼ਦਗੀ ਦਾਖਲ ਕਰਨ ਦੀ ਦੌੜ 'ਚ ਰਿਪਬਲਿਕਨ ਪਾਰਟੀ ਤੋਂ ਟਰੰਪ ਖ਼ਿਲਾਫ਼ ਹੇਲੀ ਇਕਲੌਤੀ ਉਮੀਦਵਾਰ ਹੈ। ਨਾਟੋ 31 ਮੈਂਬਰ ਦੇਸ਼ਾਂ ਦਾ ਇੱਕ ਅੰਤਰ-ਸਰਕਾਰੀ ਫੌਜੀ ਗਠਜੋੜ ਹੈ, ਜਿਸ ਵਿੱਚ 29 ਯੂਰਪ ਵਿੱਚ ਅਤੇ ਦੋ ਉੱਤਰੀ ਅਮਰੀਕਾ ਵਿੱਚ ਸ਼ਾਮਲ ਹਨ। ਹੈਲੀ ਨੇ ਕਿਹਾ ਕਿ ਚੀਨ ਹਮੇਸ਼ਾ ਹੀ ਇਸ ਗਠਜੋੜ ਦਾ ਮੂੰਹਤੋੜ ਵਿਰੋਧੀ ਰਿਹਾ ਹੈ। ਅਜਿਹੇ 'ਚ ਨਾਟੋ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਕਰੀਬ ਇੱਕ ਹਫ਼ਤਾ ਪਹਿਲਾਂ ਟਰੰਪ ਨੇ ਕੈਰੋਲੀਨਾ ਵਿੱਚ ਟਿੱਪਣੀਆਂ ਕੀਤੀਆਂ ਸਨ ਕਿ ਉਹ ਰੂਸ ਨੂੰ ਕਿਸੇ ਵੀ ਨਾਟੋ ਮੈਂਬਰ ਦੇਸ਼ ਨਾਲ 'ਕੁਝ ਵੀ' ਕਰਨ ਲਈ ਉਤਸ਼ਾਹਿਤ ਕਰਨਗੇ। ਹੈਲੀ ਇਸ ਸਬੰਧ



'ਚ ਪੁੱਛੇ ਗਏ ਸਵਾਲ 'ਤੇ ਪ੍ਰਤੀਕਿਰਿਆ ਦੇ ਰਹੀ ਸੀ।

ਹੈਲੀ ਨੇ ਕਿਹਾ ਕਿ ਇਸ ਗਠਜੋੜ ਵਿਚ ਹੋਰ ਮਿੱਤਰ ਦੇਸ਼ਾਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ। ਇਹ ਗਠਜੋੜ ਵਿੱਚ ਇਕੱਠੇ ਖੜ੍ਹੇ ਹੋਣ ਦਾ ਸਮਾਂ ਹੈ। ਇਹ ਨਾ ਤਾਂ ਕਿਸੇ ਠੱਗ ਦਾ ਪੱਖ ਲੈਣ ਦਾ ਸਮਾਂ ਹੈ ਅਤੇ ਨਾ ਹੀ 11 ਸਤੰਬਰ ਦੇ ਹਮਲੇ ਤੋਂ ਬਾਅਦ ਅਮਰੀਕਾ ਦੇ ਨਾਲ ਖੜ੍ਹੇ ਮਿੱਤਰ ਦੇਸ਼ਾਂ ਦਾ ਪੱਖ ਲੈਣ ਦਾ ਸਮਾਂ ਹੈ। ਇਕ ਸਵਾਲ ਦੇ ਜਵਾਬ 'ਚ ਹੈਲੀ ਨੇ ਕਿਹਾ, "ਮੈਂ ਵਾਅਦਾ ਕਰਦੀ ਹਾਂ ਕਿ ਜੇਕਰ ਮੈਨੂੰ ਰਾਸ਼ਟਰਪਤੀ ਦੇ ਤੌਰ 'ਤੇ ਸੇਵਾ ਕਰਨ ਦਾ ਮੌਕਾ ਮਿਲਦਾ ਹੈ ਤਾਂ ਅਸੀਂ ਨਾ ਸਿਰਫ ਨਾਟੋ ਨੂੰ ਮਜ਼ਬੂਤ ਕਰਾਂਗੇ, ਸਗੋਂ ਭਾਰਤ, ਆਸਟ੍ਰੇਲੀਆ, ਜਾਪਾਨ, ਦੱਖਣੀ ਕੋਰੀਆ, ਫਿਲੀਪੀਨਜ਼ ਨਾਲ ਸਬੰਧਾਂ ਨੂੰ ਵੀ ਮਜ਼ਬੂਤ ਕਰਾਂਗੇ। ਅਸੀਂ ਇਸ ਵਿਚ ਹੋਰ ਦੇਸ਼ਾਂ ਨੂੰ ਸ਼ਾਮਲ ਕਰਾਂਗੇ। ਇਹ ਅਮਰੀਕਾ ਦੇ ਸਹਿਯੋਗੀਆਂ ਦੀ ਗਿਣਤੀ ਵਧਾਉਣ ਬਾਰੇ ਹੈ, ਨਾ ਕਿ ਉਨ੍ਹਾਂ ਨੂੰ ਘਟਾਉਣਾ।

# ਆਪਣੇ ਪਿਓ ਦਾ ਕਤਲ ਕਰਨ ਦੇ ਮਾਮਲੇ 'ਚ ਭਾਰਤੀ ਮੂਲ ਦਾ ਵਿਅਕਤੀ ਗ੍ਰਿਫ਼ਤਾਰ

ਨਿਊਜਰਸੀ (ਰਾਜ ਗੋਗਨਾ)– ਅਮਰੀਕਾ ਦੇ ਨਿਊਜਰਸੀ ਸੂਬੇ ਵਿੱਚ ਆਪਣੇ ਪਿਓ ਦਾ ਕਤਲ ਕਰਨ ਦੇ ਦੋਸ਼ ਹੇਠ ਪੁਲਸ ਨੇ ਉਸ ਦੇ ਪੁੱਤਰ ਮੇਲਵਿਨ ਥਾਮਸ ਨੂੰ ਗ੍ਰਿਫ਼ਤਾਰ ਕੀਤਾ ਹੈ। ਮੇਲਵਿਨ ਥਾਮਸ ਨੂੰ ਪਹਿਲੀ-ਡਿਗਰੀ ਦੇ ਕਤਲ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ। ਜਾਣਕਾਰੀ ਅਨੁਸਾਰ 32 ਸਾਲਾ ਭਾਰਤੀ-ਅਮਰੀਕੀ ਵਿਅਕਤੀ, ਜਿਸ ਦਾ ਨਾਂ ਮੇਲਵਿਨ ਥਾਮਸ ਹੈ, ਨੂੰ ਪੁਲਸ ਨੇ ਆਪਣੇ 61 ਸਾਲਾ ਪਿਤਾ ਮੈਨੁਅਲ ਵੀ. ਥਾਮਸ, ਜੋ ਪੈਰਾਮਸ ਨਾਮੀਂ ਨਿਊਜਰਸੀ ਦੇ ਸਿਟੀ ਵਿੱਚ ਰਹਿੰਦਾ ਸੀ, ਆਪਣੇ ਘਰ ਵਿੱਚ ਹੋਈ ਮੌਤ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ। ਬਰਗਨ ਕਾਉਂਟੀ ਪ੍ਰੌਸੀਕਿਊਟਰ ਦੇ ਦਫਤਰ ਦੀ ਜਾਣਕਾਰੀ ਅਨੁਸਾਰ ਭਾਰਤੀ ਮੂਲ ਦੇ ਕੇਰਲਾ ਰਾਜ ਨਾਲ ਸਬੰਧ ਰੱਖਣ ਵਾਲੇ ਕਾਤਲ ਮੇਲਵਿਨ ਥਾਮਸ 'ਤੇ ਪੁਲਸ ਨੇ ਕਈ ਸਬੰਧਤ ਅਪਰਾਧਾਂ ਦੇ ਨਾਲ-ਨਾਲ ਉਸ 'ਤੇ ਪਹਿਲੀ-ਡਿਗਰੀ ਦੇ ਕਤਲ ਦੇ ਦੋਸ਼ ਲਾਏ ਗਏ



ਹਨ। ਮੇਲਵਿਨ ਥਾਮਸ ਭਾਰਤ ਦੇ ਕੇਰਲਾ ਰਾਜ ਦਾ ਪ੍ਰਵਾਸੀ ਹੈ ਅਤੇ ਕੇਂਦਰੀ ਕੇਰਲਾ ਵਿੱਚ ਕੋਟਾਯਮ ਜ਼ਿਲ੍ਹੇ ਵਿੱਚ ਸੇਂਟ ਸਟੀਫਨ ਕਾਲਜ ਉਜ਼ਵੂਰ ਦਾ ਉਹ ਸਾਬਕਾ ਵਿਦਿਆਰਥੀ ਰਿਹਾ ਹੈ।ਇਹ ਦੁਖਦਾਈ ਘਟਨਾ 16 ਫਰਵਰੀ ਨੂੰ ਵਾਪਰੀ, ਜਦੋਂ ਪੈਰਾਮਸ ਸਿਟੀ ਦੇ ਪੁਲਸ ਵਿਭਾਗ ਨੂੰ ਉਨ੍ਹਾਂ ਦੀ ਰਿਹਾਇਸ਼ 693 ਬ੍ਰੂਸ ਡਰਾਈਵ 'ਤੇ ਇੱਕ ਸੰਭਾਈ ਕਤਲ ਬਾਰੇ ਇੱਕ ਫੋਨ ਕਾਲ ਆਈ ਸੀ। ਪੁਲਸ ਦੇ ਪਹੁੰਚਣ 'ਤੇ ਅਧਿਕਾਰੀਆਂ ਵੱਲੋਂ ਉਸ ਰਿਹਾਇਸ਼ ਦੇ ਬੇਸਮੈਂਟ ਵਿੱਚ ਮੈਨੂਅਲ ਵੀ. ਥਾਮਸ ਨਾਮੀਂ ਵਿਅਕਤੀ ਦੀ ਬੇਜਾਨ ਲਾਸ਼ ਮਿਲੀ। ਜਦੋ ਮਾਮਲੇ ਸਬੰਧੀ ਖੋਜ ਕੀਤੀ ਗਈ ਤਾਂ ਪਾਇਆ ਗਿਆ ਕਿ ਮੈਨੂਅਲ ਥਾਮਸ ਨਾਮੀਂ ਵਿਅਕਤੀ 'ਤੇ ਉਸ ਦੇ ਪੁੱਤਰ ਨੇ ਹੀ ਕਈ ਚਾਕੂ ਦੇ ਵਾਰ ਕੀਤੇ ਸਨ। ਮ੍ਰਿਤਕ ਦੇ ਸਰੀਰ 'ਤੇ ਕਈ ਜ਼ਖਮ ਸਨ। ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਪੁਲਸ ਨੇ ਕਤਲ ਦੇ ਦੋਸ਼ ਹੇਠ ਉਸ ਦੇ ਪੁੱਤਰ ਮੇਲਵਿਨ ਥਾਮਸ ਦੀ ਇੱਕ ਸ਼ੱਕੀ ਵਜੋਂ ਤੁਰੰਤ ਪਛਾਣ ਕੀਤੀ ਅਤੇ ਪੈਰਾਮਸ ਪੁਲਸ ਅਧਿਕਾਰੀਆਂ ਦੁਆਰਾ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਜੋ ਨਿਊਜਰਸੀ ਦੀ ਬਰਗਨ ਕਾਉਂਟੀ ਜੇਲ੍ਹ ਵਿੱਚ ਨਜਰਬੰਦ ਹੈ। ਹੈਕਨਸੈਕ ਵਿੱਚ ਕੇਂਦਰੀ ਜੁਡੀਸ਼ੀਅਲ ਪ੍ਰੋਸੈਸਿੰਗ ਅਦਾਲਤ ਵਿੱਚ ਜਲਦੀ ਹੀ ਉਸ ਦੀ ਪਹਿਲੀ ਪੇਸ਼ੀ ਹੋਵੇਗੀ।

# ਅਮਰੀਕਾ-ਮੈਕਸੀਕੋ ਲਾਈਨ ਨੇੜੇ ਫਰਜ਼ੀ ਬਾਰਡਰ ਪੈਟਰੋਲ ਵਾਹਨ ਬਰਾਮਦ, 12 ਲੋਕ ਗ੍ਰਿਫ਼ਤਾਰ

ਨਿਊਯਾਰਕ : ਯੂ.ਐਸ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਏਜੰਟਾਂ ਨੂੰ ਇਸ ਹਫ਼ਤੇ ਦੇ ਸ਼ੁਰੂ ਵਿੱਚ ਐਰੀਜ਼ੋਨਾ ਵਿੱਚ ਇੱਕ ਸਟਾਪ ਦੌਰਾਨ ਇੱਕ ਕਲੋਨ ਨਕਲੀ ਬਾਰਡਰ ਪੈਟਰੋਲ ਵੈਨ ਮਿਲੀ। ਯੂ.ਐਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਏਜੰਸੀ ਨੇ ਕਿਹਾ ਕਿ ਵੈਨ ਨੂੰ ਉਨ੍ਹਾਂ ਦੇ ਵਾਹਨਾਂ ਵਾਂਗ ਹੀ ਦਿਸਣ ਲਈ ਪੇਂਟ ਕੀਤਾ ਗਿਆ ਸੀ। ਵਾਹਨ ਵਿੱਚ ਇੱਕ ਡਰਾਈਵਰ ਸਮੇਤ ਅਤੇ 11 ਲੋਕ ਸਵਾਰ ਸਨ, ਜਿੰਨ੍ਹਾਂ ਨੂੰ ਨਿਊਫੀਲਡ ਨੇੜੇ ਹਿਰਾਸਤ ਵਿੱਚ ਲਿਆ ਗਿਆ ਜੋ ਸੈਨ ਮਿਗੁਏਲ ਤੋਂ ਸੱਤ ਮੀਲ ਦੀ ਦੂਰੀ 'ਤੇ ਦੱਖਣ-ਪੂਰਬ ਦੇ ਵਿੱਚ ਹੈ। ਇੰਨ੍ਹਾਂ ਲੋਕਾਂ ਨੂੰ ਪ੍ਰਵਾਸੀ ਮੰਨਿਆ ਜਾਂਦਾ ਹੈ ਜੋ ਗੈਰ ਕਾਨੂੰਨੀ ਤੌਰ 'ਤੇ ਦਾਖਲ ਹੋਣ ਦੀ ਕੋਸ਼ਿਸ਼ ਵਿਚ ਸਨ। ਇਸ ਘਟਨਾ ਦੌਰਾਨ ਇੱਕ ਬਾਰਡਰ ਏਜੰਟ 'ਤੇ ਹਮਲਾ ਕੀਤਾ




ਗਿਆ, ਪਰ ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਉਸ ਦੀ ਹਾਲਤ ਕਿੰਨੀ ਗੰਭੀਰ ਸੀ। ਬਾਰਡਰ ਪ੍ਰੋਟੈਕਸ਼ਨ ਏਜੰਸੀ ਦਾ ਕਹਿਣਾ ਹੈ ਕਿ ਫਰਜੀ ਬਾਰਡਰ ਪੈਟਰੋਲ ਵਾਹਨਾਂ ਦੀ ਵਰਤੋਂ ਕੋਈ ਨਵੀਂ ਗੱਲ ਨਹੀਂ ਹੈ। ਇਸੇ ਤਰਾਂ ਅਕਤੂਬਰ 2023 ਵਿੱਚ ਫਲੋਰਿਡਾ ਵਿੱਚ ਅਧਿਕਾਰੀਆਂ ਨੇ ਇੱਕ ਵਾਹਨ ਬਾਰੇ ਚਿਤਾਵਨੀ ਦਿੱਤੀ ਸੀ ਜੋ ਕਾਨੂੰਨ ਲਾਗੂ ਕਰਨ ਦੀ ਨਕਲ ਕਰ ਰਿਹਾ ਸੀ। ਡੀਸੋਟੋ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਕਿਹਾ ਕਿ ਲਾਲ ਅਤੇ ਨੀਲੀਆਂ ਫਲੈਸ਼ਿੰਗ ਲਾਈਟਾਂ ਨਾਲ ਲੈਸ ਇੱਕ ਚਿੱਟੇ ਚੇਵੀ ਸਿਲਵੇਰਾਡੋ ਟਰੱਕ ਨੂੰ ਇਸ ਖੇਤਰ ਵਿੱਚ ਕਈ ਵਾਰ ਦੇਖਿਆ ਗਿਆ ਸੀ। ਟਰੱਕ ਨੇ ਬਾਰਡਰ ਪੈਟਰੋਲ ਵਾਹਨ ਦੀ ਨਕਲ ਕੀਤੀ, ਪਰ ਇਸਦੀ ਬਜਾਏ 'ਬੂਟੀ ਪੈਟਰੋਲ' ਸ਼ਬਦ ਦਿਖਾਏ ਗਏ। ਇਸ ਤੋਂ ਇਲਾਵਾ, ਟਕਸਨ ਐਰੀਜੋਨਾ ਸੈਕਟਰ ਦੇ ਏਜੰਟਾਂ ਨੇ ਅਗਸਤ 2021 ਵਿੱਚ ਇੱਕ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਜੋ ਜਾਅਲੀ ਵਰਦੀਆਂ ਅਤੇ ਇੱਕ ਵਾਹਨ ਦੀ ਵਰਤੋਂ ਕਰ ਰਹੇ ਸਨ। ਇਸ ਘਟਨਾ ਦੇ ਸਬੰਧ ਵਿੱਚ ਇੱਕ ਡਰਾਈਵਰ ਅਤੇ ਸਥਾਈ ਕਾਨੂੰਨੀ ਦਰਜੇ ਦੀ ਘਾਟ ਵਾਲੇ 10 ਪ੍ਰਵਾਸੀਆਂ ਨੂੰ ਉਸ ਵੇਲੇ ਹਿਰਾਸਤ ਵਿੱਚ ਲਿਆ ਗਿਆ ਸੀ।



# ਪੰਜਾਬ ਦੀ ਮਜਦੂਰ, ਕਿਸਾਨ ਲੀਡਰਸ਼ਿਪ ਸਿੱਖ ਵਿਚਾਰਧਾਰਾ ਤੋਂ ਮੁਨਕਰ ਕਿਉਂ ?


ਇਸ ਸਚਾਈ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਹੈ ਕਿ ਪੰਜਾਬ ਦੀ ਧਰਾਤਲ ਨੂੰ ਸਿੱਖ ਪੁਰਖਿਆਂ ਨੇ ਆਪਣੇ ਖੂਨ ਨਾਲ ਸਿੰਜ ਕੇ ਜਰਖੇਜ ਬਣਾਇਆ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਚੱਲੀ ਗੁਰੂ ਪਰੰਪਰਾ ਨੇ ਸਿੱਖੀ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਪਰਦਾਨ ਕੀਤੀ। ਗੁਰੂ ਨਾਨਕ ਸਾਹਿਬ ਦੇ ਨਿਆਰੇ ਅਤੇ ਨਿਰਾਲੇ ਪੰਥ ਨੂੰ ਦਸਵੇਂ ਨਾਨਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਨਵੀਂ ਕੌਮ ਵਜੋਂ ਸੰਪੂਰਨਤਾ ਦੀ ਬਖਸ਼ਿਸ਼ ਕਰਕੇ ਦੁਨੀਆਂ ਦੇ ਨਕਸ਼ੇ 'ਤੇ ਸਥਾਪਤ ਕੀਤਾ। ਇੱਕ ਅਜਿਹੀ ਕੌਮ ਨੂੰ ਸਿਰਜਿਆ ਗਿਆ, ਜਿਹੜੀ ਝੂਠ, ਫਰੇਬ ਅਤੇ ਮਿਥਿਹਾਸ ਦੇ ਕੱਚੇ ਲੋਥੜਿਆਂ ਨੂੰ ਪਾੜ ਕੇ ਇੱਕ ਸੱਚੀ ਸੁੱਚੀ ਨਿੱਗਰ ਸੋਚ ਵਾਲੇ ਸਮਾਜ ਨੂੰ ਸਿਰਜਣ ਦਾ ਮਾਣ ਹਾਸਲ ਕਰਨ ਵਾਲੀ ਦੁਨੀਆਂ ਦੀ ਪਹਿਲੀ ਕੌਮ ਬਣ ਗਈ ਹੈ। ਸਿੱਖ ਤਵਾਰੀਖ ਦੇ ਪੰਨੇ ਅਜਿਹੀਆਂ ਲਾਲ ਸੂਹੀਆਂ ਸਚਾਈਆਂ ਨਾਲ ਭਰੇ ਹੋਏ ਹਨ, ਜਿੰਨਾਂ 'ਚੋਂ ਅੱਜ ਵੀ ਝਾਤ ਮਾਰਿਆਂ ਰੱਤ ਡੁੱਲਦੀ ਪ੍ਰਤੀਤ ਹੁੰਦੀ ਹੈ। ਸਿੱਖ ਤਵਾਰੀਖ ਦਾ ਇੱਕ ਇੱਕ ਅੱਖਰ ਲਹੂ ਦੀ ਸ਼ਿਆਹੀ ਨਾਲ ਲਿਖਿਆ ਹੋਇਆ ਹੈ, ਫਿਰ ਇਹ ਸਵਾਲ ਉਪਜਣੇ ਸੁਭਾਵਕ ਹਨ ਕਿ ਪੰਜਾਬ ਦੀ ਕਿਸਾਨੀ ਲੀਡਰਸ਼ਿਪ ਸਿੱਖ ਵਿਚਾਰਧਾਰਾ ਤੋਂ ਮੁਨਕਰ ਕਿਉਂ ਹੈ?

ਕੀ ਹੋਂਦ ਤੋਂ ਮੁਨਕਰ ਹੋਣਾ ਖਤਰਨਾਕ ਵਰਤਾਰਾ ਨਹੀਂ ਹੈ? ਕਿਸਾਨੀ ਸੰਘਰਸ਼ ਦੌਰਾਨ ਨੌਜਵਾਨਾਂ, ਬਜ਼ੁਰਗਾਂ ਅਤੇ ਬੀਬੀਆਂ ਵਿੱਚ ਜਿਹੜਾ ਜੋਸ਼ ਦਿੱਲੀ ਵੱਲ ਚਾਲੇ ਪਾਉਣ ਸਮੇਂ ਹੁੰਦਾ ਹੈ, ਕੀ ਉਹ ਸਿੱਖੀ ਜਜ਼ਬੇ ਤੋਂ ਬਗੈਰ ਸੰਭਵ ਹੋ ਸਕਦਾ ਹੈ? ਗੁਰੂ ਸਾਹਿਬਾਨਾਂ ਦੀ ਵਰੋਸਾਈ ਧਰਤੀ ਨੂੰ ਕਿਸੇ ਗੈਰ ਵਿਚਾਰਧਾਰਾ ਦੀ ਲੋੜ ਕਿਉਂ? ਅਜਿਹੇ ਅਨੇਕਾਂ ਸਵਾਲ ਗੁਰਾਂ ਦੇ ਨਾਮ ਤੇ ਵਸਦੇ ਪੰਜਾਬ ਦੇ ਲੋਕ ਮਨਾਂ ਵਿੱਚ ਖਾਸ ਕਰਕੇ ਗੁਰੂ ਨਾਲ ਸਾਂਝ ਰੱਖਣ ਵਾਲੇ ਸੂਝਵਾਨ ਲੋਕਾਂ ਦੇ ਦਿਲੋਂ ਦਿਮਾਗ ਵਿੱਚ ਉਪਜਦੇ ਰਹਿੰਦੇ ਹਨ। ਜਦੋਂ ਗੈਰ ਸਿੱਖ ਇਤਿਹਾਸਕਾਰ ਸਿੱਖ ਇਤਿਹਾਸ ਦਾ ਪਾਠ ਕਰਦੇ ਹਨ, ਤਾਂ ਉਹਨਾਂ ਨੂੰ ਸਿੱਖ ਬੌਧਿਕਤਾ 'ਤੇ ਹੈਰਾਨੀ ਹੁੰਦੀ ਹੈ ਕਿ ਦੁਨੀਆਂ 'ਤੇ ਰਾਜ ਕਰਨ ਵਾਲੀ ਕੌਮ ਦੇ ਵਾਰਿਸਾਂ ਨੂੰ ਕਿਹੜੇ ਰਾਹ ਤੋਰ ਦਿੱਤਾ ਗਿਆ ਹੈ। ਐਨੀ ਵੱਡੀ ਗੈਰਤਮੰਦ ਵਿਰਾਸਤ ਦੇ ਮਾਲਕ ਜਦੋਂ ਦੂਜਿਆਂ 'ਤੇ ਟੇਕ ਰੱਖ ਕੇ ਆਪਣੇ ਚੰਗੇ ਭਵਿੱਖ ਦੇ ਸੁਪਨੇ ਦੇਖਦੇ ਹੋਣ, ਫਿਰ ਇਹ ਸੁਪਨੇ ਸੱਚ ਕਿਵੇਂ ਹੋ ਸਕਦੇ ਹਨ? ਕੀ ਅਜਿਹੇ ਲੋਕ ਆਪਣੀ ਹੋਣੀ ਨਾਲ ਖੁਦ ਦਗਾ ਨਹੀਂ ਕਮਾ ਰਹੇ? ਪੰਜਾਬ ਦੀ ਕਿਸਾਨ ਅਤੇ ਮਜਦੂਰ ਜਮਾਤ ਨੂੰ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਉਹਨਾਂ ਨੂੰ ਸਿਰਦਾਰੀਆਂ ਦੀ ਬਖਸ਼ਿਸ਼ ਕਰਨ ਵਾਲੀ ਕੋਈ ਖੱਬੀ ਸੱਜੀ ਤਾਕਤ ਨਹੀਂ, ਬਲਕਿ ਉਹ ਰੂਹਾਨੀ ਤਾਕਤ ਹੈ, ਜਿਸ ਨੇ ਨਪੀੜੇ ਲਿਤਾੜੇ ਸਮਾਜ ਦੀ ਕਾਇਰਤਾ ਨੂੰ ਮਾਰ ਕੇ ਉਹਨਾਂ ਦੀ ਮੁਰਦਾ ਹੋਈ ਆਤਮਾ ਨੂੰ ਖੰਡੇ ਬਾਟੇ ਦੀ ਪਹੁਲ ਨਾਲ ਮੁੜ ਸੁਰਜੀਤ ਕੀਤਾ ਹੈ ਅਤੇ ਤਖਤਾਂ ਤਾਜਾਂ ਦੇ ਮਾਲਕ ਬਣਾਇਆ। ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਵਾਲੇ ਕੋਈ ਹੋਰ ਨਹੀਂ ਬਲਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਕਰਨ ਤੋਂ ਬਾਅਦ ਆਪਣੇ ਪਿਛਲੇ ਜੀਵਨ ਨੂੰ ਤਿਆਗ ਵੈਰਾਗੀ ਸਾਧ ਤੋਂ ਬੰਦਾ ਸਿੰਘ ਬਨਣ ਵਾਲੇ ਸਿੱਖ ਕੌਮ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਨੇ ਹੀ ਜ਼ਮੀਨਾਂ ਦੇ ਮਾਲਕ ਬਣਾਇਆ, ਇਸ ਲਈ ਪੰਜਾਬ ਦੀਆਂ ਕਿਸਾਨ ਅਤੇ ਮਜਦੂਰ ਜਥੇਬੰਦੀਆਂ ਨੂੰ ਇਹ ਵੀ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਅੰਦਰ ਸਿੱਖ ਵਿਚਾਰਧਾਰਾ ਤੋਂ ਮੁਨਕਰ ਹੋਣਾ ਅਕ੍ਰਿਤਘਣਤਾ ਦਾ ਪ੍ਰਗਟਾਵਾ ਹੈ। ਮੌਜੂਦਾ ਕਿਸਾਨੀ ਸੰਘਰਸ਼ ਕਿਸ ਪਾਸੇ ਵੱਲ ਮੋੜਾ ਕੱਟਦਾ ਹੈ, ਇਹਦੇ ਬਾਰੇ ਅਜੇ ਕੁੱਝ ਵੀ ਕਹਿਣਾ ਸੰਭਵ ਨਹੀਂ, ਪਰ ਇਹ ਸੱਚ ਹੈ ਕਿ ਦਿੱਲੀ ਦਾ ਦਿਲ ਦਹਿਲਾਅ ਦੇਣ ਦੀ ਤਾਕਤ ਸਿਰਫ ਤੇ ਸਿਰਫ ਗੁਰੂ ਦੀ ਕਿਰਪਾਨ 'ਚੋਂ ਪ੍ਰਗਟ ਹੋਈ ਕੌਮ ਦੇ ਵਾਰਸ ਹੀ ਰੱਖਦੇ ਹਨ, ਦਾਰੂ ਅਤੇ ਤੰਬਾਕੂ ਨਾਲ ਝੁਲਸੀ ਵਿਚਾਰਧਾਰਾ ਦੇ ਮੁਦੱਈ ਗੋਲੀਆਂ ਸਾਹਮਣੇ ਹਿੱਕ ਡਹੁਣ ਦੀ ਹਿੰਮਤ ਨਹੀਂ ਕਰ ਸਕਦੇ। ਇਸ ਵਾਰ ਦਿੱਲੀ ਜਾਣ ਦੇ ਹੋਕੇ ਤੋਂ ਤਕਰੀਬਨ ਸਾਰੀਆਂ ਹੀ ਖੱਬੇ ਪੱਖੀ ਧਿਰਾਂ ਬਾਹਰ ਹਨ, ਜਦੋਂਕਿ ਕਿਸਾਨਾਂ ਸਮੇਤ ਆਮ ਲੋਕ ਮਨਾਂ ਵਿੱਚ ਇਹ ਗੱਲ ਘਰ ਕਰਦੀ ਜਾ ਰਹੀ ਹੈ ਕਿ ਇਸ ਵਾਰ ਦਿੱਲੀ ਜਾਣ ਵਾਲੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਤੁਰਨ ਵਾਲੇ ਕਿਸਾਨ ਹਨ, ਜਿਨ੍ਹਾਂ ਦੀ ਜਿੱਤ ਯਕੀਨੀ ਹੋਵੇਗੀ। ਸੰਘਰਸ਼ ਤੋਂ ਬਾਹਰ ਰਹਿ ਗਈਆਂ ਜਥੇਬੰਦੀਆਂ ਵਿੱਚ ਬਹੁਗਿਣਤੀ ਵਿੱਚ ਉਹ ਆਗੂ ਸ਼ਾਮਲ ਹਨ, ਜਿਹੜੇ ਮੁੱਢੋਂ ਹੀ ਸਿੱਖ ਸੋਚ ਤੋਂ ਆਕੀ ਹੋ ਕੇ ਚੱਲਣ ਵਿੱਚ ਮਾਣ ਮਹਿਸੂਸ ਕਰਦੇ ਰਹੇ ਹਨ। ਉੱਧਰ ਸਿੱਖ ਜਜ਼ਬੇ ਦਾ ਆਪਣਾ ਹੀ ਰੰਗ ਹੈ, ਜਿਸ ਤੋਂ ਪ੍ਰਭਾਵਤ ਹੋ ਕੇ ਕਾਮਰੇਡਾਂ ਦੀਆਂ ਜਥੇਬੰਦੀਆਂ ਦਾ ਕਾਡਰ ਵੀ ਆਪ ਮੁਹਾਰੇ ਦਿੱਲੀ ਵੱਲ ਚੱਲ ਪਿਆ ਹੈ। ਇਹ ਪਹਿਲੀ ਵਾਰ ਦੇਖਿਆ ਗਿਆ ਹੈ ਕਿ ਕਿਸਾਨਾਂ ਨੇ ਆਪਣੇ ਆਗੂਆਂ ਦੇ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਦਿੱਲੀ ਵੱਲ ਕੂਚ ਕਰਨ ਲਈ ਹਰਿਆਣਾ ਸਰਕਾਰ ਨਾਲ ਪੰਜਾਬ ਦੇ ਬਾਰਡਰਾਂ 'ਤੇ ਆਹਢਾ ਲਾਈ ਖੜ੍ਹੇ ਕਿਸਾਨਾਂ ਵਿੱਚ ਜਾ ਸ਼ਮੂਲੀਅਤ ਕੀਤੀ ਹੈ। ਕੁੱਝ ਇਸ ਤਰ੍ਹਾਂ ਦਾ ਹੀ ਵਰਤਾਰਾ ਪਿਛਲੇ ਸੰਘਰਸ਼ ਦੌਰਾਨ ਵੀ ਵਾਪਰਦਾ ਦੇਖਿਆ ਜਾਂਦਾ ਰਿਹਾ ਹੈ, ਪਰ ਇਸ ਦੇ ਬਾਵਜੂਦ ਵੀ ਕਿਸਾਨ ਜਥੇਬੰਦੀਆਂ ਪਤਾ ਨਹੀਂ ਕਿਉਂ ਸਿੱਖ ਸੋਚ ਤੋਂ ਮੁਨਕਰ ਹੀ ਨਹੀਂ ਬਲਕਿ ਸਿੱਖ ਵਿਚਾਰਧਾਰਾ ਦੇ ਪਰਛਾਏ ਤੋਂ ਵੀ ਤਰਭਕਦੀਆਂ ਪ੍ਰਤੀਤ ਹੁੰਦੀਆਂ ਰਹੀਆਂ ਹਨ, ਜਦੋਂਕਿ ਸੱਚ ਤਾਂ ਇਹ ਹੈ ਕਿ ਆਪਣੀ ਹੋਂਦ ਤੋਂ ਮੁਨਕਰ ਹੋਣਾ ਹੀ ਕਿਸਾਨੀ ਮੁੱਦਿਆਂ ਦੇ ਉਭਾਰ ਦਾ ਕਾਰਨ ਹੈ। ਇਹ ਵੀ ਸੱਚ ਹੈ ਕਿ ਮੌਜੂਦਾ ਕਿਸਾਨ ਸੰਘਰਸ਼ ਨੇ ਬਾਹਰ ਰਹਿ ਗਈਆਂ ਕਿਸਾਨ ਜਥੇਬੰਦੀਆਂ ਨੂੰ ਲੜਾਈ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰ ਦਿੱਤਾ ਹੈ। ਕਿਸਾਨ ਸੰਘਰਸ਼ ਤੋਂ ਆਪਣੇ ਆਪ ਨੂੰ ਅਲੱਗ ਰੱਖਣ ਦੇ ਬਿਆਨ ਦੇ ਚੁੱਕੇ ਕਿਸਾਨ ਆਗੂਆਂ ਦੀ ਹੁਣ ਗਾਹੇ-ਬ-ਗਾਹੇ ਕਿਸਾਨ ਸੰਘਰਸ਼ ਦੇ ਹੱਕ ਵਿੱਚ ਕੀਤੀ ਜਾ ਰਹੀ ਕੇਂਦਰ ਖਿਲਾਫ ਬਿਆਨਬਾਜ਼ੀ ਅਤੇ ਰੇਲਾਂ ਰੋਕਣ ਤੋਂ ਲੈ ਕੇ ਭਾਰਤ ਬੰਦ ਦੇ ਸੱਦੇ ਦਾ ਮਤਲਬ ਹੈ ਕਿ ਬਾਹਰ ਰਹਿ ਗਈਆਂ ਧਿਰਾਂ ਕਿਤੇ ਨਾ ਕਿਤੇ ਇਹ ਮਹਿਸੂਸ ਜ਼ਰੂਰ ਕਰਦੀਆਂ ਹਨ ਕਿ ਲੜਾਈ ਵਿੱਚ ਸ਼ਾਮਲ ਹੋਇਆ ਜਾਵੇ, ਪਰ ਹਾਉਮੈ ਅਤੇ ਈਰਖਾ ਅਜਿਹੀ ਨਾ ਮੁਰਾਦ ਬਿਮਾਰੀ ਹੈ, ਜਿਹੜੀ ਪੰਜਾਬ ਦੀ ਬਰਬਾਦੀ ਲਈ ਜ਼ੁੰਮੇਵਾਰ ਬਣੇਗੀ। ਪਿਛਲੇ ਕਿਸਾਨੀ ਸੰਘਰਸ਼ ਦੌਰਾਨ ਦੇਖਿਆ ਗਿਆ ਕਿ ਕਿਸ ਤਰ੍ਹਾਂ ਕਿਸਾਨ ਆਗੂਆਂ ਨੇ ਦੀਪ ਸਿੱਧੂ ਵਰਗੇ ਪੰਜਾਬ ਪ੍ਰਸਤ ਹੋਣਹਾਰ ਨੌਜਵਾਨ ਤੇ ਮਹਿਜ ਈਰਖਾ ਵੱਸ ਗਦਾਰੀ ਦੇ ਲੇਵਲ ਲਾ ਕੇ ਬਦਨਾਮ ਕਰਨ ਦੀ ਕੋਈ ਕਸਰ ਨਹੀਂ ਛੱਡੀ, ਪਰ ਅੱਜ ਉਹਦੀ ਮੌਤ ਤੋਂ ਦੋ ਸਾਲ ਬਾਅਦ ਮੌਜੂਦਾ ਕਿਸਾਨੀ ਸੰਘਰਸ਼ ਵਿੱਚ ਦੀਪ ਸਿੱਧੂ ਦੀ ਹੀ ਗੱਲ ਚੱਲ ਰਹੀ ਹੈ। ਲੋਕ ਉਹਦੀਆਂ ਕਹੀਆਂ, ਬੋਲੀਆਂ ਗੱਲਾਂ ਨੂੰ ਅੱਜ ਦੇ ਸੰਦਰਭ ਵਿੱਚ ਬੜੇ ਗਹੁ ਨਾਲ ਸੁਣਦੇ ਹਨ, ਜਿਹੜੀਆਂ ਇੰਨ ਬਿੰਨ ਸੱਚ ਜਾਪਦੀਆਂ ਹਨ। ਸੋ ਕੁਝ ਵੀ ਹੋਵੇ ਪਰ ਇਹ ਕੰਧ 'ਤੇ ਲਿਖਿਆ ਸੱਚ ਹੈ ਕਿ ਜਿੰਨੀ ਦੇਰ ਕਿਸਾਨ ਮਜਦੂਰ ਜਥੇਬੰਦੀਆਂ ਫਸਲਾਂ ਦੇ ਨਾਲ ਨਸਲਾਂ, ਆਪਣੀ ਪਛਾਣ ਅਤੇ ਹੋਂਦ ਨੂੰ ਕਾਇਮ ਰੱਖਣ ਵਾਲੀ ਵਿਚਾਰਧਾਰਾ ਤੋਂ ਮੁੱਖ ਮੋੜ ਕੇ ਰੱਖਣਗੀਆਂ, ਓਨੀ ਦੇਰ ਸੰਘਰਸ਼ਾਂ ਵਿੱਚ ਵਕਤੀ ਰਾਹਤਾਂ ਤਾਂ ਮਿਲ ਸਕਦੀਆਂ ਹਨ, ਪਰੰਤੂ ਪੰਜਾਬ ਦੇ ਹਿਤਾਂ ਦੀ ਮੁਕੰਮਲ ਜਿੱਤ ਸਿੱਖ ਵਿਚਾਰਧਾਰਾ ਤੇ ਪਹਿਰਾ ਦੇਣ ਨਾਲ ਹੀ ਸੰਭਵ ਹੋ ਸਕੇਗੀ।

**ਬਘੇਲ ਸਿੰਘ ਧਾਲੀਵਾਲ**
99142-58142

# ਵੋਟਰ ਨੂੰ ਸਿਆਸੀ ਪਾਰਟੀਆਂ ਦੇ ਫੰਡਾਂ ਦੇ ਸਰੋਤ ਬਾਰੇ ਜਾਣਨ ਦਾ ਪੂਰਾ ਹੱਕ

**ਨਰਿੰਦਰ ਸ਼ਰਮਾ**



ਸੁਪਰੀਮ ਕੋਰਟ ਨੇ (15 ਫਰਵਰੀ, 2024) ਨੂੰ ਆਪਣੇ ਇਕ ਅਤਿ ਮਹੱਤਵਪੂਰਨ ਫ਼ੈਸਲੇ 'ਚ ਇਲੈਕਟ ਰੌਲ ਬਾਂਡਜ਼ ਸਕੀਮ (ਚੋਣ ਚੰਦਾ ਯੋਜਨਾ) ਨੂੰ ਰੱਦ ਕਰ ਦਿੱਤਾ ਹੈ। ਇਹ ਸਾਲ 2018 'ਚ ਰਾਜਨੀਤਕ ਪਾਰਟੀਆਂ ਨੂੰ ਮਿਲਣ ਵਾਲੀ ਨਕਦ ਸਹਾਇਤਾ ਦੇ ਬਦਲ ਵਜੋਂ ਲਿਆਂਦਾ ਗਿਆ ਸੀ, ਤਾਂ ਕਿ ਰਾਜਨੀਤਕ ਫੰਡਿੰਗ 'ਚ ਪਾਰਦਰਸ਼ਤਾ ਲਿਆਂਦੀ ਜਾ ਸਕੇ। ਪਰ ਦੇਖਣ 'ਚ ਇਹ ਆ ਰਿਹਾ ਸੀ ਕਿ ਰਾਜਨੀਤਕ ਪਾਰਟੀਆਂ ਨੂੰ ਫੰਡਿੰਗ ਪਾਰਦਰਸ਼ੀ ਹੋਣ ਦੀ ਬਜਾਏ ਹੋਰ ਜ਼ਿਆਦਾ ਗੁਪਤ ਤੇ ਰਹੱਸਮਈ ਹੋ ਗਈ। ਇਸ ਲਈ ਇਹ ਮਾਮਲਾ ਸੁਪਰੀਮ ਕੋਰਟ 'ਚ ਜਾ ਪਹੁੰਚਿਆ ਸੀ। ਸੁਪਰੀਮ ਕੋਰਟ ਦੇ ਇਸ ਨਵੇਂ ਫ਼ੈਸਲੇ ਦਾ ਦੇਸ਼ ਦੀ ਸਿਆਸਤ 'ਤੇ ਯਕੀਨੀ ਤੌਰ 'ਤੇ ਦੂਰਗਾਮੀ ਪ੍ਰਭਾਵ ਪਵੇਗਾ।

ਫਿਲਹਾਲ, ਇਸ ਫ਼ੈਸਲੇ 'ਤੇ ਸਰਸਰੀ ਨਜ਼ਰ ਮਾਰੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਲੈਕਟ ਰੌਲ ਬਾਂਡਜ਼ ਯੋਜਨਾ 'ਤੇ ਰੋਕ ਲੱਗਣ ਦੇ ਸੰਦਰਭ 'ਚ ਪ੍ਰਮੁੱਖ ਪੰਜ ਬਿੰਦੂਆਂ ਦਾ ਮਹੱਤਵ ਰਿਹਾ। ਪਹਿਲਾ, ਇਲੈਕਟ ਰੌਲ ਬਾਂਡਜ਼ ਯੋਜਨਾ ਅਸੰਵਿਧਾਨਕ ਸੀ; ਕਿਉਂਕਿ ਇਹ ਨਾਗਰਿਕਾਂ ਦੇ ਸੂਚਨਾ ਅਧਿਕਾਰ ਦੀ ਉਲੰਘਣਾ ਕਰਦੀ ਹੈ, ਖ਼ਾਸਕਰ ਸੰਭਾਵਿਤ ਤੌਰ 'ਤੇ 'ਕੁਝ ਦੇ ਲਈ ਕੁਝ' ਦੇ ਸਿਲਸਿਲੇ ਵਿਚ। ਇਸ ਨੂੰ ਸੌਖੇ ਸ਼ਬਦਾਂ 'ਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਇਕ ਕੰਪਨੀ ਇਕ ਸਿਆਸੀ ਪਾਰਟੀ ਨੂੰ ਚੰਦਾ ਦਿੰਦੀ ਹੈ ਅਤੇ ਉਹ ਪਾਰਟੀ ਸੱਤਾ 'ਚ ਆਉਣ 'ਤੇ ਅਜਿਹੀਆਂ ਯੋਜਨਾਵਾਂ ਪਾਸ ਕਰਨ ਲਗਦੀ ਹੈ, ਜਿਨ੍ਹਾਂ ਨਾਲ ਉਸ ਕੰਪਨੀ ਨੂੰ ਆਰਥਿਕ ਲਾਭ ਪਹੁੰਚੇ। ਇਸ ਲਈ ਨਾਗਰਿਕਾਂ ਨੂੰ ਇਹ ਜਾਨਣ ਦਾ ਅਧਿਕਾਰ ਹੈ ਕਿ ਕਿਹੜੀ ਕੰਪਨੀ ਕਿਸ ਸਿਆਸੀ ਪਾਰਟੀ ਨੂੰ ਕਿੰਨਾ ਚੰਦਾ ਦੇ ਕੇ, ਕਿੰਨਾ ਫਾਇਦਾ ਉਠਾ ਰਹੀ ਹੈ ਅਤੇ ਉਸ ਦਾ ਉਨ੍ਹਾਂ 'ਤੇ ਕੀ ਪ੍ਰਭਾਵ ਪੈ ਰਿਹਾ ਹੈ? ਇਲੈਕਟ੍ਰੋਲ ਬਾਂਡਜ਼ ਯੋਜਨਾ ਤਹਿਤ ਇਹ ਲੈਣ-ਦੇਣ ਗੁਪਤ ਰੱਖਿਆ ਜਾ ਰਿਹਾ ਸੀ, ਜੋ ਇਕ ਤਰ੍ਹਾਂ ਨਾਲ ਨਾਗਰਿਕਾਂ ਦੇ ਨਾਲ ਠੱਗੀ ਮਾਰਨ ਵਾਂਗ ਸੀ। ਹੁਣ ਇਸ ਠੱਗੀ 'ਤੇ ਸ਼ਾਇਦ ਕੁਝ ਤਾਂ ਰੋਕ ਲੱਗ ਹੀ ਸਕੇਗੀ। ਸੁਪਰੀਮ ਕੋਰਟ ਦੇ ਫ਼ੈਸਲੇ ਦਾ ਦੂਜਾ ਮਹੱਤਵਪੂਰਨ ਬਿੰਦੂ ਇਹ ਹੈ ਕਿ ਇਲੈਕਟ੍ਰੋਲ ਬਾਂਡਜ਼ ਜਾਰੀ ਕਰਨ ਵਾਲੇ ਸਟੇਟ ਬੈਂਕ ਆਫ਼ ਇੰਡੀਆ ਨਾਲ ਸੰਬੰਧਿਤ ਸਾਰੇ ਬੈਂਕ ਹੁਣ ਇਨ੍ਹਾਂ ਬਾਂਡਜ਼ ਨੂੰ ਜਾਰੀ ਨਹੀਂ ਕਰ ਸਕਣਗੇ। 'ਸਟੇਟ ਬੈਂਕ ਆਫ਼ ਇੰਡੀਆ' ਨੂੰ 2019 ਤੋਂ ਇਲੈਕਟ੍ਰੋਲ ਬਾਂਡਜ਼ ਦੁਆਰਾ ਦਿੱਤੇ ਗਏ ਦਾਨ ਅਤੇ ਕਿਸ ਸਿਆਸੀ ਪਾਰਟੀ ਨੂੰ ਕਿੰਨਾ ਦਾਨ ਮਿਲਿਆ ਦੀ ਜਾਣਕਾਰੀ ਉਪਲਬਧ ਕਰਵਾਉਣੀ ਹੋਵੇਗੀ।

ਜ਼ਿਕਰਯੋਗ ਹੈ ਕਿ ਦੇਸ਼ 'ਚ ਸਟੇਟ ਬੈਂਕ ਆਫ਼ ਇੰਡੀਆ ਦੀਆਂ ਕੁਲ 29 ਸ਼ਾਖਾਵਾਂ ਨੂੰ ਇਲੈਕਟ੍ਰੋਲ ਬਾਂਡਜ਼ ਜਾਰੀ ਕਰਨ ਦਾ ਅਧਿਕਾਰ ਮਿਲਿਆ ਹੋਇਆ ਸੀ। ਇਨ੍ਹਾਂ ਤੋਂ ਇਲਾਵਾ ਤੁਸੀਂ ਇਲੈਕਟ੍ਰੋਲ ਬਾਂਡਜ਼ ਕਿਤੋਂ ਹੋਰ ਨਹੀਂ ਲੈ ਸਕਦੇ ਸੀ। ਇਹ ਬਾਂਡ ਇਕ ਹਜ਼ਾਰ ਰੁਪਏ ਤੋਂ ਲੈ ਕੇ ਇਕ ਕਰੋੜ ਰੁਪਏ ਤੱਕ ਦੀ ਤੈਅ ਰਕਮ ਦੀ ਸ਼ਕਲ 'ਚ ਨਿਰਧਾਰਿਤ ਸਮੇਂ ਲਈ ਜਾਰੀ ਕੀਤੇ ਜਾਂਦੇ ਸਨ, ਜਿਨ੍ਹਾਂ 'ਤੇ ਵਿਆਜ ਨਹੀਂ ਸੀ ਮਿਲਦਾ। ਇਨ੍ਹਾਂ ਨੂੰ ਖ਼ਾਸ ਸਮਾਂ ਹੱਦ ਅੰਦਰ ਕੁਝ ਖ਼ਾਸ ਸਰਕਾਰੀ ਬੈਂਕਾਂ ਤੋਂ ਹੀ ਖਰੀਦਿਆ ਜਾ ਸਕਦਾ ਸੀ। ਭਾਰਤ ਦੇ ਆਮ ਨਾਗਰਿਕਾਂ ਅਤੇ ਕੰਪਨੀਆਂ ਨੂੰ ਇਹ ਇਜਾਜ਼ਤ ਸੀ ਕਿ ਉਹ ਇਹ ਬਾਂਡ ਖਰੀਦ ਕੇ ਸਿਆਸੀ ਪਾਰਟੀਆਂ ਨੂੰ ਚੰਦੇ ਦੇ ਰੂਪ 'ਚ ਦੇ ਸਕਦੇ ਸਨ। ਦਾਨਕਰਤਾ ਦਾ ਨਾਂਅ ਹੀ ਨਹੀਂ, ਸਗੋਂ ਉਹ ਕਿਸ ਪਾਰਟੀ ਨੂੰ ਇਹ ਬਾਂਡ ਦੇਣਗੇ, ਇਸ ਦੀ ਜਾਣਕਾਰੀ ਵੀ ਗੁਪਤ ਰੱਖੀ ਜਾਂਦੀ ਸੀ। ਦਾਨ ਮਿਲਣ ਦੇ 15 ਦਿਨਾਂ ਅੰਦਰ ਸਿਆਸੀ ਪਾਰਟੀਆਂ ਨੂੰ ਇਹ ਬਾਂਡਜ਼ ਤੁੜਾਉਣੇ (ਭਾਵ ਕੈਸ਼ ਕਰਵਾਉਣੇ) ਪੈਂਦੇ ਸਨ ਅਤੇ ਇਸ ਦੀ ਸੂਚਨਾ ਚੋਣ ਕਮਿਸ਼ਨ ਨੂੰ ਦੇਣੀ ਪੈਂਦੀ ਸੀ। ਇਲੈਕਟ੍ਰੋਲ ਬਾਂਡਜ਼ ਦੇ ਮਾਧਿਅਮ ਨਾਲ ਸਿਰਫ਼ ਉਹੀ ਰਜਿਸਟਰ ਸਿਆਸੀ ਪਾਰਟੀਆਂ ਚੰਦਾ ਲੈ ਸਕਦੀਆਂ ਸਨ, ਜਿਨ੍ਹਾਂ ਨੂੰ ਪਿਛਲੀਆਂ ਸੰਸਦੀ ਜਾਂ ਵਿਧਾਨ ਸਭਾ ਚੋਣਾਂ ਵਿਚ ਘੱਟ ਤੋਂ ਘੱਟ ਇਕ ਫ਼ੀਸਦੀ ਵੋਟਾਂ ਮਿਲੀਆਂ ਹੋਣ।

ਸੁਪਰੀਮ ਕੋਰਟ ਦੇ ਫ਼ੈਸਲੇ 'ਚ ਤੀਜਾ ਮਹੱਤਵਪੂਰਨ ਬਿੰਦੂ ਇਹ ਹੈ ਕਿ ਸਿਆਸੀ ਪਾਰਟੀਆਂ ਨੂੰ ਆਰਥਿਕ ਸਹਿਯੋਗ ਦੋ ਮਹੱਤਵਪੂਰਨ ਕਾਰਨਾਂ ਨਾਲ ਦਿੱਤਾ ਜਾਂਦਾ ਹੈ ਇਕ, ਸੰਬੰਧਿਤ ਸਿਆਸੀ ਪਾਰਟੀ ਦਾ ਸਮਰਥਨ ਕਰਨ ਲਈ ਅਤੇ ਦੂਜਾ 'ਕੁਇਡ ਪ੍ਰੋ ਕੂਓ' (ਕੁਝ ਦੇ ਲਈ ਕੁਝ), ਜਿਸ ਦੇ ਬਾਰੇ ਉਪਰ ਦੱਸਿਆ ਜਾ ਚੁੱਕਾ ਹੈ। ਇਨ੍ਹਾਂ ਦੋਵਾਂ ਹੀ ਸੂਰਤਾਂ 'ਚ ਨਾਗਰਿਕਾਂ ਦਾ ਇਹ ਅਧਿਕਾਰ ਹੈ ਕਿ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੌਣ ਕਿਸ ਦਾ ਸਮਰਥਨ ਕਿਸ ਉਦੇਸ਼ ਨਾਲ ਕਰ ਰਿਹਾ ਹੈ। ਇਲੈਕਟ੍ਰੋਲ ਬਾਂਡਜ਼ ਯੋਜਨਾ ਨਾਗਰਿਕਾਂ ਨੂੰ ਉਨ੍ਹਾਂ ਦੇ ਇਸੇ ਅਧਿਕਾਰ ਤੋਂ ਵਾਂਝਾ ਕਰ ਰਹੀ ਸੀ। ਭਾਰਤ 'ਚ ਸਿਆਸੀ ਪਾਰਟੀਆਂ ਜਿਸ ਤਰ੍ਹਾਂ ਖ਼ੁਦ ਲਈ ਚੰਦਾ ਜੁਟਾਉਂਦੀਆਂ ਹਨ, ਉਹ ਹਮੇਸ਼ਾ ਤੋਂ ਹੀ ਸ਼ੱਕੀ ਰਿਹਾ ਹੈ। ਇਸ ਲਈ ਚੋਣ ਫੰਡਿੰਗ ਨੂੰ ਸਾਫ਼-ਸੁਥਰਾ ਬਣਾਉਣ ਦੇ ਮਕਸਦ ਨਾਲ ਕੇਂਦਰ ਸਰਕਾਰ ਨੇ 2 ਜਨਵਰੀ, 2018 ਨੂੰ ਚੋਣ ਬਾਂਡਜ਼ ਯੋਜਨਾ ਲਿਆਉਣ ਦਾ ਐਲਾਨ ਕੀਤਾ ਸੀ। ਪੰਜ ਵੱਡੇ ਕਾਨੂੰਨਾਂ ਆਰ.ਬੀ.ਆਈ. ਕਾਨੂੰਨ 1934 ਦੀ ਧਾਰਾ 31, ਲੋਕ ਪ੍ਰਤੀਨਿਧੀਤਵ ਅਧਿਨਿਯਮ 1951 ਦੀ ਧਾਰਾ 29ਸੀ, ਆਮਦਨ ਕਰ ਅਧਿਨਿਯਮ 1961 ਦੀ ਧਾਰਾ 31ਏ, ਕੰਪਨੀ ਕਾਨੂੰਨ 2013 ਦੀ ਧਾਰਾ 182 ਅਤੇ ਵਿਦੇਸ਼ੀ ਅੰਸ਼ਦਾਨ (ਵਿਨਿਯਮਨ) ਅਧਿਨਿਯਮ 2010 ਦੀ ਧਾਰਾ 2(1) 'ਚ ਸੋਧ ਕਰਕੇ ਵਿੱਤ ਕਾਨੂੰਨ 2017 ਜ਼ਰੀਏ ਇਸ ਯੋਜਨਾ ਨੂੰ ਲਿਆਂਦਾ ਗਿਆ ਸੀ। ਪਰ ਇਸ ਯੋਜਨਾ ਦਾ ਐਲਾਨਿਆਂ ਟੀਚਾ ਕਦੇ ਪੂਰਾ ਨਾ ਹੋ ਸਕਿਆ ਅਤੇ ਇਹ ਪੂਰਾ ਹੋ ਵੀ ਨਹੀਂ ਸਕਦਾ ਸੀ; ਕਿਉਂਕਿ ਪਰਦੇ ਦੇ ਪਿੱਛੇ ਕੀਤੀਆਂ ਗਈਆਂ ਚੀਜ਼ਾਂ ਹਮੇਸ਼ਾ ਸ਼ੱਕ ਪੈਦਾ ਕਰਦੀਆਂ ਹਨ। ਇਸ ਲਈ ਇਹ ਯੋਜਨਾ ਆਉਂਦਿਆਂ ਸਾਰ ਹੀ ਲਗਾਤਾਰ ਵਿਵਾਦਾਂ ਦੇ ਘੇਰੇ 'ਚ ਰਹੀ।

ਇਸ ਨੂੰ 'ਲੋਕਤੰਤਰ ਨਾਲ ਖਿਲਵਾੜ' ਦੱਸ ਕੇ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਗਈ ਸੀ, ਜਿਸ ਨੂੰ ਲਗਭਗ ਦੋ ਸਾਲ ਬਾਅਦ ਭਾਵ ਅਕਤੂਬਰ 2023 'ਚ ਸੁਪਰੀਮ ਕੋਰਟ ਨੇ ਮੁੜ ਸੁਣਨਾ ਸ਼ੁਰੂ ਕੀਤਾ ਅਤੇ ਹੁਣ ਜਾ ਕੇ ਆਪਣਾ ਮਹੱਤਵਪੂਰਨ ਫ਼ੈਸਲਾ ਦਿੱਤਾ। ਹਾਲਾਂਕਿ ਇਸ ਯੋਜਨਾ ਨੂੰ ਲਿਆਉਣ ਸੰਬੰਧੀ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਇਸ ਨਾਲ ਕਾਲੇ ਧਨ 'ਤੇ ਰੋਕ ਲੱਗੇਗੀ, ਪਰ ਸੁਪਰੀਮ ਕੋਰਟ ਇਸ ਨਾਲ ਸਹਿਮਤ ਨਹੀਂ ਹੋਇਆ ਅਤੇ ਉਸ ਅਨੁਸਾਰ ਕਾਲੇ ਧਨ 'ਤੇ ਰੋਕ ਲਗਾਉਣ ਦੇ ਹੋਰ ਵੀ ਕਈ ਬਦਲ ਹਨ, ਜਿਨ੍ਹਾਂ ਦਾ ਇਮਾਨਦਾਰੀ ਤੇ ਸਖ਼ਤੀ ਨਾਲ ਪਾਲਣ ਕੀਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਸਾਰੇ ਰਾਜਨੀਤਕ ਦਾਨ ਪਬਲਿਕ ਪਾਲਿਸੀ (ਜਨਤਕ ਨੀਤੀ) ਨੂੰ ਬਦਲਣ ਦੇ ਉਦੇਸ਼ ਨਾਲ ਨਹੀਂ ਦਿੱਤੇ ਜਾਂਦੇ। ਵਿਦਿਆਰਥੀ, ਮਜ਼ਦੂਰ ਆਦਿ ਵੀ ਰਾਜਨੀਤਕ ਪਾਰਟੀਆਂ ਨੂੰ ਚੰਦਾ ਦਿੰਦੇ ਹਨ। ਪਰ ਇਕ ਕੰਪਨੀ ਜੋ ਚੰਦਾ ਦਿੰਦੀ ਹੈ, ਉਸ ਦਾ ਜ਼ਿਆਦਾ ਪ੍ਰਭਾਵ ਪੈਂਦਾ ਹੈ ਬਜਾਏ ਵਿਅਕਤੀਗਤ ਦਾਨ ਦੇ। ਕੰਪਨੀਆਂ ਦਾ ਦਾਨ ਪੂਰਨ ਤੌਰ 'ਤੇ ਵਪਾਰਕ ਲੈਣ-ਦੇਣ ਹੁੰਦਾ ਹੈ। ਇਸ ਲਈ ਕੰਪਨੀਆਂ ਅਤੇ ਵਿਅਕਤੀਆਂ ਨੂੰ ਇਕ ਤਰਾਜ਼ੂ 'ਚ ਨਹੀਂ ਤੋਲਿਆ ਜਾ ਸਕਦਾ। ਇਸ ਲਈ ਕੰਪਨੀ ਕਾਨੂੰਨ 2013 ਦੀ ਧਾਰਾ 182 'ਚ ਕੀਤੀ ਗਈ ਸੋਧ ਮਨਮਰਜ਼ੀ ਵਾਲੀ ਜਾਪਦੀ ਹੈ।

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀ ਅਗਵਾਈ 'ਚ ਪੰਜ ਮੈਂਬਰਾਂ ਦੀ ਬੈਂਚ ਨੇ ਸਰਬਸੰਮਤੀ ਨਾਲ ਇਲੈਕਟ੍ਰੋਲ ਬਾਂਡਜ਼ ਯੋਜਨਾ ਨੂੰ 'ਅਸੰਵਿਧਾਨਕ' ਐਲਾਨਦਿਆਂ ਰੱਦ ਕਰ ਦਿੱਤਾ ਅਤੇ ਦੋ ਟੁੱਕ ਸ਼ਬਦਾਂ 'ਚ ਕਿਹਾ ਕਿ 'ਵੋਟ ਦੇ ਅਧਿਕਾਰ ਲਈ ਸੂਚਨਾ ਦਾ ਮਿਲਣਾ ਜ਼ਰੂਰੀ ਹੈ'। ਫ਼ੈਸਲੇ ਅਨੁਸਾਰ ਭਾਰਤੀ ਚੋਣ ਕਮਿਸ਼ਨ ਨੂੰ 13 ਮਾਰਚ 2024 ਤੱਕ ਆਪਣੀ ਵੈੱਬਸਾਈਟ 'ਤੇ ਇਲੈਕਟ੍ਰੋਲ ਬਾਂਡਜ਼ ਦੀ ਖਰੀਦ ਦਾ ਵੇਰਵਾ ਪ੍ਰਕਾਸ਼ਿਤ ਕਰਨਾ ਹੋਵੇਗਾ। ਸਾਲ 2019 ਤੋਂ ਕਿਸ ਪਾਰਟੀ ਨੂੰ ਕਿੰਨਾ ਦਾਨ ਮਿਲਿਆ ਹੈ, ਇਸ ਦੀ ਜਾਣਕਾਰੀ ਵੀ ਸਟੇਟ ਬੈਂਕ ਆਫ਼ ਇੰਡੀਆ ਨੂੰ ਚੋਣ ਕਮਿਸ਼ਨ ਨੂੰ ਉਪਲਬੱਧ ਕਰਵਾਉਣੀ ਹੋਵੇਗੀ। ਸੁਪਰੀਮ ਕੋਰਟ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਉਂਕਿ ਸਿਆਸੀ ਪਾਰਟੀਆਂ ਦੀ ਚੋਣ ਪ੍ਰਕਿਰਿਆ 'ਚ ਭੂਮਿਕਾ ਮਹੱਤਵਪੂਰਨ ਹੁੰਦੀ ਹੈ ਅਤੇ ਉਨ੍ਹਾਂ ਨੂੰ ਹੀ ਚੰਦਾ ਮਿਲਦਾ ਹੈ, ਇਸ ਲਈ ਆਪਣੀ ਵੋਟ ਪਾਉਣ ਲਈ ਨਾਗਰਿਕਾਂ ਨੂੰ ਜ਼ਰੂਰੀ ਸੂਚਨਾ ਹਾਸਲ ਕਰਨ ਦਾ ਅਧਿਕਾਰ ਹੈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਬੁਨਿਆਦੀ ਤੌਰ 'ਤੇ ਇਹ ਤੈਅ ਹੋ ਸਕਦਾ ਹੈ ਕਿ ਆਉਣ ਵਾਲੀਆਂ ਆਮ ਚੋਣਾਂ (ਜੋ ਸੰਭਾਵਿਤ ਤੌਰ 'ਤੇ ਮਾਰਚ ਤੇ ਮਈ ਦਰਮਿਆਨ ਹੋ ਸਕਦੀਆਂ ਹਨ) ਕਿਸ ਤਰ੍ਹਾਂ ਨਾਲ ਲੜੀਆਂ ਜਾਣਗੀਆਂ, 'ਅਨਟ੍ਰੇਸਡ ਮਨੀ' (ਅਣਪਛਾਤੇ ਧਨ) ਦੀ ਉਨ੍ਹਾਂ 'ਚ ਕਿੰਨੀ ਭੂਮਿਕਾ ਰਹੇਗੀ ਅਤੇ ਕਿਸ ਸਿਆਸੀ ਪਾਰਟੀ ਕੋਲ ਸਿਆਸੀ 'ਲੈਂਡਸਕੇਪ' (ਭੂ-ਦ੍ਰਿਸ਼) ਨੂੰ ਪ੍ਰਭਾਵਿਤ ਕਰਨ ਦੇ ਸਾਧਨ ਹਨ?

ਯਾਦ ਰਹੇ ਕਿ ਸਾਲ 2018 ਤੋਂ ਬਾਅਦ ਸਿਆਸੀ ਪਾਰਟੀਆਂ ਨੂੰ ਲਗਭਗ 16000 ਕਰੋੜ ਰੁਪਏ ਦਾ ਗੁਪਤ ਦਾਨ ਦਿੱਤਾ ਜਾ ਚੁੱਕਾ ਹੈ, ਜਿਸ 'ਚੋਂ ਐਸੋਸਇਏਸ਼ਨ ਆਫ਼ ਡੈਮੋਕ੍ਰੇਟਿਕ ਰਿਫਾਰਮ (ਏ.ਡੀ.ਆਰ.), ਜੋ ਕਿ ਇਕ ਗ਼ੈਰ-ਸਰਕਾਰੀ ਸੰਗਠਨ ਹੈ, ਦੇ ਅਨੁਸਾਰ ਲਗਭਗ 57 ਫ਼ੀਸਦੀ ਦਾਨ ਸੱਤਾਧਾਰੀ ਭਾਜਪਾ ਨੂੰ ਮਿਲਿਆ ਹੈ, ਇਹ ਫ਼ੈਸਲਾ ਏ.ਡੀ.ਆਰ. ਦੀ ਪਟੀਸ਼ਨ 'ਤੇ ਹੀ ਆਇਆ ਹੈ, ਜਿਸ ਦਾ ਕਹਿਣਾ ਹੈ ਕਿ ਇਲੈਕਟ੍ਰੋਲ ਬਾਂਡਜ਼ ਯੋਜਨਾ ਵਰਗੀ ਗੁਪਤਤਾ ਦੀ ਜ਼ਰੂਰਤ ਨਹੀਂ ਹੈ, ਸ਼ੱਕੀ ਦਾਨ ਨੂੰ ਸਿਰਫ਼ ਪਾਰਦਰਸ਼ਤਾ ਨਾਲ ਹੀ ਰੋਕਿਆ ਜਾ ਸਕਦਾ ਹੈ। ਧਿਆਨ ਰਹੇ ਕਿ ਲਾਅ ਕਮਿਸ਼ਨ ਨੇ ਆਪਣੀ 255ਵੀਂ ਰਿਪੋਰਟ 'ਚ ਕਿਹਾ ਸੀ ਕਿ ਚੋਣ ਫੰਡਿੰਗ 'ਚ ਅਪਾਰਦਰਸ਼ਤਾ ਵੱਡੇ ਦਾਨਕਰਤਾਵਾਂ ਵਲੋਂ ਸਰਕਾਰ ਨੂੰ 'ਕੈਪਚਰ' ਕਰਨ ਵਰਗੀ ਹੈ। ਚੋਣਾਵੀਂ ਦਾਨ ਭ੍ਰਿਸ਼ਟਾਚਾਰ ਦਾ ਵੱਡਾ ਸਰੋਤ ਹੈ। ਇਸ ਭ੍ਰਿਸ਼ਟਾਚਾਰ 'ਤੇ ਰੋਕ ਇਸ ਤਰ੍ਹਾਂ ਲਗ ਸਕਦੀ ਹੈ ਕਿ ਇਕ ਰਾਸ਼ਟਰੀ ਚੋਣ ਫੰਡ ਦਾ ਗਠਨ ਕੀਤਾ ਜਾਵੇ, ਜਿਸ 'ਚ ਸਾਰੇ ਦਾਨ ਕਰ ਸਕਦੇ ਹੋਣ। ਇਸ ਫੰਡ ਨੂੰ ਸਾਰੀਆਂ ਸਿਆਸੀ ਪਾਰਟੀਆਂ 'ਚ ਉਨ੍ਹਾਂ ਨੂੰ ਮਿਲਣ ਵਾਲੀਆਂ ਵੋਟਾਂ ਦੇ ਅਨੁਪਾਤ ਨਾਲ ਵੰਡ ਕੇ ਦੇਣਾ ਚਾਹੀਦਾ ਹੈ। ਇਸ ਨਾਲ ਦਾਨਕਰਤਾਵਾਂ ਦੀ ਪਛਾਣ ਵੀ ਸੁਰੱਖਿਅਤ ਰਹੇਗੀ ਅਤੇ ਸਿਆਸੀ ਚੰਦੇ 'ਚ ਕਾਲੇ ਧਨ 'ਤੇ ਵੀ ਰੋਕ ਲੱਗੇਗੀ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

**Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.**

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-105

ਇਸਦੀ ਤੀਸਰੀ ਬ੍ਰਾਂਚ ਮੈਂਡੀਬੁਲਰ ਹੁੰਦੀ ਹੈ ਜਿਹੜੀ ਹੇਠਲੇ ਜਬਾੜ੍ਹੇ ਨੂੰ ਕੰਟਰੋਲ ਕਰਦੀ ਹਾਂ। ਮੁੱਕਦੀ ਗੱਲ ਇਸ ਦਾ ਕੰਮ ਚਿਹਰੇ ਤੇ ਗੱਲ੍ਹਾਂ ਵਿੱਚ ਅਹਿਸਾਸ ਕਰਵਾਉਣਾ ਹੁੰਦਾ ਹੈ ਅਤੇ ਜਬਾੜਿਆਂ ਦੀ ਹਿਲ-ਜੁਲ ਕਰਨ ਦੀ ਜ਼ੁੰਮੇਵਾਰੀ ਇਸ ਦੀ ਹੁੰਦੀ ਹੈ।

**ਐਬਡੂਸੈਨਸ ਨਸ** : ਇਸ ਦੀਆਂ ਦੋ ਬਰਾਚਾਂ ਹੁੰਦੀਆਂ ਹਨ ਇਕ ਨੂੰ ਉਪਰ ਵਾਲੀ ਯਾਨੀ ਸੁਪੀਰੀਅਰ ਓਬਲੀਕ ਕਹਿੰਦੇ ਹਨ ਜਿਹੜੀ ਅੱਖ ਦੇ ਆਨੇ ਨੂੰ ਹਿਲ-ਜੁਲ ਕਰਨ ਲਈ ਉੱਪਰੋਂ ਮਦਦ ਕਰਦੀ ਹੈ। ਦੂਸਰੀ ਅੱਖ ਦੀ ਬਾਹਰਲੇ ਸਾਈਡ ਵਾਲੇ ਪਾਸੇ ਤੋਂ ਅੱਖ ਦੀ ਹਿਲ-ਜੁਲ ਕੰਟਰੋਲ ਕਰਦੀ ਹੈ। ਸਮੁੱਚੇ ਤੌਰ 'ਤੇ ਇਹ ਵੀ ਅੱਖ ਨੂੰ ਹਿਲ ਜੁਲ ਕਰਨ ਵਿੱਚ ਸਹਾਈ ਹੁੰਦੀ ਹੈ ।

FACIAL NERVE ਚਿਹਰੇ ਦੀ ਨਸ ਇਸ ਨੂੰ ਸੁਆਦ ਦੀ ਕਿਸੇ ਚੀਜ਼ ਨੂੰ ਟੇਸਟ ਕਰਨ ਵਾਲੀ ਨਸ ਵੀ ਕਹਿੰਦੇ ਹਨ।

ਯਾਨੀ ਜੀਭ ਰਾਹੀਂ ਟੇਸਟ ਕਰਕੇ ਦਿਮਾਗ ਨੂੰ ਸੂਚਨਾ ਦੇਣ ਵਾਲੀਆਂ ਨਸਾਂ ਕਿ ਜੀਭ ਨੂੰ ਛੂਹਣ ਵਾਲੇ ਪਦਾਰਥ ਦਾ ਸੁਆਦ ਕਿਹੋ ਜਿਹਾ ਹੈ। ਨੱਕ ਰਾਹੀਂ ਸੁੰਘੇ ਜਾਣ ਵਾਲੇ ਪਦਾਰਥ ਦੀ ਗੰਧ ਜਾਂ ਸੁਗੰਧ ਕਿਹੋ ਜਿਹੀ ਹੈ ਜਾਂ ਕੰਨਾ ਰਾਹੀਂ ਸੁਣੀ ਜਾਣ ਵਾਲੀ ਅਵਾਜ਼ ਦੀ ਪਛਾਣ ਕੀ ਹੈ ਜਾਂ ਕੀ ਕੀ ਰਹੀ ਹੈ। ਫੇਸ਼ੀਅਲ ਵਰਜ ਵਿਚ ਪਹਿਲੀ ਹੈ ਸੁਣਨ ਵਾਲੀ ਦੂਜੀ ਹੈ ਸੰਘ ਤੋਂ ਬੁਰਕੀ ਲੰਘਾਉਣ ਵਾਲੀ ਯਾਨੀ ਗਲਾਸੋਫਰਿੰਨਜੀਅਲ। ਤੀਸਰਾ ਹਿੱਸਾ ਹੈ ਵੇਗਸ ਨਰਵ ਯਾਨੀ ਦਸਵੀ ਕਰੇਨੀਅਲ ਨਰਵ ਦਾ ਜਿਹੜੀ ਦਿਲ ਤੇ ਹਾਜ਼ਮੇ ਨਾਲ ਸੰਬੰਧਿਤ ਕਾਰਵਾਈ ਸੰਭਾਲਦੀ ਹੈ।

ਚੌਥੀ ਹੈ ਅਸੈਸਰੀ ਨਰਵ ਜਿਹੜੀ ਧੌਣ ਮੋਢੇ ਤੇ ਬਾਂਹ ਦੀਆਂ ਮਾਸਪੇਸ਼ੀਆਂ ਦੀ ਹਰਕਤ ਲਈ ਜ਼ੁੰਮੇਵਾਰ ਹੈ। ਪੰਜਵੀਂ ਨੱਸ ਜੀਭ ਦੀ ਹਿਲਜੁਲ ਲਈ ਜ਼ੁੰਮੇਵਾਰ ਹੈ।

**HTH CRANIAL NERVE VESTIBULOCOCHLEAR ਅੱਠਵੀਂ ਕਰੇਨੀਅਲ ਨਰਵ ਵੈਸਟੀਬਿਊਲੋਕੋਕਲੀਅਰ ਨਰਵ** : ਇਹ ਦੋ ਤਰ੍ਹਾਂ ਦੀ ਨਰਵ ਕਾਰਵਾਈ ਹੈ ਪਹਿਲੇ ਹਿੱਸੇ ਦਾ ਨਾਂ ਵੈਸਟੀਬਿਊਲਰ ਤੇ ਦੂਜੇ ਹਿੱਸੇ ਦਾ ਨਾ ਕੌਕਲੀਅਰ ਹੈ। ਵੈਸਟੀਬਿਊਲਰ ਹਿੱਸਾ ਸਰੀਰ ਦਾ ਸੰਤੁਲਨ ਬਣਾ ਕੇ ਰੱਖਣ ਅਤੇ ਅੱਖਾਂ ਦੀ ਹਰਕਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ ਜਦੋਂ ਕਿ ਕੋਕਲੀਅਰ ਹਿੱਸਾ ਸੁਣਨ ਸ਼ਕਤੀ ਦਾ ਜ਼ੁੰਮੇਵਾਰ ਹੈ।

**ਕਰੇਨੀਅਲ ਨਰਵ (ਗਲਾਸੋ ਫਰਿੰਜੀਅਲ ਨਰਵ)** : ਇਹ ਜੀਭ ਦੇ ਪਿਛਲੇ ਹਿੱਸੇ ਦੀ ਕਾਰਵਾਈ ਨੂੰ ਕੰਟਰੋਲ ਕਰਦੀ ਹੈ, ਨਾਲ ਹੀ ਨਾਲ ਟੋਂਸਿਲ ਤੇ ਖੁਰਾਕ ਨਾਲੀ ਦੇ ਫੈਰੈਕਸ ਵਾਲੇ ਹਿੱਸੇ ਨੂੰ ਕੰਟਰੋਲ ਕਰਦੀ ਹੈ। ਇਹ ਮੈਡੂਲਾ ਓਬਲੌਂਗਟਾ ਤੋਂ ਸ਼ੁਰੂ ਹੋਕੇ ਖੁਰਾਕ ਨਾਲੀ ਦੇ ਫੈਰੈਕਸ ਵਾਲੇ ਹਿੱਸੇ ਤੱਕ ਜਾਂਦੀ ਹੈ।

ਖੋਪੜੀ ਵਿੱਚੋਂ ਨਿਕਲਦੀਆਂ ਸਾਰੀਆਂ ਨਰਵਜ ਤੋਂ ਸਭ ਤੋਂ ਲੰਬੀ ਤੇ ਬੜੀ ਮਹੱਤਵ ਪੂਰਨ ਨਰਵ ਹੈ। ਦਸਵੀਂ ਕਰੇਨੀਅਲ ਨਰਵ ਭਾਵ ਵੇਗਸ ਨਰਵ। ਬੇਸ਼ੱਕ ਸਾਰੀਆਂ ਬਾਰਾਂ ਜੋੜੇ ਨਰਵਜ ਹੀ ਬਹੁਤ ਜ਼ਰੂਰੀ ਹਨ ਤੇ ਬਹੁਤ ਮਹੱਤਵਪੂਰਨ ਕਰਵਾਈ ਸਰੀਰ ਵਿੱਚ ਨਿਭਾਉਣ ਲਈ ਜ਼ੁੰਮੇਵਾਰ ਹਨ ਪਰ ਵੇਗਸ ਨਰਵ ਯਾਨੀ ਬਰੇਨ ਦੇ ਪਿਛਲੇ ਹਿੱਸੇ ਵਿੱਚੋਂ ਨਿਕਲਦਾ ਸਰੀਰ ਦੇ ਸੱਜੇ ਅਤੇ ਖੱਬੇ ਦੋਹਾਂ ਪਾਸਿਆਂ ਤੇ ਕਾਰਵਾਈ ਕਰਨ ਵਾਲਾ ਨਸਾ ਦਾ ਦਸਵਾਂ ਜੋੜਾ ਕੋਈ ਇਕ ਅੰਗ ਕਿਸੇ ਇਕ ਕਾਰਵਾਈ ਨਾਲ ਸਬੰਧਿਤ ਨਹੀਂ ਹੈ ਬਲਕਿ ਬਹੁਤ ਸਾਰੇ ਸਰੀਰ ਦੇ ਭਾਗਾਂ ਵਿੱਚੋਂ ਹੁੰਦਾ ਹੋਇਆ ਬਹੁਤ ਸਾਰੇ ਅੰਗਾਂ ਦੀਆਂ ਕਾਰਵਾਈਆਂ ਦੀ ਕਾਰਵਾਈ ਲਈ ਜ਼ੁੰਮੇਵਾਰ ਵੀ ਹੈ ਤੇ ਨਿਗਰਾਨ ਵੀ ਹੈ। ਇਹ ਬਰੇਨ ਦੇ ਪਿਛਲੇ ਪਾਸੇ ਪੈਨਸ ਤੇ ਵਰਟੇਬਰਲ ਨਰਵਜ ਯਾਨੀ ਸਪਾਈਨਲ ਕੌਰਡ ਦੇ ਰੀੜ ਦੀ ਹੱਡੀ ਵਿਚ ਦਾਖਲੇ ਵਾਲੇ ਜੋੜ ਦੇ ਵਿਚਕਾਰ ਤੋਂ ਸ਼ੁਰੂ ਹੁੰਦੀ ਹੈ। ਗਰਦਨ ਦੇ ਦੋਹੀਂ ਪਾਸੀਂ ਲੰਘਦੀ ਥਾਇਰਾਇਡ ਗਲੈਂਡ ਪਾਰਾਥਾਇਰਾਇਡ ਗਲੈਂਡ ਟੌਂਸਿਲ ਵਗੈਰਾ ਦੀ ਕਾਰਵਾਈ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਦੀ ਜ਼ੁੰਮੇਵਾਰੀ ਨਿਭਾਉਂਦੀ ਹੈ। ਇਸ ਤੋਂ ਹੇਠਾਂ ਛਾਤੀ ਦੇ ਏਰੀਏ ਵਿੱਚ ਦਾਖਲ ਹੁੰਦਿਆਂ ਟਰੇਕੀਆ ਤੋ ਹੇਠਾਂ ਵੱਡੀ ਬਰੌਂਕਸ ਨਾਲੀ ਤੇ ਲੰਗਜ ਯਾਨੀ ਫੇਫੜੇ ਅਤੇ ਫੇਫੜਿਆਂ ਵਿੱਚ ਹਵਾ ਦੇ ਲੈਣ ਦੇਣ ਯਾਨੀ ਕਾਰਬਨ ਦੇ ਬਾਹਰ ਨਿਕਲਣ ਅਤੇ ਆਕਸੀਜਨ ਦੇ ਫੇਫੜਿਆਂ ਵਿਚ ਦਾਖਲ ਹੋਣ ਨੂੰ ਯਕੀਨੀ ਬਣਾਉਂਦੀ ਹੈ।

ਇਸੇ ਹੀ ਏਰੀਏ ਵਿੱਚ ਇਹ ਦਿਲ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਕਾਰਵਾਈ ਸੰਭਾਲਦੀ ਹੈ। ਇਸ ਤੋ ਹੇਠਾਂ ਪੇਟ ਵਿਚ ਦਾਖਲ ਹੁੰਦੀ ਹੈ ਤੇ ਪੇਟ ਦੇ ਉਪਰਲੇ ਹਿੱਸੇ ਵਿੱਚ ਸਟੌਮਿਕ ਸਾਨੀ ਮਿਹਦੇ ਜਿਸ ਵਿਚ ਸਾਡੀ ਖੁਰਾਕ ਦਾਖਲ ਹੁੰਦੀ ਹੈ ਉਸ ਦੇ ਕੰਟਰੋਲ ਦੇ ਨਾਲ ਨਾਲ ਮਿਹਦੇ ਦੋਹੀਂ ਪਾਸੀਂ ਸੱਜੇ ਲਿਵਰ ਤੇ ਖੱਬੇ ਤਿੱਲੀ ਦੀ ਕਾਰਵਾਈ ਦੀ ਜ਼ੁੰਮੇਵਾਰੀ ਸੰਭਾਲਦੀ ਹੈ। ਲਿਵਰ ਤੋਂ ਹੇਠਾਂ ਗਾਲ ਬਲੈਡਰ ਤੇ ਪੇਟ ਦੇ ਇਸ ਤੋ ਹੇਠਲੇ ਹਿੱਸੇ ਵਿਚ ਦੋਹਾਂ ਕਿਡਨੀਆਂ ਦਾ ਕੰਟਰੋਲ ਵੀ ਇਸੇ ਵੇਗਸ ਨਰਵ ਕੋਲ ਹੀ ਹੈ। ਇਸ ਦੇ ਨਾਲ ਨਾਲ ਛੋਟੀ ਤੇ ਵੱਡੀ ਆਤੜੀ ਦਾ ਕੰਟਰੋਲ ਵੀ ਵੇਗਸ ਨਰਵ ਕਰਦੀ ਹੈ। ਇਸ ਦੀ ਮਹੱਤਤਾ ਉਸ ਵੇਲੇ ਹੋਰ ਵੱਧ ਜਾਂਦੀ ਹੈ ਜਦ ਕਲੀਨੀਕਲੀ ਦਿਲ ਦੀਆਂ ਬਿਮਾਰੀਆਂ ਤੇ ਖ਼ਾਸ ਕਰ ਪੇਟ ਦੇ ਹੇਠਲੇ ਹਿੱਸੇ ਦੇ ਸੱਜੇ ਪਾਸੇ ਛੋਟੀ ਤੇ ਵੱਡੀ ਆਤੜੀ ਦੇ ਮਿਲਣ ਵਾਲਾ ਜੋੜ ਹੈ ਜਿਸ ਨੂੰ ਸੀਕਲ ਵਾਲਵ ਵੀ ਕਹਿੰਦੇ ਹਨ ਉਸਦਾ ਕੰਟਰੋਲ ਵੀ ਇਸ ਨੇਗਸ ਨਰਵ ਕੋਲ ਹੀ ਹੈ। ਖ਼ਾਸ ਗੱਲ ਇਹ ਹੈ ਕਿ ਵੇਗਸ ਨਰਵ ਦੇ ਸਾਰੇ ਰਸਤੇ ਵਿਚ ਯਾਨੀ ਸ਼ੁਰੂ ਤੋਂ ਅੰਤ ਤੱਕ ਇਹਦੀ ਜਦ ਵਿਚ ਆਏ ਸਾਰੇ ਅੰਗ ਇਹਦੇ ਵਿਕਾਰਾਂ ਦਾ ਪ੍ਰਭਾਵ ਕਬੂਲਦੇ ਹਨ ਤੇ ਉਸ ਅਨੁਸਾਰ ਹੀ ਅੰਗਾਂ ਨੂੰ ਪਰਭਾਵਤ ਕਰਦੇ ਹਨ।

ਹੋਰ ਸਪਸਟ ਕਰਾ ਇਹਦੇ ਅਸਰ ਹੇਠ ਦਿਲ ਕੇ ਇਹਦੇ ਅਸਰ ਹੇਠ ਅਪੈਨਡਿਕਸ ਆਮ ਤੌਰ 'ਤੇ ਇਕੱਠਿਆਂ ਹੀ ਪਰਭਾਵਤ ਹੁੰਦੇ ਹਨ ਤੇ ਇਹਨਾਂ ਰਾਹੀਂ ਪੈਦਾ ਕੀਤੀਆਂ ਜਾਣ ਵਾਲੀਆਂ ਕੁਝ ਕੁਝ ਵੇਗਸ ਨਰਵ ਦੀਆਂ ਨਿਸ਼ਾਨੀਆਂ ਵੀ ਤਕਰੀਬਨ ਉਹੀ ਹੁੰਦੀਆਂ ਹਨ। ਜਿਵੇਂ ਜੀ ਕੀਤਾ ਹੋਣਾ ਜਾਂ ਉਲਟੀਆਂ ਆਉਣਾ ਘਬਰਾਹਟ ਠੰਡੀਆਂ ਤਰੇਲੀਆਂ ਵਗੈਰਾ ਪੈਦਾ ਹੁੰਦੀਆਂ ਹਨ। ਅਗਰ ਇਹ ਕਿਹਾ ਜਾਵੇਂਕਿ ਸੈਂਟਰਲ ਨਰਵਸ ਸਿਸਟਮ ਪੇਟ ਤੇ ਛਾਤੀ ਦੇ ਅੰਗਾਂ ਦੀ ਮੁੱਖ ਰੂਪ ਵਿਚ ਕਾਰਵਾਈ ਇਸ ਵੇਗਸ ਨਰਵ ਦੀ ਹੀ ਹੈ।

AAth (ACCESARY NERVE ) ਅਸੈਸਰੀ ਨਰਵ ਵੀ ਕਹਿੰਦੇ ਹਨ। ਇਹਦਾ ਕੰਮ ਕੰਟਰੋਲ ਟਰੈਪੀਜੀਅਸ ਮਸਲ ਅਤੇ ਸਟਰਨੋਕਲਾਈਡੋਮੈਸਟੁਆਇਡ ਮਸਲ ਦੀ ਕਾਰਵਾਈ ਨੂੰ ਕੰਟਰੋਲ ਕਰਨਾ ਹੈ ਸਟਰਨੋਕਲਾਇਡੋ ਮਸਲ ਯਾਨੀ ਧੌਣ ਦੀ ਉਹ ਮਾਸਪੇਸ਼ੀ ਹੈ ਜਿਸਨੂੰ ਬਿਉਟੀ ਮਸਲ ਵੀ ਕਹਿੰਦੇ ਹਨ। ਅਤੇ ਇਹ ਉੱਪਰੋਂ ਕੰਨ ਦੇ ਪਿਛਲੇ ਪਾਸੇ ਖੋਪੜੀ ਦੀ ਹੱਡੀ ਦੇ ਸਟੀਲੋਆਇਡ ਪਰੌਸਿਸ ਯਾਨੀ ਉਭਾਰ ਜਾਂ ਇੱਕ ਵੱਧੀ ਹੋਈ ਹੱਡੀ ਦੇ ਰੂਪ ਵਿਚ ਉਭਰੇ ਹੋਏ ਮਾਸ ਨੂੰ ਕਹਿੰਦੇ ਹਾ। ਅਤੇ ਹੇਠਾ ਵੱਲ ਇਹ ਮਾਸਪੇਸੀ ਸਾਡੀ ਛਾਤੀ ਦੇ ਵਿਚਕਾਰ ਦੋਹੀਂ ਪਾਸੀਂ ਪਸਲੀਆ ਨੂੰ ਜੋੜਨ ਵਾਲੀ ਹੱਡੀ ਯਾਨੀ ਸਟਰਮ ਨਾਲ ਜੁੜਦੀ ਹੈ।

(ਚੱਲਦਾ)





CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524



# ਦਿੱਲੀ ਫਤਹਿ ਦਿਵਸ

## ਨੂੰ ਸਮਰਪਿਤ ਪੰਥਕ ਸਮਾਗਮ

## 15-17 ਮਾਰਚ 2024

## ਗੁਰਦੁਆਰਾ ਸਿੱਖ ਸੈਂਟਰ

**3817 Parsons Blvd, Flushing, NY 11354**

ਜਦੋਂ ਸ੍ਰ. ਬਘੇਲ ਸਿੰਘ, ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿਚ ਸਿੱਖਾਂ ਨੇ ਦਿੱਲੀ ਫਤਹਿ ਕਰ ਲਾਲ ਕਿਲੇ 'ਤੇ ਖਾਲਸਾਈ ਨਿਸ਼ਾਨ ਝੁਲਾਏ ਅਤੇ ਦਿੱਲੀ ਦੇ ਤਖਤੇ ਤਾਊਸ ਨੂੰ ਘੜੀਸ ਕੇ ਗੁਰੂ ਰਾਮਦਾਸ ਸਾਹਿਬ ਦੇ ਚਰਨਾਂ ਵਿਚ ਲੈ ਆਂਦਾ। ਹੁਣ ਜਦੋਂ ਦਿੱਲੀ ਤਖ਼ਤ ਸਿੱਖ ਹੋਮਲੈਂਡ ਪੰਜਾਬ ਨੂੰ ਹਰ ਪੱਖੋਂ ਲੁੱਟਣ ਅਤੇ ਬਰਬਾਦ ਕਰਨ 'ਤੇ ਤੁਲਿਆ ਹੋਇਆ ਹੈ ਤਾਂ ਅੱਜ ਪੰਜਾਬ ਦੇ ਵਾਰਸਾਂ ਨੂੰ ਸ੍ਰ. ਬਘੇਲ ਸਿੰਘ ਤੇ ਸਿੱਖ ਸਰਦਾਰਾਂ ਦੇ ਪਾਏ ਪੂਰਨਿਆਂ ਦੀ ਯਾਦ-ਦਹਾਨੀ ਤੇ ਕੌਮ ਦੀ ਚੜ੍ਹਦੀ ਕਲਾ ਲਈ ਰੱਖੇ ਪੰਥਕ ਸਮਾਗਮ ਵਿਚ ਵੱਧ ਚੜ੍ਹ ਕੇ ਹਾਜ਼ਰੀਆਂ ਭਰੋ ਜੀ।

**ਅਰੰਭ ਸ੍ਰੀ ਅਖੰਡ ਪਾਠ 15 ਮਾਰਚ, ਸ਼ੁੱਕਰਵਾਰ ਸਵੇਰੇ 9.30 ਵਜੇ**
**ਭੋਗ ਸ੍ਰੀ ਅਖੰਡ ਪਾਠ 17 ਮਾਰਚ, ਐਤਵਾਰ ਸਵੇਰ 9.30 ਵਜੇ**

ਉਪਰੰਤ ਦਿਨ ਭਰ ਦੇ ਦੀਵਾਨਾ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਅਤੇ ਪੰਥਕ ਬੁਲਾਰੇ ਸੰਗਤਾਂ ਨਾਲ ਸਾਂਝ ਪਾਉਣਗੇ। ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਸਤਿਗੁਰਾਂ ਦੀਆਂ ਖੁਸ਼ੀਆਂ ਹਾਸਲ ਕਰੋ ਜੀ।

**ਵਲੋਂ : ਸਮੂਹ ਸੰਗਤ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਜਥੇਬੰਦੀਆਂ**

1. ਸਿੱਖ ਕੋਆਰਡੀਨੇਸ਼ਨ ਕਮੇਟੀ ਯੂਐਸਏ
2. ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
3. ਸਿੱਖ ਫਾਰ ਜਸਟਿਸ
4. ਸਿੱਖ ਯੂਥ ਆਫ਼ ਅਮਰੀਕਾ
5. ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ
6. ਦੋਆਬਾ ਸਿੱਖ ਐਸੋਸੀਏਸ਼ਨ
7. ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ
8. ਧੰਨ ਧੰਨ ਬਾਬਾ ਬੁੱਢਾ ਜੀ ਸਿੱਖ ਸੁਸਾਇਟੀ, 9. ਦਲ ਖਾਲਸਾ
10. ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਨਿਊਯਾਰਕ
11. ਗੁਰੂ ਰਾਮ ਦਾਸ ਵੈਲਫੇਅਰ ਸੁਸਾਇਟੀ ਹਰਿਆਣਾ

**For More Information Contact**

| Himmat Singh | Dalwinder Singh | Rajinder Singh | Baljinder Singh | Surjeet Singh Kular | Blaaka Singh | Avtar Singh Pannu | Gurmal Singh |
|---|---|---|---|---|---|---|---|
| 646-358-7745 | 240-645-2525 | 917-892-2401 | 347-922-3715 | 917-434-2483 | 646-645-7373 | 718-207-1394 | 718-219-0116 |

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ



ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸ਼ਹੀਦੀ ਸਾਕਾ ਗੁ. ਸਾਹਿਬ ਓਕ ਕਰੀਕ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)

ਅਮਰੀਕਾ ਦੇ ਵਿਸਕਾਨਸਿਨ ਸਟੇਟ ਦੇ ਮਿਲਵਾਕੀ ਇਲਾਕੇ ਵਿਚ ਓਕ ਕਰੀਕ ਵਿਖੇ 5 ਅਗਸਤ 2012 ਨੂੰ ਐਤਵਾਰ ਵਾਲੇ ਦਿਨ ਗੁਰਦੁਆਰਾ ਸਾਹਿਬ ਵਿਚ ਹਾਜ਼ਰ ਸਿੱਖਾਂ ਨੂੰ ਇਹ ਚਿਤ ਚੇਤਾ ਵੀ ਨਹੀਂ ਸੀ ਕਿ ਕੋਈ ਸਿਰਫਿਰਿਆ ਵਿਅਕਤੀ ਉਹਨਾਂ 'ਤੇ ਅਚਾਨਕ ਹਮਲਾ ਕਰ ਦੇਵੇਗਾ। ਮਾਈਕਲ ਪੇਜ ਨਾਂ ਦੇ ਜਨੂੰਨੀ ਸਾਬਕਾ ਫੌਜੀ ਵੱਲੋਂ ਕੀਤੀ ਅੰਧਾ-ਧੁੰਦ ਫਾਇਰਿੰਗ ਨਾਲ ਛੇ ਸ਼ਰਧਾਲੂਆਂ ਨੂੰ ਮੌਤ ਦੇ ਘਾਟ ਉਤਾਰਨ ਅਤੇ ਡੇਢ ਦਰਜਨ ਲੋਕਾਂ ਨੂੰ ਜਖਮੀ ਕਰਨ ਦੀ ਘਿਨਾਉਣੀ ਘਟਨਾ ਦੀ ਅਮਰੀਕਾ ਵਿਚ ਵੱਡੇ ਪੱਧਰ ਤੇ ਨਿੰਦਾ ਹੋਈ ਹੈ। ਇਹ ਘਟਨਾ ਸਧਾਰਨ ਨਹੀਂ ਸੀ। ਇਸ ਤੋਂ ਬਹੁਤ ਕੀਮਤੀ ਸਬਕ ਗ੍ਰਹਿਣ ਕੀਤੇ ਜਾ ਸਕਦੇ ਹਨ। ਪਹਿਲਾਂ ਇਹ ਕਿ ਕਲਯੁੱਗ ਵਿਚ ਮਨੁੱਖ ਧਰਮ ਤੋਂ ਪਾਸੇ ਜਾ ਕੇ ਹਿੰਸਾ ਦੇ ਰਾਹ ਤੁਰਿਆ ਜਾ ਰਿਹਾ ਹੈ। ਮਨੁੱਖੀ ਹਿੰਸਾ ਕਿਵੇਂ ਰੋਕੀ ਜਾਵੇ ਇਸ ਸਬੰਧੀ ਦੁਨੀਆਂ ਭਰ ਦੇ ਲੋਕ ਚਿੰਤਤ ਹਨ। ਹਿੰਸਾ ਦਾ ਮੁਕਾਬਲਾ ਕਰਨ ਲਈ ਗੁਰਮਤਿ ਮਾਰਗ ਦੁਨੀਆਂ ਲਈ ਪਥ-ਪ੍ਰਦਰਸ਼ਕ ਹੋ ਸਕਦਾ ਹੈ। ਗੁਰੂ ਦੇ ਸਿੱਖ ਹਿੰਸਾ ਨਹੀਂ ਕਰਦੇ ਬਲਕਿ ਹਿੰਸਾ ਨੂੰ ਰੋਕਣ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੰਦੇ ਹਨ। ਮਨੁੱਖੀ ਹਿੰਸਾ ਤੋਂ ਇਲਾਵਾ ਜਦੋਂ ਕਿਸੇ ਗੁਰਧਾਮ 'ਤੇ ਹਮਲਾ ਹੁੰਦਾ ਹੈ ਤਾਂ ਸਿੱਖ ਹਿੱਕਾਂ ਢਾਹ ਕੇ ਖੜ੍ਹਦੇ ਹਨ।

ਅਮਰੀਕਾ ਵਿਚ ਸਿੱਖ ਸੰਗਤ 'ਤੇ ਹੋਏ ਇਸ ਅਚਨਚੇਤੀ ਹਮਲੇ ਦਾ ਸਿੱਖ ਸੰਗਤ ਨੇ ਗੁਰੂ ਦੇ ਓਟ ਆਸਰੇ ਨਾਲ ਮੁਕਾਬਲਾ ਕੀਤਾ। ਉਸ ਹਮਲਾਵਰ ਦਾ ਸਾਹਮਣਾ ਕਰਨ ਲਈ ਭਾਈ ਸਤਵੰਤ ਸਿੰਘ ਕਾਲੇਕਾ ਅੱਗੇ ਆਏ। ਉਹਨਾਂ ਨੇ ਸੰਗਤ ਨੂੰ ਸੁਰੱਖਿਅਤ ਥਾਵਾਂ ਵੱਲ ਪਹੁੰਚਾਉਣ ਵਿਚ ਮੱਦਦ ਕੀਤੀ। ਜੇਕਰ ਉਹ ਆਪ ਅੱਗੇ ਨਾ ਆਉਂਦੇ ਤਾਂ ਸਿੱਖ ਸੰਗਤ ਦਾ ਹੋਰ ਨੁਕਸਾਨ ਹੋ ਜਾਣਾ ਸੀ। ਦੂਸਰੇ ਪਾਸੇ ਨਿਹੱਥੀ ਸਿੱਖ ਸੰਗਤ ਨੇ ਬਹਾਦਰੀ ਅਤੇ ਸਬਰ ਦਾ ਸਬੂਤ ਦਿੰਦਿਆਂ ਹਮਲਾਵਰ ਦਾ ਸਾਹਮਣਾ ਕੀਤਾ। ਭਾਈ ਸਤਵੰਤ ਸਿੰਘ ਕਾਲੇਕਾ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹਮਲਾਵਰ ਨੂੰ ਰੋਕਣ ਦਾ ਯਤਨ ਕੀਤਾ ਅਤੇ ਉਸ ਨੇ ਆਪਣੀ ਜਾਨ ਦੇ ਕੇ ਕਈ ਮਨੁੱਖੀ ਜਾਨਾਂ ਨੂੰ ਬਚਾਇਆ। ਗੁਰਦੁਆਰੇ 'ਤੇ ਇਸ ਹਮਲੇ ਤੋਂ ਇਹ ਪਤਾ ਲੱਗਦਾ ਹੈ ਕਿ ਅਮਰੀਕਾ ਵਿਚ ਅੱਜ ਵੀ ਸਿੱਖ ਪਛਾਣ ਪ੍ਰਤੀ ਲੋਕਾਂ ਦੇ ਮਨਾ ਵਿਚ ਗਲਤ ਫਹਿਮੀਆਂ ਹਨ। ਸਿੱਖ ਸਰਬਸਾਂਝਾ ਧਰਮ ਹੈ। ਸਿੱਖੀ ਦੀ ਨਿਆਰੀ ਪਛਾਣ ਹੈ। ਦੁਨੀਆਂ ਵਿਚ ਸਿੱਖਾਂ ਦੀ ਆਬਾਦੀ ਘੱਟ ਹੋਣ ਕਰਕੇ ਬਹੁਤ ਘੱਟ ਲੋਕ ਇਹਨਾਂ ਬਾਰੇ ਜਾਣਦੇ ਹਨ। ਸਿੱਖ ਬੁਧੀਜੀਵੀਆਂ ਦਾ ਫਰਜ਼ ਬਣਦਾ ਸੀ ਕਿ ਸਿੱਖ ਪਛਾਣ ਬਾਰੇ ਦੁਨੀਆਂ ਵਿਚ ਪ੍ਰਚਾਰ ਕੀਤਾ ਜਾਂਦਾ। ਸਿੱਖੀ ਦੇ ਉਚਿਤ ਪ੍ਰਚਾਰ ਦੀ ਘਾਟ ਕਰਕੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਚੁਣੌਤੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ। ਹਵਾਈ ਅੱਡਿਆਂ ਤੇ ਖੱਜਲ-ਖੁਆਰੀ, ਨੌਕਰੀਆਂ ਲੈਣ ਵਿਚ ਮੁਸ਼ਕਿਲ, ਕੇਸ ਅਤੇ ਦਸਤਾਰ ਸਬੰਧੀ ਹੁੰਦੇ ਅਨੇਕਾਂ ਤਰ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਣੇ। ਸਿੱਖਾਂ ਨੂੰ ਵਿਦੇਸ਼ੀ ਧਰਤੀ ਤੇ ਹੋਰ ਵੀ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗੁਰਦੁਆਰਾ ਸਿੱਖਾਂ ਦਾ ਘਰ ਹੈ ਜੇਕਰ ਅਮਰੀਕਾ ਵਿਚ ਵੱਸਦੇ ਸਿੱਖ ਆਪਣੇ ਗੁਰੂ ਘਰ ਵਿਚ ਹੀ ਸੁਰੱਖਿਅਤ ਨਹੀਂ ਹਨ ਤਾਂ ਬਾਹਰ ਇਹਨਾਂ ਨਾਲ ਕੀ ਬੀਤਦੀ ਹੋਵੇਗੀ? ਇਸ ਦਾ ਅੰਦਾਜ਼ਾ ਪਾਠਕ ਖ਼ੁੱਦ ਲਗਾ ਸਕਦੇ ਹਨ। ਗੁਰਦੁਆਰਾ ਸਾਹਿਬ ਤੇ ਹੋਏ ਇਸ ਹਮਲੇ ਨੇ ਦੁਨੀਆਂ ਭਰ ਦੇ ਸਿੱਖਾਂ ਨੂੰ ਇਕ ਵਾਰ ਫਿਰ ਸਹਿਮ ਅਤੇ ਚਿੰਤਾ ਵਿਚ ਪਾ ਦਿੱਤਾ ਹੈ। ਇਸ ਹਮਲੇ ਨਾਲ ਸਿੱਖਾਂ ਦੀ ਸੁਰੱਖਿਆ ਅਤੇ ਵਿਸ਼ਵ ਭਰ ਵਿਚ ਵੱਖ-ਵੱਖ ਧਰਮਾਂ ਖਾਸ ਕਰਕੇ ਧਾਰਮਿਕ ਘੱਟ ਗਿਣਤੀਆਂ ਦੀ ਅਜ਼ਾਦੀ ਨਾਲ ਜੁੜੇ ਅਨੇਕਾਂ ਪ੍ਰਸ਼ਨ ਮੁੜ ਖੜ੍ਹੇ ਹੋ ਗਏ ਹਨ।




ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਸਮਝੇ ਜਾਂਦੇ ਮੁਲਕ ਅਮਰੀਕਾ ਵਿਚ ਇਕ ਛੋਟੇ ਧਰਮ ਦੀ ਪ੍ਰਮੁੱਖ ਸੰਸਥਾ ਗੁਰਦੁਆਰਾ ਸਾਹਿਬ ਤੇ ਹੋਏ ਇਸ ਹਮਲੇ ਤੋਂ ਇਹ ਪਤਾ ਚੱਲਦਾ ਹੈ ਕਿ ਅਜ਼ਾਦੀ ਦਾ ਦਾਅਵੇਦਾਰ ਕਹਾਉਣਾ ਕੀ ਹੈ? ਅਮਰੀਕਾ ਵਰਗੇ ਲੋਕਤੰਤਰੀ ਮੁਲਕ ਵਿਚ ਵਾਪਰੀ ਇਹ ਘਟਨਾ ਧਾਰਮਿਕ ਸਹਿ-ਹੋਂਦ ਲਈ ਵੱਡੀ ਚੁਣੌਤੀ ਹੈ। ਇਸ ਹਮਲੇ ਨੂੰ ਇਕ ਵਿਅਕਤੀ ਦੀ ਬਿਮਾਰ ਮਾਨਸਿਕਤਾ ਦਾ ਨਤੀਜਾ ਕਹਿ ਕੇ ਸਿੱਖ ਪਛਾਣ ਦੇ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਨ ਤੋਂ ਟਾਲਾ ਨਹੀਂ ਵਟਿਆ ਜਾ ਸਕਦਾ। ਇਹ ਗੱਲ ਤਾਂ ਮੰਨੀ ਜਾ ਸਕਦੀ ਹੈ ਕਿ ਇਹ ਕੋਈ ਅੱਤਵਾਦੀ ਹਮਲਾ ਨਹੀਂ ਸੀ ਪਰ ਇਸ ਨੂੰ ਆਮ ਜਾਂ ਸਧਾਰਨ ਵਰਤਾਰਾ ਵੀ ਨਹੀਂ ਕਿਹਾ ਜਾ ਸਕਦਾ। ਇਸ ਘਟਨਾ ਨਾਲ ਸਬੰਧਿਤ ਧਾਰਮਿਕ, ਮਾਨਸਿਕ ਅਤੇ ਰਾਜਨੀਤਕ ਕਾਰਨਾਂ ਦੀ ਤਹਿ ਤੱਕ ਜਾਣ ਦੀ ਲੋੜ ਹੈ ਤਾਂ ਕਿ ਲੋਕਾਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਇਆ ਜਾ ਸਕੇ।

ਇਸ ਘਟਨਾ ਦੇ ਦੁਨੀਆ ਭਰ ਵਿਚ ਜਮਹੂਰੀਅਤ ਦਾ ਦਾਅਵੇਦਾਰ ਕਹਾਉਣ ਵਾਲੇ ਵੱਡੇ ਮੁਲਕ ਦੀ ਅਖੌਤੀ ਕਾਨੂੰਨੀ ਜਮੂਹਰੀਅਤ ਦੇ ਚਿਹਰੇ ਪਿਛੇ ਪਨਪ ਰਹੇ ਜਨੂੰਨ ਅਤੇ ਤੁਅਸਬ ਨੂੰ ਨਾ ਕੇਵਲ ਬੇਪਰਦਾ ਕੀਤਾ ਹੈ ਬਲਕਿ ਇਸ ਘਟਨਾ ਦੇ ਵਾਪਰਨ ਤੋਂ ਪਹਿਲਾਂ ਹੀ ਅਸੁਰੱਖਿਆ ਵਿਚ ਰਹਿ ਰਹੇ ਸਿੱਖ ਭਾਈਚਾਰੇ ਵਿਚ ਹੋਰ ਬੇਯਕੀਨੀ ਪੈਦਾ ਕੀਤੀ ਹੈ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਨਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਉਸ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਜਾਂ ਭਰਮ ਨਹੀਂ ਕੀਤਾ ਜਾ ਸਕਦਾ। ਜਿਸ ਸਮਾਜ ਵਿਚ ਰੱਬ ਰੂਪ ਭਗਤ ਜਨਾ ਨੂੰ ਵੀ "ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥" ਦੀ ਪੁਕਾਰ ਕਰਨੀ ਪਈ ਉਥੇ ਸਿੱਖੀ ਦੇ ਇਸ ਆਦਰਸ਼ ਦਾ ਕੋਈ ਸਾਨੀ ਨਹੀਂ ਹੈ। ਖ਼ਲਕਤ ਇਸ ਕ੍ਰਾਂਤੀਕਾਰੀ ਕਰਿਸ਼ਮੇ ਨੂੰ ਵੇਖ ਕੇ ਹੈਰਾਨ ਵੀ ਹੁੰਦੀ ਹੈ। ਇਸ ਮੱਦ ਦੀ ਮਹੱਤਤਾ ਇਸ ਲਈ ਵੀ ਹੈ ਕਿ ਬਾਕੀ ਧਰਮਾਂ ਦੇ ਧਾਰਮਿਕ ਅਸਥਾਨਾਂ 'ਤੇ ਹਰ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ। ਮੱਕੇ ਜਾਂਦੀ ਸ਼ਾਹ ਰਾਹ 'ਤੇ ਵੀ ਕੋਈ ਗੈਰ ਮੁਸਲਿਮ ਨਹੀਂ ਜਾ ਸਕਦਾ। ਕਈ ਹਿੰਦੂ ਮੰਦਿਰਾਂ ਵਿਚ ਨਾ ਕੇਵਲ ਗ਼ੈਰ ਹਿੰਦੂਆਂ ਦੇ ਬਲਕਿ ਅਖੌਤੀ ਨੀਵੀਂ ਜਾਤ ਦੇ ਹਿੰਦੂਆਂ ਅਤੇ ਬੀਬੀਆਂ ਦੇ ਪ੍ਰਵੇਸ਼ ਦੀ ਵੀ ਮਨਾਹੀ ਹੈ।

**ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥**

**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥**

**(ਕਬੀਰ ਜੀ, ਅੰਗ ੧੩੬੭)**

ਭਾਰਤ ਦੇ ਸੰਵਿਧਾਨ ਦੀ ਧਾਰਾ 25(2)(ਬ) ਰਾਹੀਂ ਇਸ ਵਿਤਕਰੇ ਨੂੰ ਕੁਝ ਹੱਦ ਤੱਕ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਹਿੰਦੂ ਮੰਦਿਰਾਂ ਨੂੰ ਹਰ ਵਰਗ ਦੇ ਹਿੰਦੂਆਂ ਲਈ ਖੋਲ੍ਹਣ ਦੀ ਗੱਲ ਕੀਤੀ ਗਈ। ਇਸ ਧਾਰਾ ਵਿਚ ਅੰਕਤ ਹੈ :

25(2)(b) providing for social welfare and reform or the throwing open of Hindu religious institutions of a public character to all classes and sections of Hindus.

ਪਰ ਇਸ ਮੱਦ ਦੀ ਲੋੜ ਕੇਵਲ ਹਿੰਦੂਆਂ ਲਈ ਹੀ ਸੀ ਕਿਉਂਕਿ ਉਥੇ ਇਹ ਵਿਤਕਰਾ ਮੌਜੂਦ ਹੈ। ਪਰ ਗੁਰੂ ਦਾ ਦਰ ਗੁਰਦੁਆਰੇ ਤਾਂ ਸ਼ੁਰੂ ਤੋਂ ਹੀ ਹਰ ਵਰਗ, ਧਰਮ ਜਾਤ ਜਾਂ ਫ਼ਿਰਕੇ ਲਈ ਹਨ। ਇਥੇ ਕੋਈ ਓਪਰਾ ਨਹੀਂ ਤੇ ਨਾ ਹੀ ਬੇਗਾਨਾ। ਫਿਰ ਵੀ ਇਸ ਧਾਰਾ ਵਿਚ ਸਿੱਖਾਂ ਨੂੰ ਕਿਉਂ ਨੱਥੀ ਕੀਤਾ ਗਿਆ, ਸਮਝ ਤੋਂ ਬਾਹਰ ਹੈ।


ਇਥੇ ਸ੍ਵੈ-ਪੜਚੋਲ ਦੀ ਲੋੜ ਹੈ ਕਿ ਧਾਰਮਿਕ ਤੌਰ 'ਤੇ ਇਹ ਗੈਰ ਇਨਸਾਨੀ ਵਰਤਾਰਾ ਦੂਰ ਹੋ ਗਿਆ ਹੈ ਪਰ ਸਮਾਜਿਕ ਤੌਰ 'ਤੇ ਬਹੁਤ ਕੁਝ ਕਰਨ ਦੀ ਲੋੜ ਹੈ।

(ਝ) ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਜਿਥੇ ਵੀ ਅਤੇ ਜਦੋਂ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਕੇ ਸੰਗਤ ਜੁੜਦੀ ਹੈ ਤਾਂ ਇਹ ਸਥਾਨ ਸਾਧ ਸੰਗਤ ਬਣ ਜਾਂਦਾ ਹੈ। ਇਥੇ ਸਿਕਦਾਰੀ ਅਤੇ ਸਰਵੁੱਚਤਾ ਚਵਰ ਤਖ਼ਤ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਹੋ ਸਕਦੀ ਹੈ। ਬਾਕੀ ਸਾਰੀ ਸੰਗਤ ਜਾਚਕ ਅਤੇ ਸਿੱਖ ਦੇ ਰੂਪ ਵਿਚ ਜੁੜਦੀ ਹੈ। ਸੱਚੇ ਪਾਤਸ਼ਾਹ ਦੇ ਦਰਬਾਰ ਵਿਚ ਕਿਸੇ ਵੀ ਵਿਅਕਤੀ ਵਲੋਂ ਵੱਖਰਾ ਜਾਂ ਬਰਾਬਰ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਨਾ ਕੇਵਲ ਮਨਮੱਤ ਹੈ ਬਲਕਿ ਘੋਰ ਗੁਰੂ ਨਿੰਦਾ ਵੀ ਹੈ। **"ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥"** (ਅੰਗ 474)

ਪਿਛਲੀ ਸਦੀ ਦੇ ਅਰੰਭ ਵਿਚ ਕੁਝ ਸੋਢੀ, ਬੇਦੀ, ਭੱਲੇ ਅਤੇ ਸਾਹਿਬਜ਼ਾਦੇ ਆਦਿ ਆਪਣੇ ਆਪ ਨੂੰ ਗੁਰੂ ਅੰਸ ਦੱਸ ਕੇ ਆਪਣੀ ਸਿੱਖੀ ਸੇਵਕੀ ਚਲਾਣ ਲਈ ਗੁਰੂ ਗ੍ਰੰਥ ਸਾਹਿਬ ਦੀ




ਹਾਜ਼ਰੀ ਅਤੇ ਹਜ਼ੂਰੀ ਵਿਚ ਹੀ ਗਦੇਲੇ ਅਤੇ ਆਸਣ ਲਈ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਅਤੇ ਜ਼ੂਰੀ ਵਿਚ ਹੀ ਗਦੇਲੇ ਅਤੇ ਆਸਣ ਲਗਾ ਕੇ ਆਪਣੀ ਪੂਜਾ ਕਰਵਾਂਦੇ ਰਹੇ ਹਨ।

**"ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥"** (ਵਡਹੰਸ ਮਃ ੩, ਅੰਗ 566) ਇਸ ਦੀ ਵਿਆਖਿਆ ਫ਼ਰੀਦਕੋਟੀ ਟੀਕੇ ਵਿਚ ਬਹੁਤ ਸੁੰਦਰ ਕੀਤੀ ਗਈ ਹੈ :

(ਜਿਸ ਕੇ ਸਾਥ ਸੰਗਤ ਕਰਨੀ ਹੈ ਉਸ ਕੇ ਸਾਥ ਸਰੀਕੀ ਨਹੀਂ ਕਰੀਏ। ਜੋ ਸਰੀਕਤਿ ਕਰੇਗਾ ਆਗੇ ਜਾਇ ਕਰ ਕੇ (ਰੂਆਵਣਾ) ਰੋਣਾਂ ਹੋਇਗਾ ਵਾ ਉਸ ਪਰਮੇਸਰ ਕਾ ਕੀ ਜਾਣਾ ਹੈ, ਉਸ ਨੇ ਜੀਵ ਕੋ ਰੁਆਵਣਾ ਹੀ ਹੈ॥)

ਵਕਤ ਬਦਲਣ ਨਾਲ ਇਹ ਭੈੜੀ ਵਾਦੀ ਤਾਂ ਤਕਰੀਬਨ ਤਕਰੀਬਨ ਸਮਾਪਤ ਹੋ ਚੁੱਕੀ ਹੈ ਪਰ ਨਵੇਂ ਰੂਪ ਵਿਚ ਕਈ ਥਾਵੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਚ ਕੁਰਸੀਆਂ ਅਤੇ ਸੋਫ਼ਿਆਂ ਦੇ ਰੂਪ ਵਿਚ ਮੁੜ ਪ੍ਰਗਟ ਹੋ ਰਹੀ ਹੈ। ਇਹ ਨਿਰੋਲ ਮਨਮੱਤ ਹੈ।

ਇਸ ਦੇ ਨਾਲ ਹੀ ਬਹੁਤ ਹੀ ਮਹੱਤਵਪੂਰਨ ਹੈ ਕਿ ਨਾਮਧਾਰੀ ਦਰਬਾਰ ਵਾਲੇ ਵੀ ਆਪਣੇ ਇਕੱਠ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦੇ ਨਾਲ ਨਾਲ ਆਪਣੇ ਦੇਹਧਾਰੀ ਗੁਰੂ ਦਾ 'ਸਤਿਗੁਰੂ' ਕਹਿ ਕੇ ਆਸਣ ਲਗਾਉਂਦੇ ਹਨ। ਪਰ ਨਾਲ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਵੀ ਕਹਿਣ ਤੋਂ ਮੁਨਕਰ ਹੁੰਦਿਆਂ 'ਆਦਿ ਗ੍ਰੰਥ' ਕਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਆਦਿ ਗ੍ਰੰਥ ਉਤਨੀ ਦੇਰ ਸੀ ਜਿਤਨੀ ਦੇਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਜ਼ੂਰ ਸਾਹਿਬ ਦੇ ਪਾਵਨ ਅਸਥਾਨ 'ਤੇ ਪ੍ਰਕਾਸ਼ ਕਰ ਕੇ ਗੁਰਤਾ ਗੱਦੀ ਪ੍ਰਦਾਨ ਨਾ ਕਰ ਦਿੱਤੀ। ਹੁਣ ਇਹ 'ਆਦਿ ਗ੍ਰੰਥ' ਨਹੀਂ ਬਲਕਿ ਜੁਗੋ ਜੁਗ ਅਟੱਲ 'ਗੁਰੂ ਗ੍ਰੰਥ ਸਾਹਿਬ' ਹੈ। ਇਹ ਸਿੱਧੀ ਅਤੇ ਸਪਸ਼ਟ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਾਦਰੀ ਅਤੇ ਈਸ਼ ਨਿੰਦਾ ਹੈ।

ਸਿੱਖ ਰਹਿਤ ਮਰਿਆਦਾ ਦੀ ਇਸ ਮੱਦ ਦਾ ਮੁੱਖ ਮੰਤਵ ਹੀ ਸੰਗਤ ਦੀ ਬਰਾਬਰਤਾ ਦਾ ਹੈ। ਰਹਿਤਨਾਮਿਆਂ ਵਿਚ ਇਸ ਬਾਰੇ ਬਹੁਤ ਹੀ ਸੁੰਦਰ ਵਿਚਾਰ ਦਿੱਤੇ ਗਏ ਹਨ :

ਗੁਰੂ ਕਾ ਸਿੱਖ, ਜੇ ਸਿਖਾਂ ਵਿਚ ਜਾਏ, ਤਾਂ ਵਿਚਾਰ ਕੇ ਬੈਠੇ। ਪੰਗਤ ਦੇ ਵਿਚ ਕਿਸੇ ਦੇ ਅੱਗੇ ਨਾ ਬੈਠੇ। ਦੋ ਘਾਟੇ ਹੁੰਦੇ ਹੈਨਿ, ਅੱਗੇ ਬੈਠਿਆਂ, ਇਕੇ ਪਿਛਲੇ ਦਾ ਮਾਨ ਘਟਦਾ ਹੈ, ਦੂਜਾ ਆਪਣਾ ਵਧਦਾ ਹੈ।

(ਰਹਿਤਨਾਮਾ ਹਜ਼ੂਰੀ,
ਭਾਈ ਚਉਪਾ ਸਿੰਘ ਛਿੱਬਰ, ਪੰਨਾ ੬੪)

**(ਚਲਦਾ)**

# ਫਾਈਰਿੰਗ 'ਚ ਗਈ ਮਾਪਿਆਂ ਦੀ ਜਾਨ, ਕੈਨੇਡਾ 'ਚ 13 ਗੋਲੀਆਂ ਲੱਗਣ ਮਗਰੋਂ ਜ਼ਿੰਦਾ ਬਚੀ ਕੁੜੀ ਨੇ ਸੁਣਾਈ ਹੱਡਬੀਤੀ

ਟੋਰਾਂਟੋ : ਕੈਨੇਡਾ ਵਿੱਚ ਪਿਛਲੇ ਸਾਲ ਗੋਲੀਬਾਰੀ ਦੀ ਘਟਨਾ ਵਿੱਚ ਜ਼ਿੰਦਾ ਬਚੀ ਕੁੜੀ, ਜਿਸ ਨੇ ਆਪਣੇ ਸਿੱਖ ਮਾਤਾ-ਪਿਤਾ ਨੂੰ ਆਪਣੇ ਸਾਹਮਣੇ ਮਰਦੇ ਦੇਖਿਆ ਸੀ, ਨੇ ਤੁਰੰਤ ਨਿਆਂ ਦੀ ਮੰਗ ਕਰਦਿਆਂ ਕਿਹਾ ਕਿ ਪੁਲਸ ਨੇ ਆਪਣੀ ਡਿਊਟੀ ਚੰਗੀ ਤਰ੍ਹਾਂ ਨਹੀਂ ਨਿਭਾਈ। ਇਸ ਘਟਨਾ ਵਿਚ ਕੁੜੀ ਨੂੰ 13 ਗੋਲੀਆਂ ਵੱਜੀਆਂ ਸਨ। ਦੱਸ ਦੇਈਏ ਕਿ ਜਗਤਾਰ ਸਿੰਘ ਸਿੱਧੂ (ਉਮਰ 57) ਅਤੇ ਉਨ੍ਹਾਂ ਪਤਨੀ ਹਰਭਜਨ ਕੌਰ (ਉਮਰ 55) ਨੂੰ 20 ਨਵੰਬਰ 2023 ਦੀ ਅੱਧੀ ਰਾਤ ਨੂੰ ਓਨਟਾਰੀਓ ਸੂਬੇ ਵਿੱਚ ਕੈਲੇਡਨ-ਬਰੈਂਪਟਨ ਸਰਹੱਦ ਨੇੜੇ ਉਨ੍ਹਾਂ ਦੇ ਕਿਰਾਏ ਦੇ ਘਰ ਵਿੱਚ 20 ਤੋਂ ਵੱਧ ਗੋਲੀਆਂ ਮਾਰੀਆਂ ਗਈਆਂ ਸਨ। ਇਸ ਘਟਨਾ ਵਿਚ ਜਗਤਾਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਅਤੇ ਹਰਭਜਨ ਕੌਰ ਨੇ ਹਸਪਤਾਲ 'ਚ ਦਮ ਤੋੜ ਦਿੱਤਾ। ਉਨ੍ਹਾਂ ਦੀ ਧੀ, ਜੋ ਕਿ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈ ਸੀ, ਉਸ ਦਾ ਅਜੇ ਵੀ ਹਸਪਤਾਲ 'ਚ ਇਲਾਜ਼ ਚੱਲ ਰਿਹਾ ਹੈ।

ਸੀਬੀਸੀ ਨਿਊਜ਼ ਨਾਲ ਗੱਲ ਕਰਦੇ ਹੋਏ ਹਸਪਤਾਲ 'ਚ ਜ਼ੇਰੇ ਇਲਾਜ਼ ਜਸਪ੍ਰੀਤ ਨੇ ਕਿਹਾ ਕਿ ਇੱਕ ਵਿਅਕਤੀ ਉਨ੍ਹਾਂ ਦੇ ਪਰਿਵਾਰ ਦੇ ਕੈਲੇਡਨ ਸਥਿਤ ਕਿਰਾਏ ਦੇ ਘਰ ਵਿੱਚ ਦਾਖ਼ਲ ਹੋਇਆ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਮੇਰੇ ਪਿਤਾ ਨੂੰ ਮੇਰੇ ਸਾਹਮਣੇ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ। ਮੈਂ ਆਖ਼ਰੀ ਵਾਰ ਆਪਣੀ ਮਾਂ ਦੀਆਂ ਚੀਕਾਂ ਸੁਣੀਆਂ ਅਤੇ ਉਸ ਤੋਂ ਬਾਅਦ (ਉੱਥੇ) ਪੂਰੀ ਤਰ੍ਹਾਂ ਸੰਨਾਟਾ ਛਾ ਗਿਆ। ਉਥੇ ਸਿਰਫ਼ ਗੋਲੀਆਂ ਦੀ ਆਵਾਜ਼ ਹੀ ਆ ਰਹੀ ਸੀ। ਮੈਂ ਉਨ੍ਹਾਂ ਨੂੰ ਆਖ਼ਰੀ ਵਾਰ ਵੀ ਨਹੀਂ ਮਿਲ ਸਕੀ। ਮੈਂ ਕੁਝ ਵੀ ਨਹੀਂ ਕਰ ਪਾ ਰਹੀ ਸੀ... ਮੈਂ ਹੋਸ਼ 'ਚ ਆਉਂਦੇ ਹੀ 911 'ਤੇ ਕਾਲ ਕੀਤੀ। 'ਪੂਰੇ ਪਰਿਵਾਰ ਨੂੰ ਗੋਲੀ ਮਾਰ ਦਿੱਤੀ', ਇਹੀ ਮੈਂ ਵਾਰ-ਵਾਰ ਕਹਿ ਰਹੀ ਸੀ। ਜਸਪ੍ਰੀਤ ਅਤੇ ਉਸ ਦਾ ਭਰਾ ਗੁਰਦਿੱਤ ਸਿੰਘ ਕੁਝ ਸਾਲ ਪਹਿਲਾਂ ਹੀ ਵਿਦਿਆਰਥੀ ਵਜੋਂ ਕੈਨੇਡਾ ਆਏ ਸਨ ਅਤੇ ਉਨ੍ਹਾਂ ਨੇ ਮਾਤਾ-ਪਿਤਾ ਦੀ ਆਮਦ ਨੂੰ ਸਪਾਂਸਰ ਕੀਤਾ ਸੀ ਜੋ ਜੁਲਾਈ ਵਿਚ ਦੇਸ਼ ਆਏ



ਸਨ ਅਤੇ ਇਸ ਸਾਲ ਜਨਵਰੀ ਵਿਚ ਭਾਰਤ ਵਾਪਸ ਆਉਣ ਵਾਲੇ ਸਨ।

ਜਸਪ੍ਰੀਤ ਨੇ ਕਿਹਾ ਕਿ ਇਸ ਦੁਖਦਾਈ ਘਟਨਾ ਦੇ ਲਗਭਗ ਦੋ ਮਹੀਨੇ ਬੀਤ ਜਾਣ ਦੇ ਬਾਅਦ ਵੀ ਪੁਲਸ ਦਾ ਕਹਿਣਾ ਹੈ ਕਿ ਜਾਂਚ ਚੱਲ ਰਹੀ ਹੈ ਅਤੇ ਉਨ੍ਹਾਂ ਕੋਲ ਕੋਈ ਠੋਸ ਸਬੂਤ ਨਹੀਂ ਹਨ। ਜਸਪ੍ਰੀਤ ਨੇ ਕਿਹਾ ਕਿ ਜੋ ਕੁੱਝ ਵੀ ਹੋਇਆ, ਪੁਲਸ ਨੇ ਆਪਣੀ ਡਿਊਟੀ ਚੰਗੀ ਤਰ੍ਹਾਂ ਨਹੀਂ ਨਿਭਾਈ। ਕਿਸੇ ਨੇ ਸਾਡੇ ਨਾਲ ਸੰਪਰਕ ਨਹੀਂ ਕੀਤਾ, ਕਿਸੇ ਨੇ ਕੋਈ ਜਵਾਬ ਨਹੀਂ ਦਿੱਤਾ। ਇਹ ਘਟਨਾ ਵਾਪਰਨ ਤੋਂ 4 ਦਿਨ ਪਹਿਲਾਂ ਪੀਲ ਪੁਲਸ ਸਾਡੇ ਘਰ ਆਈ ਸੀ। ਮੇਰੇ ਮਾਤਾ-ਪਿਤਾ ਘਰ ਸਨ ਅਤੇ ਉਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਸੀ। ਇਸ ਲਈ ਉਨ੍ਹਾਂ ਨੇ ਪੁਲਸ ਨਾਲ ਗੱਲ ਕਰਨ ਲਈ ਮੇਰੇ ਭਰਾ ਦੇ ਦੋਸਤ ਨਾਲ ਸੰਪਰਕ ਕੀਤਾ। ਪੀਲ ਪੁਲਸ ਦੇ ਬੁਲਾਰੇ ਨੇ ਪੁਸ਼ਟੀ ਕੀਤੀ ਸੀ ਕਿ ਹੋਮੀਸਾਈਡ ਬਿਊਰੋ ਨੇ 16 ਨਵੰਬਰ ਨੂੰ ਅਣਪਛਾਤੀ ਜਾਂਚ ਦੇ ਬਾਰੇ ਪਰਿਵਾਰ ਨਾਲ ਸੰਪਰਕ ਕੀਤਾ ਸੀ। ਜਸਪ੍ਰੀਤ ਨੇ ਕਿਹਾ ਕਿ ਜੇਕਰ ਉਨ੍ਹਾਂ ਨੇ ਸਾਨੂੰ ਚੇਤਾਵਨੀ ਦਿੱਤੀ ਹੁੰਦੀ ਤਾਂ ਅਸੀਂ ਤੁਰੰਤ ਉਥੋਂ ਚਲੇ ਜਾਂਦੇ। ਉਹ ਆਪਣੇ ਭਰਾ ਗੁਰਦਿੱਤ ਦੀ ਜਾਨ ਨੂੰ ਲੈ ਕੇ ਡਰੀ ਹੋਈ ਹੈ, ਜੋ ਘਟਨਾ ਵਾਪਰਨ ਵੇਲੇ ਘਰ ਨਹੀਂ ਸੀ। ਸਾਨੂੰ ਨਹੀਂ ਪਤਾ ਕਿ ਸਾਡਾ ਬਾਹਰ ਜਾਣਾ ਸੁਰੱਖਿਅਤ ਹੈ ਜਾਂ ਨਹੀਂ। ਹਰ ਵਾਰ ਜਦੋਂ ਮੇਰਾ ਭਰਾ ਬਾਹਰ ਜਾਂਦਾ ਹੈ, ਮੈਨੂੰ ਡਰ ਲੱਗਦਾ ਹੈ। ਮੇਰੀ ਸਰਜਰੀ ਲਈ 18-19 ਘੰਟੇ ਤੋਂ ਵੱਧ ਸਮਾਂ ਲੱਗ ਗਿਆ ਅਤੇ ਡਾਕਟਰਾਂ ਨੇ ਨਹੀਂ ਸੋਚਿਆ ਸੀ ਕਿ ਮੈਂ ਬਚ ਸਕਾਂਗੀ। ਕਮਜ਼ੋਰ, ਪਰ ਦ੍ਰਿੜ ਸੰਕਲਪ ਨਾਲ ਜਸਪ੍ਰੀਤ ਨੇ ਕਿਹਾ ਕਿ ਉਹ ਇਨਸਾਫ਼ ਮਿਲਣ ਤੱਕ ਨਹੀਂ ਰੁਕੇਗੀ। ਉਸ ਨੇ ਕਿਹਾ ਜੇ ਇਹ ਅੱਜ ਸਾਡੇ ਨਾਲ ਹੋਇਆ ਹੈ, ਤਾਂ ਕੱਲ੍ਹ ਕਿਸੇ ਹੋਰ ਨਾਲ ਵੀ ਹੋ ਸਕਦਾ ਹੈ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਬੰਦੀ ਸਿੰਘਾਂ ਦੀ ਰਿਹਾਈ ਲਈ ਮੋਦੀ ਗੰਭੀਰ ਨਹੀਂ : ਗਿਆਨੀ ਰਘਬੀਰ ਸਿੰਘ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੋਹਾ ਵਿਚ 8 ਭਾਰਤੀਆਂ ਨੂੰ ਹੋਈ ਫਾਂਸੀ ਦੀ ਸਜ਼ਾ ਮਾਫ਼ ਕਰਵਾਉਣ ਵਾਲੀ ਸ਼ਿੱਦਤ ਦਹਾਕਿਆਂ ਤੋਂ ਭਾਰਤ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ 'ਬੰਦੀ ਸਿੰਘਾਂ' ਪ੍ਰਤੀ ਵੀ ਦਿਖਾਉਣੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਤਿੰਨ-ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘ, ਦੇਸ਼ ਦੇ ਸਿਆਸੀ ਕੈਦੀ ਹਨ, ਜੋ ਕਿ ਅੱਸੀਵਿਆਂ ਦੇ ਦਹਾਕੇ ਦੌਰਾਨ ਸਰਕਾਰੀ ਜਬਰ ਤੋਂ ਤੰਗ ਆ ਕੇ ਸੰਘਰਸ਼ ਲੜਨ ਲਈ ਮਜ਼ਬੂਰ ਹੋਏ ਸਨ।

ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋਹਾ ਵਿਚ ਫਾਂਸੀ ਦੀ ਸਜ਼ਾ ਪ੍ਰਾਪਤ 8 ਭਾਰਤੀਆਂ ਦੀ ਸਜ਼ਾ ਮਾਫ਼ ਕਰਵਾਉਣ ਤੋਂ ਬਾਅਦ ਦੋਹਾ ਜਾ ਕੇ ਉਥੋਂ ਦੀ ਸਰਕਾਰ ਦਾ ਧੰਨਵਾਦ ਕਰ ਰਹੇ ਹਨ ਪਰ ਇਹੀ ਪਹੁੰਚ ਆਪਣੇ ਹੀ ਦੇਸ਼ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਸਿਆਸੀ ਸਿੱਖ ਕੈਦੀਆਂ ਪ੍ਰਤੀ ਅਪਨਾਉਣ ਤੋਂ ਇਨਕਾਰ ਕਿਉਂ ਕੀਤਾ ਜਾ ਰਿਹਾ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਦੇਸ਼ ਦੀ ਸਰਕਾਰ ਬੰਦੀ ਸਿੰਘਾਂ ਪ੍ਰਤੀ ਬਿਲਕੁਲ ਨਿਆਂਪੂਰਨ ਪਹੁੰਚ ਨਹੀਂ ਅਪਨਾ ਰਹੀ ਹੈ, ਜਿਸ ਕਾਰਨ ਸਿੱਖ ਕੌਮ ਵਿਚ ਆਪਣੇ ਹੀ ਦੇਸ਼ ਅੰਦਰ ਬੇਗਾਨਗੀ ਦਾ ਅਹਿਸਾਸ ਵੱਧ ਰਿਹਾ ਹੈ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਨੂੰ ਬਲਵੰਤ ਸਿੰਘ ਰਾਜੋਆਣਾ ਪ੍ਰਤੀ ਮਨੁੱਖਤਾਵਾਦੀ ਵਿਹਾਰ ਕਿਉਂ ਨਹੀਂ ਚੇਤੇ ਆ ਰਿਹਾ, ਜੋ ਪਿਛਲੇ ਲਗਭਗ 17 ਸਾਲਾਂ ਤੋਂ ਫਾਂਸੀ ਵਾਲੀ ਚੱਕੀ ਵਿਚ ਨਜ਼ਰਬੰਦ ਹਨ ਅਤੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਲਗਭਗ 12 ਸਾਲ ਬੀਤਣ 'ਤੇ ਵੀ ਕੋਈ ਫੈਸਲਾ ਨਾ ਹੋਣਾ ਮਨੁੱਖੀ ਅਧਿਕਾਰਾਂ ਦਾ ਬਹੁਤ ਵੱਡਾ ਉਲੰਘਣ ਹੈ।

# ਚੰਡੀਗੜ੍ਹ ਮੇਅਰ ਚੋਣ ਦਾ ਨਤੀਜਾ ਰੱਦ

**• ਸੁਪਰੀਮ ਕੋਰਟ ਨੇ ਕੁਲਦੀਪ ਕੁਮਾਰ ਨੂੰ ਐਲਾਨਿਆ ਜੇਤੂ • ਰਿਟਰਨਿੰਗ ਅਧਿਕਾਰੀ ਮਸੀਹ ਨੂੰ ਦੋਸ਼ੀ ਕਰਾਰ ਦਿੰਦਿਆਂ ਉਸ ਖ਼ਿਲਾਫ਼ ਕੇਸ ਚਲਾਉਣ ਦਾ ਨਿਰਦੇਸ਼**



ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਚੰਡੀਗੜ੍ਹ ਮੇਅਰ ਮਾਮਲੇ 'ਚ ਅਹਿਮ ਫ਼ੈਸਲਾ ਦਿੰਦਿਆਂ ਆਮ ਆਦਮੀ ਪਾਰਟੀ ਦੇ ਕੁਲਦੀਪ ਕੁਮਾਰ ਨੂੰ ਪਿਛਲੇ ਮਹੀਨੇ ਹੋਈਆਂ ਚੰਡੀਗੜ੍ਹ ਮੇਅਰ ਦੀਆਂ ਚੋਣਾਂ ਦਾ ਕਾਨੂੰਨੀ ਜੇਤੂ ਐਲਾਨ ਦਿੱਤਾ। ਅਦਾਲਤ ਨੇ ਚੋਣਾਂ ਵਾਲੇ ਦਿਨ ਰੱਦ ਕੀਤੇ ਗਏ 8 ਵੋਟਾਂ ਨੂੰ ਜਾਇਜ਼ ਕਰਾਰ ਦਿੰਦਿਆਂ ਉਕਤ ਫ਼ੈਸਲਾ ਸੁਣਾਇਆ। ਇਸ ਦੇ ਨਾਲ ਹੀ ਵੋਟਾਂ ਦੀ ਗੜਬੜੀ ਨੂੰ ਲੈ ਕੇ ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਉਸ ਨੇ 8 ਬੈਲੇਟ ਪੇਪਰਾਂ ਨੂੰ ਜਾਣਬੁੱਝ ਕੇ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਜੋ ਭਾਜਪਾ ਦੇ ਉਮੀਦਵਾਰ ਨੂੰ ਮੇਅਰ ਚੁਣਿਆ ਜਾ ਸਕੇ। ਸਰਬਉੱਚ ਅਦਾਲਤ ਨੇ ਅਦਾਲਤ ਨਾਲ ਲਗਾਤਾਰ ਝੂਠ ਬੋਲਣ ਅਤੇ ਬੈਲੇਟ ਪੇਪਰ ਖ਼ਰਾਬ ਕਰਨ ਲਈ ਮਸੀਹ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਅਤੇ ਤਿੰਨ ਹਫ਼ਤਿਆਂ ਅੰਦਰ ਜਵਾਬ ਦੇਣ ਲਈ ਕਿਹਾ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ, ਜਸਟਿਸ ਜੇ.ਬੀ. ਪਾਦਰੀਵਾਲਾ ਅਤੇ ਮਨੋਜ ਮਿਸ਼ਰਾ ਦੇ ਬੈਂਚ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਨੇ ਜੁਰਮ ਕੀਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਅਦਾਲਤ ਇਹ ਯਕੀਨੀ ਬਣਾਉਣ ਲਈ ਮਜਬੂਰ ਹੈ ਕਿ ਲੋਕਤੰਤਰਿਕ ਅਮਲ ਅਜਿਹੇ ਹੱਥਕੰਡਿਆਂ ਨਾਲ ਖ਼ਤਮ ਨਾ ਹੋਵੇ। ਇਸ ਲਈ ਸਾਡਾ ਵਿਚਾਰ ਹੈ ਕਿ ਅਦਾਲਤ ਨੂੰ ਅਜਿਹੇ ਅਸਾਧਾਰਨ ਹਾਲਤ 'ਚ ਬੁਨਿਆਦੀ ਲੋਕਤੰਤਰਿਕ ਫਤਵਾ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਸਰਬਉੱਚ ਅਦਾਲਤ ਨੇ ਇਹ ਵੀ ਕਿਹਾ ਕਿ ਇਹ ਅਦਾਲਤ ਪੂਰਾ ਇਨਸਾਫ ਕਰਨ ਲਈ ਹੈ। ਪੂਰੇ ਚੋਣ ਅਮਲ ਨੂੰ ਰੱਦ ਕਰਨਾ ਸਹੀ ਨਹੀਂ ਹੈ। ਅਦਾਲਤ ਨੇ ਅੱਗੇ ਕਿਹਾ ਕਿ ਪੂਰਾ ਮਾਮਲਾ 8 ਬੈਲੇਟ ਪੇਪਰਾਂ ਦਾ ਹੈ, ਜਿਨ੍ਹਾਂ ਨੂੰ ਗ਼ੈਰ-ਕਾਨੂੰਨੀ ਐਲਾਨਿਆ ਗਿਆ। ਇਨ੍ਹਾਂ ਸਾਰੇ ਬੈਲਟ ਪੇਪਰਾਂ 'ਚ 'ਆਪ' ਦੇ ਉਮੀਦਵਾਰ ਦਾ ਨਾਂਅ ਉਪਰਲੇ ਹਿੱਸੇ 'ਚ ਅਤੇ ਭਾਜਪਾ ਦੇ ਉਮੀਦਵਾਰ ਦਾ ਨਾਂਅ ਹੇਠਲੇ ਹਿੱਸੇ 'ਚ ਸੀ। ਜਾਂਚ ਤੋਂ ਬਾਅਦ ਪਤਾ ਲੱਗਾ ਕਿ ਇਨ੍ਹਾਂ ਬੈਲੇਟ ਪੇਪਰਾਂ 'ਚ 'ਆਪ' ਦੇ ਉਮੀਦਵਾਰ ਦੇ ਹੱਕ 'ਚ ਵੋਟ ਦਿੱਤਾ ਅਤੇ ਚੋਣ ਅਧਿਕਾਰੀ ਮਸੀਹ ਨੇ ਇਨ੍ਹਾਂ 'ਤੇ ਸਿਆਹੀ ਨਾਲ ਨਿਸ਼ਾਨ ਲਾਏ। ਅਦਾਲਤ ਨੇ ਜਿਨ੍ਹਾਂ 8 ਵੋਟਾਂ ਨੂੰ ਗ਼ੈਰ-ਕਾਨੂੰਨੀ ਮੰਨਿਆ ਸੀ, ਉਨ੍ਹਾਂ ਨੂੰ 'ਆਪ' ਦੇ ਉਮੀਦਵਾਰ ਦੇ ਪੱਖ 'ਚ ਜਾਇਜ਼ ਰੂਪ ਤੋਂ ਪਾਸ ਕਰ ਦਿੱਤਾ। ਚੀਫ਼ ਜਸਟਿਸ ਦੇ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਕੋਈ ਵੀ ਬੈਲੇਟ ਖਰਾਬ ਨਹੀਂ ਸੀ। ਮਸੀਹ ਨੇ ਆਪਣੀਆਂ ਹਰਕਤਾਂ ਨਾਲ ਚੋਣ ਨਤੀਜਿਆਂ ਨੂੰ ਬਦਲ ਦਿੱਤਾ। ਉਨ੍ਹਾਂ ਨੇ ਅਦਾਲਤ 'ਚ ਲਗਾਤਾਰ ਝੂਠ ਬੋਲਿਆ, ਜਿਸ ਲਈ ਉਹ ਜ਼ਿੰਮੇਵਾਰ ਹਨ। ਰਿਟਰਨਿੰਗ ਅਧਿਕਾਰੀ ਨੇ ਸਪੱਸ਼ਟ ਤੌਰ 'ਤੇ ਆਪਣੇ ਅਧਿਕਾਰ ਤੋਂ ਪਰ੍ਹੇ ਕੰਮ ਕੀਤਾ। ਸਰਬਉੱਚ ਅਦਾਲਤ ਨੇ ਕਿਹਾ ਕਿ ਉਹ ਨਿਰਦੇਸ਼ ਦਿੰਦੇ ਹਨ ਕਿ ਰਿਟਰਨਿੰਗ ਅਧਿਕਾਰੀ ਵਲੋਂ ਐਲਾਨੇ ਚੋਣ ਨਤੀਜੇ ਨੂੰ ਰੱਦ ਕੀਤਾ ਜਾਵੇ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਚੰਡੀਗੜ੍ਹ ਮੇਅਰ ਦੇ ਅਹੁਦੇ ਲਈ ਚੁਣਿਆ ਹੋਇਆ ਉਮੀਦਵਾਰ ਐਲਾਨਿਆ ਜਾਵੇ। ਚੀਫ਼ ਜਸਟਿਸ ਨੇ ਇਹ ਵੀ ਕਿਹਾ ਕਿ ਮਸੀਹ ਦਾ ਵੀਡੀਓ ਸਾਰਿਆਂ ਦੀ ਸਕ੍ਰੀਨ 'ਤੇ ਅਪਲੋਡ ਕੀਤਾ ਜਾਵੇ। ਉਨ੍ਹਾਂ ਸਾਰਿਆਂ ਨੂੰ ਇਸ ਵੀਡੀਓ ਨੂੰ ਵੇਖ ਕੇ ਆਤਮਚਿੰਤਨ ਕਰ ਲਈ ਕਿਹਾ।

## ਮਸੀਹ ਖ਼ਿਲਾਫ਼ ਹੋਏ ਮੁਕੱਦਮਾ

ਸੁਪਰੀਮ ਕੋਰਟ ਨੇ ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਦੇ ਖ਼ਿਲਾਫ਼ ਸਖ਼ਤ ਰਵੱਈਆ ਅਪਣਾਉਂਦਿਆਂ ਕਿਹਾ ਕਿ ਮਸੀਹ ਦੇ ਖ਼ਿਲਾਫ਼ ਤਾਜ਼ੀਰਾਤੇ ਹਿੰਦ ਦੀ ਧਾਰਾ 340 ਤਹਿਤ ਮੁਕੱਦਮਾ ਸ਼ੁਰੂ ਕਰਨ ਲਈ ਢੁਕਵਾਂ ਮਾਮਲਾ ਬਣਦਾ ਹੈ। ਅਦਾਲਤ ਨੇ ਨਿਆਇਕ ਰਜਿਸਟਰਾਰ ਨੂੰ ਮਸੀਹ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦਾ ਨਿਰਦੇਸ਼ ਦਿੱਤਾ।





**Gurdwara Nanak Darbar Sahib**

126 South Cherry Street, Olathe, KS- 66061

**ਵਿਖੇ ਇਕ ਗ੍ਰੰਥੀ ਸਿੰਘ ਦੀ ਜ਼ਰੂਰਤ ਹੈ**

- ਤਬਲਾ ਵਜਾਉਣ ਵਿਚ ਮਾਹਿਰ
- ਕੀਰਤਨ ਕਰਨ ਵਿਚ ਮਾਹਿਰ
- ਸ਼ੁੱਧ ਪਾਠ ਕਰ ਸਕਦਾ ਹੋਵੇ
- ਅੰਗਰੇਜ਼ੀ (English) ਜਾਣਦਾ ਹੋਵੇ।
- ਕਿਸ ਜਗ੍ਹਾ ਤੋਂ ਵਿਦਿਆ ਪ੍ਰਾਪਤ ਕੀਤੀ
- ਕਿਸ ਜਗ੍ਹਾ ਤੋਂ ਸੰਥਿਆ ਅਤੇ ਕੀਰਤਨ ਸਿੱਖਿਆ
- ਕਿੰਨੇ ਸਾਲ ਦਾ ਤਜਰਬਾ 8. ਜੇਕਰ ਕੋਈ Video ਹੋਵੇ ਤਾਂ ਨਾਲ ਨੱਥੀ ਕਰ ਦਿੱਤੀ ਜਾਵੇ

(913) 256-9498

Submitted Copy

gnds@kcsikh.org

suchasingh60@gmail.com

# ਇੰਦਰਬੀਰ ਨਿੱਝਰ ਚੀਫ ਖਾਲਸਾ ਦੀਵਾਨ ਦੇ ਮੁੜ ਪ੍ਰਧਾਨ ਬਣੇ



ਅੰਮ੍ਰਿਤਸਰ : ਸਦੀ ਪੁਰਾਣੀ ਸਿੱਖ ਸੰਸਥਾ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸਣੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਪਈਆਂ ਵੋਟਾਂ ਦੌਰਾਨ ਡਾ. ਇੰਦਰਬੀਰ ਸਿੰਘ ਨਿੱਝਰ ਧੜੇ ਨੇ ਪੰਜ ਅਹੁਦਿਆਂ 'ਤੇ ਜਿੱਤ ਪ੍ਰਾਪਤ ਕੀਤੀ। ਸ੍ਰੀ ਨਿੱਝਰ 247 ਵੋਟਾਂ ਲੈ ਕੇ ਦੂਜੀ ਵਾਰ ਸੰਸਥਾ ਦੇ ਪ੍ਰਧਾਨ ਬਣੇ ਹਨ। ਉਨ੍ਹਾਂ ਆਪਣੇ ਵਿਰੋਧੀ ਉਮੀਦਵਾਰ ਸੁਰਿੰਦਰ ਸਿੰਘ ਪਾਲ ਨੂੰ 97 ਵੋਟਾਂ ਦੇ ਫਰਕ ਨਾਲ ਹਰਾਇਆ।

ਡਾ. ਨਿੱਝਰ ਇਸ ਵੇਲੇ ਆਮ ਆਦਮੀ ਪਾਰਟੀ ਦੇ ਵਿਧਾਇਕ ਵੀ ਹਨ। ਉਹ ਚੀਫ਼ ਖਾਲਸਾ ਦੀਵਾਨ ਦੇ ਦੋ ਸਾਲ ਪ੍ਰਧਾਨ ਰਹੇ ਹਨ। ਅੱਜ ਕੁੱਲ 491 ਵਿੱਚੋਂ 399 ਵੋਟਰਾਂ ਨੇ ਵੋਟਾਂ ਪਾਈਆਂ। ਨਿੱਝਰ ਧੜੇ ਵੱਲੋਂ ਜਿੱਤਣ ਵਾਲੇ ਉਮੀਦਵਾਰਾਂ ਵਿੱਚ ਮੀਤ ਪ੍ਰਧਾਨ ਦੇ ਦੋ ਅਹੁਦਿਆਂ ਲਈ ਸੰਤੋਖ ਸਿੰਘ ਸੇਠੀ ਅਤੇ ਜਗਜੀਤ ਸਿੰਘ ਬੰਟੀ ਚੋਣ ਜਿੱਤੇ ਹਨ। ਉਨ੍ਹਾਂ ਨੂੰ ਕ੍ਰਮਵਾਰ 242 ਅਤੇ 212 ਵੋਟਾਂ ਮਿਲੀਆਂ। ਇਸੇ ਤਰ੍ਹਾਂ ਸਥਾਨਕ ਪ੍ਰਧਾਨ ਲਈ ਕੁਲਜੀਤ ਸਿੰਘ ਸਾਹਨੀ 226 ਵੋਟਾਂ ਲੈ ਕੇ ਜੇਤੂ ਰਹੇ ਹਨ ਅਤੇ ਸਵਿੰਦਰ ਸਿੰਘ ਕੱਥੂਨੰਗਲ ਆਨਰੇਰੀ ਸਕੱਤਰ ਲਈ 221 ਵੋਟਾਂ ਲੈ ਕੇ ਜੇਤੂ ਰਹੇ। ਦੀਵਾਨ ਬਚਾਓ ਫਰੰਟ ਧੜੇ ਵੱਲੋਂ ਸਿਰਫ ਇੱਕ ਉਮੀਦਵਾਰ ਰਮਨੀਕ ਸਿੰਘ ਨੇ ਆਨਰੇਰੀ ਸਕੱਤਰ ਦੇ ਅਹੁਦੇ ਲਈ 217 ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ।

ਉਧਰ, ਇੰਦਰਬੀਰ ਸਿੰਘ ਨਿੱਝਰ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਇੱਕ ਹੋਰ ਸਿਆਸੀ ਪਾਰਟੀ ਦੇ ਆਗੂਆਂ ਵੱਲੋਂ ਉਨ੍ਹਾਂ ਨੂੰ ਹਰਾਉਣ ਦਾ ਯਤਨ ਕੀਤਾ ਗਿਆ ਹੈ ਪਰ ਉਹ ਸਫ਼ਲ ਨਹੀਂ ਹੋ ਸਕੇ। ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਨੇ ਸ਼ੁਕਰਾਨੇ ਵਜੋਂ ਚੀਫ ਖਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਵਿਖੇ ਨਤਮਸਤਕ ਹੋ ਕੇ ਗੁਰੂ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਕਿਹਾ ਕਿ ਧਾਰਮਿਕ ਜਥੇਬੰਦੀਆਂ ਵਿੱਚ ਸਿਆਸੀ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ। ਚੀਫ਼ ਖਾਲਸਾ ਦੀਵਾਨ ਇੱਕ ਧਾਰਮਿਕ ਤੇ ਸਮਾਜਿਕ ਜਥੇਬੰਦੀ ਹੈ, ਜਿਸ ਦਾ ਮੁੱਖ ਟੀਚਾ ਸਿੱਖੀ ਅਤੇ ਸਿੱਖਿਆ ਦਾ ਪਸਾਰ ਕਰਨਾ ਹੈ।

# ਕਾਂਗਰਸ ਦੀ ਵਫ਼ਾਦਾਰੀ ਕਦੇ ਨਹੀਂ ਛੱਡਾਂਗਾ: ਨਵਜੋਤ ਸਿੱਧੂ

### *ਕਿਸਾਨਾਂ ਦਾ ਸਮਰਥਨ ਕਰਦਿਆਂ ਭਾਜਪਾ ਨੂੰ ਲਾਏ ਰਗੜੇ; ਮੁੱਖ ਮੰਤਰੀ 'ਤੇ ਕੇਂਦਰੀ ਮੰਤਰੀਆਂ ਨਾਲ ਮਿਲੀਭੁਗਤ ਦੇ ਦੋਸ਼*



ਪਟਿਆਲਾ : ਇੱਥੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਸਾਨਾਂ ਦੇ ਸੰਘਰਸ਼ ਦਾ ਪੂਰਨ ਸਮਰਥਨ ਕਰਦਿਆਂ ਕੇਂਦਰ ਦੀ ਭਾਜਪਾ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਵਿੱਚ ਜਾਣ ਦੀਆਂ ਸਾਰੀਆਂ ਚਰਚਾਵਾਂ ਨੂੰ ਮਹਿਜ਼ ਅਫ਼ਵਾਹਾਂ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਚਰਚਾ ਕਰਨ ਵਾਲੇ ਲੋਕਾਂ ਨੇ ਉਸ ਨੂੰ ਖੱਬੇ ਪੱਖੀਆਂ ਤੋਂ ਇਲਾਵਾ ਸਾਰੀਆਂ ਪਾਰਟੀਆਂ ਵਿੱਚ ਸ਼ਾਮਲ ਕਰਨ ਦੀਆਂ ਗੱਲਾਂ ਕੀਤੀਆਂ ਪਰ ਉਹ ਜਿੱਥੇ ਖੜ੍ਹਾ ਹੈ, ਉੱਥੇ ਹੀ ਖੜ੍ਹਾ ਰਹੇਗਾ, ਉਸ ਨੇ ਕਦੇ ਕਿਸੇ ਪਾਰਟੀ ਨਾਲ ਕਦੇ ਵੀ ਗ਼ੱਦਾਰੀ ਨਹੀਂ ਕੀਤੀ ਅਤੇ ਨਾ ਹੀ ਕਰੇਗਾ। ਉਨ੍ਹਾਂ ਇਸ ਵੇਲੇ ਕਿਸਾਨ ਸੰਘਰਸ਼ ਵਿੱਚ ਲਗਦੇ ਖ਼ਾਲਿਸਤਾਨ ਦੇ ਨਾਅਰਿਆਂ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਦੇ ਫ਼ਲਸਫ਼ੇ ਅਨੁਸਾਰ ਚੱਲਣ ਵਾਲਾ ਸਿੱਖ ਰਾਜ ਇਕ ਦਿਨ ਜ਼ਰੂਰ ਆ ਕੇ ਰਹੇਗਾ। ਪੰਜਾਬ ਦੇ ਇਨ੍ਹਾਂ ਨੇ 9 ਟੁਕੜੇ ਕਰ ਦਿੱਤੇ ਪਰ ਅੱਜ ਵੀ ਇਹ ਪੰਜਾਬ ਨੂੰ ਟਿਕਣ ਨਹੀਂ ਦੇ ਰਹੇ। ਉਨ੍ਹਾਂ ਕਿਹਾ ਕਿ ਆਜ਼ਾਦੀ ਵਿੱਚ ਕੁਰਬਾਨੀਆਂ ਪੰਜਾਬੀਆਂ ਦੀਆਂ ਸਭ ਤੋਂ ਵੱਧ ਹਨ ਅਤੇ ਅਨਾਜ ਭੰਡਾਰ ਵਿੱਚ ਵੀ ਸਭ ਤੋਂ ਵੱਧ ਇਨ੍ਹਾਂ ਦਾ ਹਿੱਸਾ ਹੈ। ਇਸ ਦੇ ਬਾਵਜੂਦ ਇਨ੍ਹਾਂ 'ਤੇ ਜ਼ੁਲਮ ਢਾਹਿਆ ਜਾ ਰਿਹਾ ਹੈ। ਸਿੱਧੂ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਲੈ ਕੇ ਭਾਜਪਾ ਦੀ ਆਲੋਚਨਾ ਕੀਤੀ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਕੇਂਦਰੀ ਮੰਤਰੀਆਂ ਨਾਲ ਮਿਲੀਭੁਗਤ ਦੇ ਦੋਸ਼ ਵੀ ਲਾਏ। ਸਿੱਧੂ ਦਾ ਕਹਿਣਾ ਹੈ ਕਿ ਜੇ ਸਰਹੱਦ ਖੁੱਲ੍ਹ ਗਈ ਤਾਂ ਦੇਸ਼ ਵੱਡੀਆਂ ਉਚਾਈਆਂ ਨੂੰ ਛੂਹੇਗਾ।

ਇਸ ਮੌਕੇ ਸਿੱਧੂ ਨੇ ਅਡਾਨੀ 'ਤੇ ਵੀ ਹਮਲਾ ਬੋਲਿਆ ਤੇ ਦੋਸ਼ ਲਾਇਆ ਕਿ ਐੱਫਸੀਆਈ ਨੂੰ ਦੀਵਾਲੀਆ ਕਰਨ ਤੋਂ ਬਾਅਦ ਕੇਂਦਰ ਨੇ ਸਟੋਰੇਜ ਅਡਾਨੀ ਕਾਰਪੋਰੇਟ ਨੂੰ ਦੇ ਦਿੱਤੀ ਹੈ। ਜੇ ਉਨ੍ਹਾਂ ਦਾ ਗੋਦਾਮ 25 ਫ਼ੀਸਦੀ ਭਰਦਾ ਹੈ ਤਾਂ ਉਨ੍ਹਾਂ ਨੂੰ 100 ਫ਼ੀਸਦੀ ਅਦਾਇਗੀ ਕੀਤੀ ਜਾਂਦੀ ਹੈ ਪਰ ਕੇਂਦਰ ਸਰਕਾਰ ਨੇ ਕਿਸਾਨਾਂ ਲਈ ਕੁੱਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਨੇ 10 ਸਾਲਾਂ ਵਿੱਚ ਅਮੀਰਾਂ ਦੇ 16 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਪਰ ਕਿਸਾਨਾਂ ਦਾ ਕੋਈ ਕਰਜ਼ ਮੁਆਫ਼ ਨਹੀਂ ਕੀਤਾ।

# ਮਹਾਰਾਸ਼ਟਰ ਸਰਕਾਰ ਮੂਲ ਐਕਟ 1956 ਅਨੁਸਾਰ ਚੋਣ ਕਰਵਾ ਕੇ ਬੋਰਡ ਕਾਇਮ ਕਰੇ : ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਮੂਲ ਐਕਟ 1956 ਅਨੁਸਾਰ ਚੋਣ ਕਰਵਾ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਬੋਰਡ ਕਾਇਮ ਕਰੇ। ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਸਰਕਾਰ ਨੇ ਗੁਰਦੁਆਰਾ ਪ੍ਰਬੰਧ ਨਾਲ ਸਬੰਧਤ ਐਕਟ ਵਿੱਚ 5 ਫਰਵਰੀ ਨੂੰ ਸੋਧ ਕਰ ਦਿੱਤੀ ਸੀ ਜਿਸ ਤਹਿਤ ਗੁਰਦੁਆਰਾ ਬੋਰਡ ਦੇ 17 ਵਿੱਚੋਂ 12 ਮੈਂਬਰ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ ਅਤੇ ਸਿੱਖ ਸੰਸਥਾਵਾ ਦੇ ਮੈਂਬਰਾਂ ਦੀ ਗਿਣਤੀ ਘੱਟ ਕਰ ਦਿੱਤੀ ਗਈ ਸੀ। ਇਸ ਦਾ ਵਿਰੋਧ ਹੋਣ 'ਤੇ ਸਰਕਾਰ ਨੇ ਫਿਲਹਾਲ ਇਸ ਸੋਧ ਨੂੰ ਲਾਗੂ ਕਰਨ ਦਾ ਫੈਸਲਾ ਰੋਕ ਦਿੱਤਾ ਹੈ।

ਸਰਕਾਰ ਦੇ ਇਸ ਫ਼ੈਸਲੇ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰੀ ਧਾਮੀ ਨੇ ਕਿਹਾ ਕਿ ਭਾਵੇਂ ਮਹਾਰਾਸ਼ਟਰ ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਗੁਰਦੁਆਰਾ ਐਕਟ 1956 ਵਿੱਚ ਸਾਲ 2024 ਦੀ ਸੋਧ ਕਰਨ ਦੀ ਤਜਵੀਜ਼ ਦੇ ਆਪਣੇ ਫੈਸਲੇ ਨੂੰ ਰੋਕਣ ਦਾ ਫੈਸਲਾ ਕੀਤਾ ਹੈ ਪਰ ਇਸ ਨਾਲ ਸਰਕਾਰੀ ਦਖ਼ਲਅੰਦਾਜ਼ੀ ਖ਼ਤਮ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਹੁਣ ਕਹਿ ਰਹੀ ਹੈ ਕਿ ਸਾਰੇ ਸਬੰਧਤ ਵਿਅਕਤੀਆਂ ਨਾਲ ਇਸ ਮੁੱਦੇ 'ਤੇ ਵਿਚਾਰ ਵਟਾਂਦਰਾ ਕਰਨ ਲਈ ਅਤੇ ਉਚਿਤ ਫ਼ੈਸਲਾ ਲੈਣ ਲਈ ਕੈਬਨਿਟ ਸਬ-ਕਮੇਟੀ ਬਣਾਈ ਜਾਵੇਗੀ। ਉਨ੍ਹਾਂ ਸਰਕਾਰ ਨੂੰ ਸਵਾਲ ਉਠਾਇਆ ਕਿ ਉਹ ਅਜਿਹੀ ਦਖ਼ਲਅੰਦਾਜ਼ੀ ਕਿਉਂ ਕਰਨਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਦੀ ਚੋਣ ਬੋਰਡ ਦੇ ਮੈਂਬਰਾਂ ਵੱਲੋਂ ਪਾਰਦਰਸ਼ੀ ਢੰਗ ਨਾਲ ਮੈਂਬਰਾਂ ਵਿੱਚੋਂ ਹੀ ਕੀਤੀ ਜਾਂਦੀ ਹੈ ਅਤੇ ਮੂਲ ਨਾਂਦੇੜ ਗੁਰਦੁਆਰਾ ਐਕਟ 1956 ਦੇ ਅਨੁਸਾਰ ਹੀ ਚੋਣ ਕਰਵਾਈ ਜਾਵੇ। ਉੱਧਰ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਸ ਸਬੰਧੀ 2016 ਵਿੱਚ ਕੀਤੀ ਸੋਧ ਨੂੰ ਵੀ ਰੱਦ ਕੀਤਾ ਜਾਣਾ ਚਾਹੀਦਾ ਹੈ।

# ਸ਼੍ਰੋਮਣੀ ਕਮੇਟੀ ਨੇ 37 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡੇ

### *ਗੁਰਦੁਆਰਾ ਪ੍ਰਬੰਧਨ ਦੀਆਂ ਸੇਵਾਵਾਂ ਲਈ ਨਿਯੁਕਤੀਆਂ ਕੀਤੀਆਂ; ਸਿੱਖੀ ਦੇ ਪ੍ਰਚਾਰ ਲਈ ਸੰਸਥਾ ਕਾਰਜਸ਼ੀਲ: ਧਾਮੀ*



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਸਿੱਖ ਮਿਸ਼ਨਰੀ ਅਦਾਰਿਆਂ ਤੋਂ ਗੁਰਸਿੱਖੀ ਦੀ ਵਿੱਦਿਆ ਪ੍ਰਾਪਤ ਕਰਨ ਵਾਲੇ 37 ਸਿੱਖ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦੇ ਕੇ ਸਿੱਖੀ ਪ੍ਰਚਾਰ ਅਤੇ ਗੁਰਦੁਆਰਾ ਪ੍ਰਬੰਧ ਦੀਆਂ ਸੇਵਾਵਾਂ ਲਈ ਨਿਯੁਕਤ ਕੀਤਾ ਹੈ। ਇਨ੍ਹਾਂ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੱਜ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿੱਚ ਦਿੱਤੇ ਗਏ। ਇਹ ਸਿੱਖ ਨੌਜਵਾਨ ਪਿਛਲੇ ਲਗਭਗ ਇੱਕ ਸਾਲ ਤੋਂ ਸ਼੍ਰੋਮਣੀ ਕਮੇਟੀ ਨਾਲ ਵਾਲੰਟੀਅਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਹੁਣ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਸਿੱਖ ਵਾਲੰਟੀਅਰਾਂ ਵਿੱਚੋਂ 37 ਨੌਜਵਾਨਾਂ ਦੀ ਕਾਰਜ ਸ਼ਕਤੀ ਤੇ ਸੇਵਾ ਭਾਵ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਗੇ ਸੇਵਾਵਾਂ ਦਾ ਮੌਕਾ ਦਿੱਤਾ ਹੈ। ਇਨ੍ਹਾਂ 37 ਨੌਜਵਾਨਾਂ ਦੀ ਨਿਯੁਕਤੀਆਂ ਕਲਰਕ ਗੁਰਦੁਆਰਾ ਪ੍ਰਬੰਧਨ (6), ਜੋੜੀਵਾਲੇ (11), ਸਹਾਇਕ ਰਾਗੀ ਸਿੰਘ (18) ਅਤੇ ਸਹਾਇਕ ਗ੍ਰੰਥੀ ਸਿੰਘ (2) ਵਜੋਂ ਕੀਤੀਆਂ ਗਈਆਂ ਹਨ। ਇਸ ਮੌਕੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧ ਦੇ ਨਾਲ-ਨਾਲ ਸਿੱਖੀ ਪ੍ਰਚਾਰ ਲਈ ਵੀ ਕਾਰਜ ਕਰ ਰਹੀ ਹੈ। ਇਸ ਖੇਤਰ ਵਿੱਚ ਜਿਹੜੇ ਸਿੱਖ ਨੌਜਵਾਨ ਧਾਰਮਿਕ ਸੰਸਥਾਵਾਂ ਵਿੱਚੋਂ ਸਫ਼ਲ ਕੋਰਸ ਕਰਦੇ ਹਨ ਉਨ੍ਹਾਂ ਨੂੰ ਪਹਿਲ ਦੇ ਅਧਾਰ ਉੱਤੇ ਸ਼੍ਰੋਮਣੀ ਕਮੇਟੀ ਵਿੱਚ ਸੇਵਾ ਦਾ ਮੌਕਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇ ਹ ਨੌਜਵਾਨ ਸੰਸਥਾ ਵੱਲੋਂ ਦਿੱਤੀ ਗਈ ਸੇਵਾ ਨੂੰ ਨੌਕਰੀ ਸਮਝ ਕੇ ਨਹੀਂ ਸਗੋਂ ਇਮਾਨਦਾਰੀ ਨਾਲ ਸੇਵਾ ਸਮਝ ਕੇ ਕਾਰਜ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਵਲੰਟੀਅਰਾਂ ਦੀ ਸੇਵਾ ਨਿਭਾ ਰਹੇ 30 ਨੌਜਵਾਨਾਂ ਨੂੰ ਪ੍ਰਚਾਰਕ ਵਜੋਂ ਨਿਯੁਕਤ ਕਰਕੇ ਵੱਖ-ਵੱਖ ਇਲਾਕਿਆਂ ਵਿੱਚ ਸੇਵਾ ਲਈ ਭੇਜਿਆ ਗਿਆ ਹੈ।

# ਟੋਰਾਂਟੋ ਵਿੱਚ ਬਾਬਾ ਨਿਧਾਨ ਸਿੰਘ ਨੂੰ ਸਮਰਪਿਤ ਸਮਾਗਮ ਕਰਵਾਇਆ



ਟੋਰਾਂਟੋ, (ਰਾਜ ਗੋਗਨਾ/ਕੁਲਤਰਨ ਪਧਿਆਣਾ) : ਟੋਰਾਂਟੋ ਦੇ ਨਾਲ ਲੱਗਦੇ ਸ਼ਹਿਰ ਮਿਸੀਸਾਗਾ ਵਿੱਚ ਲੰਘੇ ਐਤਵਾਰ ਨੂੰ ਗੁਰਦੁਆਰਾ ਉਨਟਾਰੀਓ ਖਾਲਸਾ ਦੀਵਾਨ ਡਿਕਸੀ ਰੋਡ ਵਿਖੇ ਬਾਬਾ ਨਿਧਾਨ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਨੂੰ ਸਮਰਪਿਤ ਇਕ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਪ੍ਰਬੰਧ ਪਿੰਡ ਨਡਾਲੋਂ ਅਤੇ ਆਸ-ਪਾਸ ਦੀ ਸੰਗਤ ਵੱਲੋਂ ਕੀਤਾ ਗਿਆ ਸੀ। ਬਾਬਾ ਨਿਧਾਨ ਸਿੰਘ ਜੀ ਦਾ ਜਨਮ ਪੰਜਾਬ ਦੇ ਪਿੰਡ ਨਡਾਲੋਂ ਵਿੱਖੇਂ ਹੋਇਆ ਸੀ ਅਤੇ ਇਸ ਤੋ ਬਾਅਦ ਉਹਨਾਂ ਵੱਲੋ ਸ੍ਰੀ ਹਜ਼ੂਰ ਸਾਹਿਬ ਜਾ ਕੇ ਲੰਗਰਾਂ ਦੀ ਸੇਵਾ ਸ਼ੁਰੂ ਕੀਤੀ ਗਈ ਸੀ ਜੋ ਅੱਜ ਤੱਕ ਅਤੁੱਟ ਚੱਲ ਰਹੀ ਹੈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਇਸ ਤੋ ਇਲਾਵਾ ਕੀਰਤਨੀ ਅਤੇ ਢਾਡੀ ਜੱਥਿਆਂ ਵੱਲੋ ਸੰਗਤਾ ਨੂੰ ਗੁਰਬਾਣੀ ਦੇ ਨਾਲ ਨਿਹਾਲ ਕੀਤਾ ਗਿਆ। ਇਸ ਮੌਕੇ ਭਾਈ ਮਹਿੰਦਰ ਸਿੰਘ ਮਿੱਠਾਪੁਰ ਵਾਲੇ ਅਤੇ ਟਿਵਾਨਾ ਵਾਲੇ ਕੀਰਤਨੀ ਜੱਥੇ ਵੱਲੋ ਰਸ ਭਿੰਨਾਂ ਕੀਰਤਨ ਕੀਤਾ ਗਿਆ। ਫਿਰ ਕਥਾ ਵਾਚਕ ਭਾਈ ਗੁਲਜਾਰ ਸਿੰਘ ਵੱਲੋ ਬਾਬਾ ਨਿਧਾਨ ਸਿੰਘ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ ਗਿਆ ਅਤੇ ਅੰਤ ਵਿੱਚ ਕੈਪਟਨ ਮਲਕੀਤ ਸਿੰਘ ਦੇ ਢਾਡੀ ਜੱਥੇ ਵੱਲੋ ਵਾਰਾਂ ਦੀ ਸੰਗਤਾ ਨਾਲ ਸਾਂਝ ਪਾਈ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ। ਰੋਮੀ ਮਿਨਹਾਸ ਅਤੇ ਪ੍ਰਬੰਧਕ ਕਮੇਟੀ ਵੱਲੋ ਵੱਲੋ ਇਸ ਮੌਕੇ ਸਭ ਆਈਆਂ ਹੋਈਆਂ ਸੰਗਤਾ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਨਰਿੰਦਰ ਮਿਨਹਾਸ, ਓਕਾਂਰ ਪਰਮਾਰ, ਸੁਖਬੀਰ ਪਰਮਾਰ, ਕੁਲਵੰਤ ਸਿੰਘ, ਜਗਜੀਤ ਸਿੰਘ, ਸੁਰਿੰਦਰ ਸਿੰਘ ਪੱਪੀ, ਜਗਤਾਰ ਮਿਨਹਾਸ, ਜਸਵੀਰ ਸਿੰਘ ਖ਼ਾਲਸਾ ਅਤੇ ਹੋਰ ਪਤਵੰਤੇ ਮੌਜੂਦ ਸਨ।

# ਜਲੰਧਰ ਦੇ ਨਾਲ ਸੰਬੰਧਤ ਬਲਬੀਰ ਸਿੰਘ ਅਤੇ ਗੁਰਵਿੰਦਰ ਸਿੰਘ ਨੇ ਫਰੀ ਡਾਇਲਸਿਸ ਸੈਂਟਰ ਭੁਲੱਥ ਨੂੰ ਸਾਂਝੇ ਤੌਰ 'ਤੇ 50,000 ਰੁਪਏ ਦੀ ਰਾਸ਼ੀ ਦਾਨ ਵਜੋਂ ਦਿੱਤੀ



ਭੁਲੱਥ, (ਅਜੈ ਗੋਗਨਾ )—ਮਨੁੱਖਤਾ ਦੀ ਸੇਵਾ ਲਈ ਚਲ ਰਹੇ ਗੁਰੂ ਨਾਨਕ ਦੇਵ ਜੀ ਫ੍ਰੀ ਡਾਇਲਸਿਸ ਯੂਨਿਟ ਭੁਲੱਥ ਵਿੱਚ ਜਲੰਧਰ ਤੋਂ ਬਹੁਤ ਹੀ ਦੋ ਸਤਿਕਾਰਯੋਗ ਸੱਜਣ ਪਹੁੰਚੇ ਜੋ ਸੇਵਾ ਅਤੇ ਸਿਸਟਮ ਨੂੰ ਦੇਖ ਕੇ ਕਾਫੀ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਸੁਸਾਇਟੀ ਦੇ ਉੱਦਮ ਦੀ ਬਹੁਤ ਸ਼ਲਾਘਾ ਕੀਤੀ। ਉਨਾ ਵਿੱਚੋਂ ਸ: ਬਲਬੀਰ ਸਿੰਘ ਜੀ ਨੇ 30,000 ਰੁਪਏ ਅਤੇ ਸ: ਗੁਰਵਿੰਦਰ ਸਿੰਘ ਜੀ ਨੇ 20,000 ਰੁਪਏ ਦੀ ਰਕਮ ਸੁਸਾਇਟੀ ਨੂੰ ਦਾਨ ਕੀਤੀ। ਇਸ ਮੌਕੇ ਸੁਸਾਇਟੀ ਦੇ ਫਾਉਂਡਰ ਫਲਜਿੰਦਰ ਸਿੰਘ ਲਾਲੀਆ , ਸਰਪ੍ਰਸਤ ਅਵਤਾਰ ਸਿੰਘ ਲਾਲੀਆ, ਚੇਅਰਮੈਨ ਡਾਕਟਰ ਸੁਰਿੰਦਰ ਕੱਕੜ , ਵਾਈਸ ਚੇਅਰਮੈਨ ਸੁਰਿੰਦਰ ਸਿੰਘ ਲਾਲੀਆ, ਪ੍ਰਧਾਨ ਲਖਵਿੰਦਰ ਸਿੰਘ ਅਵਾਣ, ਸਕੱਤਰ ਸੁਖਵਿੰਦਰ ਸਿੰਘ ਭਦਾਸ ਵੀ ਨਾਲ ਸ਼ਾਮਲ ਸਨ। ਸੁਸਾਇਟੀ ਦੇ ਸਮੂਹ ਮੈਂਬਰਾਨ ਨੇ ਦਾਨੀ ਸੱਜਣਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਵਿਸ਼ੇਸ ਧੰਨਵਾਦ ਕੀਤਾ।

# ਹਾਈਕੋਰਟ ਨੇ ਸੌਦਾ ਸਾਧ ਤੋਂ ਮੰਗਿਆ ਜਵਾਬ, ਪੰਚਕੁਲਾ ਹਿੰਸਾ ਲਈ ਜ਼ਿੰਮੇਵਾਰ ਕੌਣ ?

ਚੰਡੀਗੜ੍ਹ : ਸਾਧਵੀਆਂ ਨਾਲ ਜਬਰ ਜਨਾਹ ਦੇ ਕੇਸ ਵਿਚ ਦੋਸ਼ੀ ਸੌਦਾ ਸਾਧ ਨੂੰ ਸਜ਼ਾ ਵਾਲੇ ਦਿਨਾਂ ਵਿਚ ਪੰਚਕੁਲਾ ਅਦਾਲਤ ਵਿਖੇ ਹੋਈ ਹਿੰਸਾ ਅਤੇ ਉਨ੍ਹਾਂ ਦਿਨਾਂ ਵਿਚ ਪੰਚਕੁਲਾ 'ਚ ਪ੍ਰੇਮੀਆਂ ਦੇ ਭਾਰੀ ਇਕੱਠ ਕੀਤੇ ਜਾਣ ਨਾਲ ਲੋਕਾਂ ਨੂੰ ਹੋਈ ਪ੍ਰੇਸ਼ਾਨੀ ਤੇ ਉਸ ਵੇਲੇ ਬਣੇ ਮਾਹੌਲ ਪ੍ਰਤੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਫ਼ੁੱਲ ਬੈਂਚ ਨੇ ਸੌਦਾ ਸਾਧ ਦੇ ਡੇਰੇ ਕੋਲੋਂ ਪੁਛਿਆ ਹੈ ਕਿ ਇਸ ਲਈ ਕੌਣ ਜ਼ਿੰਮੇਵਾਰ ਹੈ?

ਇਕ ਲੋਕਹਿਤ ਪਟੀਸ਼ਨ ਸਜ਼ਾ ਤੋਂ ਪਹਿਲਾਂ ਪ੍ਰੇਮੀਆਂ ਦੇ ਸ਼ੁਰੂ ਹੋਏ ਇਕੱਠ ਕਾਰਨ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਹਾਈਕੋਰਟ ਵਿਚ ਦਾਖ਼ਲ ਕੀਤੀ ਗਈ ਸੀ। ਇਸੇ ਦੌਰਾਨ ਸੌਦਾ ਸਾਧ ਨੂੰ ਦੋਸ਼ੀ ਕਰਾਰ ਦੇ ਦਿਤਾ ਗਿਆ ਸੀ ਤੇ ਸਜ਼ਾ ਵਾਲੇ ਦਿਨ ਪੰਚਕੁਲਾ ਵਿਖੇ ਵੱਡੇ ਪੱਧਰ 'ਤੇ ਹਿੰਸਾ ਹੋਈ ਸੀ। ਇਸ ਸਾਰੇ ਮਾਮਲੇ 'ਤੇ ਮੁੱਦੇ ਤੈਅ ਕਰਨ ਲਈ ਹੁਣ ਹਾਈਕੋਰਟ ਦੀ ਬੈਂਚ ਨੇ ਪੁਛਿਆ ਹੈ ਕਿ ਆਖ਼ਰ ਉਸ ਵੇਲੇ ਬਣੇ ਹਾਲਾਤ ਤੇ ਨੁਕਸਾਨ ਬਾਰੇ ਕੌਣ ਜ਼ਿੰਮੇਵਾਰ ਹੈ। ਇਹ ਵੀ ਮਾਮਲਾ ਉਠਿਆ ਕਿ ਕੀ ਉਸ ਵੇਲੇ ਦੀ ਸਰਕਾਰ ਇਸ ਲਈ ਜ਼ਿੰਮੇਵਾਰ ਸੀ ਜਾਂ ਡੇਰਾ? ਹੁਣ ਹਾਈ ਕੋਰਟ ਨੇ ਡੇਰੇ ਕੋਲੋਂ ਪੁਛਿਆ ਹੈ ਕਿ ਇਸ ਬਾਰੇ ਅਪਣੀ ਰਾਏ ਦੇਵੇ ਤਾਂ ਜੋ ਮੁੱਦੇ ਤੈਅ ਕੀਤੇ ਜਾਣ।

ਸੌਦਾ ਸਾਧ ਨੂੰ ਸਜ਼ਾ ਉਪਰੰਤ ਪੰਚਕੁਲਾ ਵਿਖੇ ਹੋਈ ਹਿੰਸਾ ਕਾਰਨ ਪੰਜਾਬ ਤੇ ਹਰਿਆਣਾ ਤੱਤਕਾਲੀ ਗ੍ਰਹਿ ਸਕੱਤਰਾਂ ਵਿਰੁਧ ਦਾਖ਼ਲ ਉਲੰਘਣਾ ਪਟੀਸ਼ਨ ਸ਼ੁਕਰਵਾਰ ਨੂੰ ਵਾਪਸ ਲੈ ਲਈ ਗਈ। ਐਡਵੋਕੇਟ ਰਵਨੀਤ ਸਿੰਘ ਜੋਸ਼ੀ ਨੇ ਉਲੰਘਣਾ ਪਟੀਸ਼ਨ ਦਾਖ਼ਲ ਕਰ ਕੇ ਕਿਹਾ ਸੀ ਕਿ ਸਤਲੋਕ ਆਸ਼ਰਮ ਮੁਖੀ ਰਾਮਪਾਲ ਦੇ ਮਾਮਲੇ ਵਿਚ ਆਸ਼ਰਮ ਦੀ ਤਲਾਸ਼ੀ ਵਿਚ ਹਥਿਆਰ ਨਿਕਲੇ ਸਨ ਤੇ ਇਸ ਉਪਰੰਤ ਆਰਮੀ ਇੰਟੈਲੀਜੈਂਸ ਦੇ ਇਕ ਪੱਤਰ ਤੋਂ ਪਤਾ ਲੱਗਾ ਸੀ ਕਿ ਪੰਜਾਬ ਅਤੇ ਹਰਿਆਣਾ ਦੇ ਡੇਰਿਆਂ ਵਿਚ ਤਲਾਸ਼ੀ ਲਈ ਜਾਵੇ ਤਾਂ ਇਸ ਨਾਲੋਂ ਵੱਡੀ ਗਿਣਤੀ ਵਿਚ ਹਥਿਆਰ ਹੋ ਸਕਦੇ ਹਨ ਤੇ ਇਸ 'ਤੇ ਹਾਈ ਕੋਰਟ ਨੇ ਦੋਵੇਂ ਸੂਬਿਆਂ ਨੂੰ ਡੇਰਿਆਂ ਦੀ ਤਲਾਸ਼ੀ ਲੈਣ ਦੀ ਹਦਾਇਤ ਕੀਤੀ ਸੀ ਜਿਸ 'ਤੇ ਦੋਵੇਂ ਸਰਕਾਰਾਂ ਨੇ ਕਿਹਾ ਸੀ ਕਿ ਤਲਾਸ਼ੀ ਦੌਰਾਨ ਕੁੱਝ ਨਹੀਂ ਮਿਲਿਆ ਤੇ ਭਵਿੱਖ ਵਿਚ ਸਮੇਂ-ਸਮੇਂ ਸਿਰ ਨਜ਼ਰ ਰੱਖੀ ਜਾਵੇਗੀ। ਇਸ 'ਤੇ ਹਾਈ ਕੋਰਟ ਵਿਚ ਇਕ ਉਲੰਘਣਾ ਪਟੀਸ਼ਨ ਦਾਖ਼ਲ ਕਰ ਕੇ ਕਿਹਾ ਗਿਆ ਸੀ ਕਿ ਦੋਵੇਂ ਸੂਬੇ ਡੇਰਿਆਂ 'ਤੇ ਨਜ਼ਰ ਰੱਖਣ ਵਿਚ ਅਸਫ਼ਲ ਰਹੇ ਹਨ ਕਿਉਂਕਿ ਜੇਕਰ ਨਜ਼ਰ ਰੱਖੀ ਜਾਂਦੀ ਤਾਂ ਪੰਚਕੁਲਾ ਹਿੰਸਾ ਜਿਹੀ ਘਟਨਾ ਨਾ ਵਾਪਰਦੀ। ਤੱਤਕਾਲੀ ਦੋਵੇਂ ਗ੍ਰਹਿ ਸਕੱਤਰ ਸੇਵਾਮੁਕਤ ਹੋ ਚੁੱਕੇ ਹਨ ਤੇ ਅੱਜ ਉਲੰਘਣਾ ਪਟੀਸ਼ਨ ਵਾਪਸ ਲੈ ਲਈ ਗਈ।

## ਪੰਚਕੂਲਾ ਹਿੰਸਾ ਮਾਮਲੇ ਵਿਚ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਨਵੀਂ ਬੈਂਚ ਦਾ ਗਠਨ

ਚੰਡੀਗੜ੍ਹ : ਪੰਚਕੂਲਾ 'ਚ ਡੇਰਾ ਸਿਰਸਾ ਸੌਦਾ ਸਾਧ ਨੂੰ ਦੋਸ਼ੀ ਕਰਾਰ ਦਿਤੇ ਜਾਣ ਤੋਂ ਬਾਅਦ ਭੜਕੀ ਹਿੰਸਾ 'ਚ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਨਵੀਂ ਬੈਂਚ ਦਾ ਗਠਨ ਕੀਤਾ ਗਿਆ ਹੈ।



ਜਸਟਿਸ ਅਰੁਣ ਪੱਲੀ, ਜਸਟਿਸ ਵਿਨੋਦ ਐਸ ਭਾਰਦਵਾਜ ਅਤੇ ਜਸਟਿਸ ਵਿਕਰਮ ਅਗਰਵਾਲ ਦੀ ਬੈਂਚ ਨੇ ਇਸ ਪੂਰੇ ਮਾਮਲੇ ਵਿਚ ਸੌਦਾ ਸਾਧ ਨੂੰ ਅਪਣਾ ਪੱਖ ਪੇਸ਼ ਕਰਨ ਲਈ ਚਾਰ ਹਫ਼ਤਿਆਂ ਦਾ ਸਮਾਂ ਦਿਤਾ ਹੈ। ਹਾਈਕੋਰਟ ਨੇ ਮਾਮਲੇ ਦੀ ਸੁਣਵਾਈ 5 ਅਪ੍ਰੈਲ ਲਈ ਤੈਅ ਕੀਤੀ ਹੈ।

ਦੱਸ ਦੇਈਏ ਕਿ 7 ਸਾਲਾਂ 'ਚ ਇਹ 7ਵੀਂ ਬੈਂਚ ਹੈ ਜੋ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਹੈ। ਸੌਦਾ ਸਾਧ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਅਸ਼ੋਕ ਅਗਰਵਾਲ ਨੇ ਅਦਾਲਤ ਵਿਚ ਕਿਹਾ ਕਿ ਉਨ੍ਹਾਂ ਨੂੰ ਇਸ ਮਾਮਲੇ ਵਿਚ ਅਪਣਾ ਪੱਖ ਪੇਸ਼ ਕਰਨ ਦਾ ਮੌਕਾ ਨਹੀਂ ਦਿਤਾ ਗਿਆ ਹੈ। ਹਾਈ ਕੋਰਟ 24 ਅਗਸਤ 2017 ਤੋਂ ਇਸ ਕੇਸ ਦੀ ਸੁਣਵਾਈ ਕਰ ਰਹੀ ਹੈ ਪਰ ਉਸ ਨੂੰ ਅਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਨਹੀਂ ਦਿਤਾ ਗਿਆ। ਇਸ ਤੋਂ ਪਹਿਲਾਂ ਐਮਿਕਸ ਕਿਊਰੀ ਸੀਨੀਅਰ ਵਕੀਲ ਅਨੁਪਮ ਗੁਪਤਾ ਨੇ ਹਾਈ ਕੋਰਟ ਨੂੰ ਸੁਝਾਅ ਦਿਤਾ ਸੀ ਕਿ ਹਰੇਕ ਜ਼ਿਲ੍ਹੇ ਦੇ ਸੈਸ਼ਨ ਜੱਜ ਦੀ ਪ੍ਰਧਾਨਗੀ ਹੇਠ ਵੱਖਰਾ ਟ੍ਰਿਬਿਊਨਲ ਬਣਾਇਆ ਜਾਵੇ ਜਾਂ ਹਾਈ ਕੋਰਟ ਦੇ ਸੇਵਾਮੁਕਤ ਜੱਜ ਦੀ ਪ੍ਰਧਾਨਗੀ ਹੇਠ ਟ੍ਰਿਬਿਊਨਲ ਬਣਾਇਆ ਜਾਵੇ। ਇਸ ਉਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਦੱਸ ਦਈਏ ਕਿ ਇਸ ਘਟਨਾ ਤੋਂ ਪ੍ਰਭਾਵਿਤ ਲੋਕਾਂ ਨੂੰ ਬੀਮਾ ਕੰਪਨੀਆਂ ਤੋਂ ਮੁਆਵਜ਼ਾ ਨਹੀਂ ਮਿਲ ਰਿਹਾ ਕਿਉਂਕਿ ਮਾਮਲਾ ਅਦਾਲਤ 'ਚ ਵਿਚਾਰ ਅਧੀਨ ਹੈ। ਮੁਆਵਜ਼ੇ ਦੀ ਅਦਾਇਗੀ 'ਤੇ ਟ੍ਰਿਬਿਊਨਲ ਬਣਾਉਣ ਦੀ ਮੰਗ 'ਤੇ ਸੁਣਵਾਈ ਵਿਚਾਰ ਅਧੀਨ ਹੈ।

ਇਸ ਤੋਂ ਪਹਿਲਾਂ ਕੇਸਾਂ ਦੀ ਸੁਣਵਾਈ ਕਰਨ ਵਾਲੇ ਜੱਜ ਸੇਵਾਮੁਕਤ ਜਾਂ ਤਰੱਕੀ ਲੈ ਕੇ ਦੂਜੇ ਰਾਜਾਂ ਦੇ ਚੀਫ਼ ਜਸਟਿਸ ਬਣ ਗਏ ਸਨ। ਹਾਈ ਕੋਰਟ ਨੇ ਫੈਸਲਾ ਕਰਨਾ ਹੈ ਕਿ ਦੰਗਿਆਂ ਦੌਰਾਨ ਜਨਤਕ ਅਤੇ ਨਿੱਜੀ ਜਾਇਦਾਦ ਨੂੰ ਹੋਏ ਨੁਕਸਾਨ ਦਾ ਮੁਲਾਂਕਣ ਕਿਵੇਂ ਕਰਨਾ ਹੈ।






American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330





ਗੁਰੂਆਂ, ਸ਼ਹੀਦਾਂ, ਸੂਰਬੀਰਾਂ, ਦਾਨੀਆਂ, ਦੇ ਪਰਵਾਸੀਆਂ ਦੀ ਧਰਤੀ

# ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ

ਛੇਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਸਰਬਤ ਦੇ ਭਲੇ ਮਨੁੱਖਤਾ ਦੀ ਸ਼ਾਂਤੀ ਪ੍ਰਵਾਰਾਂ ਵਿੱਚ ਖੇੜੇ ਖੁਸ਼ੀਆ ਅਤੇ ਪਿਆਰ ਲਈ

**26 ਅਪ੍ਰੈਲ ਨੂੰ Gurdwara Sahib Turlock**

ਵਿਖੇ ਸ਼੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ ਅਤੇ 28 ਅਪ੍ਰੈਲ ਸ਼੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ




I Love Bara Pind



V.P.O. Bara Pind-144418

## ਗੁਰਦੁਆਰਾ ਸਾਹਿਬ ਟਰਲੋਕ

1391 5th Street Turlock CA 95380

ਅਰੰਭ ਸ਼੍ਰੀ ਅਖੰਡਪਾਠ ਸਾਹਿਬ : 26, ਅਪ੍ਰੈਲ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

ਭੋਗ ਸ਼੍ਰੀ ਅਖੰਡਪਾਠ ਸਾਹਿਬ : 28, ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ. ਜੁਗਰਾਜ ਸਿੰਘ ਸਹੋਤਾ (510) 673-0825

ਸ. ਨਿਰਮਲ ਸਿੰਘ ਸਹੋਤਾ (209) 277-0113

ਸ. ਹਰਿੰਦਰ ਸਿੰਘ ਸਹੋਤਾ (209) 606-7795



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

**ਕੀ ਤਾਰ ਦੇਣ ਦੀ ਲੋੜ ਸੀ?**

ਡਾ. ਅੰਬੇਡਕਰ ਅਜੇ ਤਾਈਂ ਸਿੱਖ ਨਹੀਂ ਬਣ ਚੁੱਕੇ। ਉਹ ਸਿੱਖਾਂ ਦੇ ਵਿਚ ਜੇ ਕੋਈ ਅਛੂਤ ਸਨ, ਉਨ੍ਹਾਂ ਨੂੰ ਸਿੱਖ ਧਰਮ ਦੀ ਸਿੱਖਿਆ ਦੱਸਣ ਲਈ ਸਿੱਖ ਲੀਡਰ ਚਲੇ ਸਨ। ਸਿੱਖ ਧਰਮ ਵਿਚ ਅਛੂਤ ਤੇ ਕਾਸ਼ਤਕਾਰ ਤੇ ਗ਼ੈਰ ਕਾਸ਼ਤਕਾਰ ਦਾ ਨਾ ਕਦੀ ਸਵਾਲ ਅਸੂਲਨ ਉਠਿਆ, ਨਾ ਹੈ ਤੇ ਨਾ ਹੀ ਉਹਦੀ ਹੋਂਦ ਦੀ ਕੋਈ ਇਸ਼ਾਰੇ ਮਾਤਰ ਵੀ ਗੱਲ ਹੈ। ਸਿੱਖ ਲੀਡਰ ਡਾਕਟਰ ਅੰਬੇਡਕਰ ਪਾਸ ਇਕ ਅਜਿਹੇ ਪੈਗ਼ਾਮ ਨੂੰ ਲੈ ਕੇ ਗਏ ਸਨ, ਜਿਸ ਦੀ ਸੱਚਾਈ ਵਿਚ ਨਾ ਡਾ. ਨੰਦ ਸਿੰਘ ਜੀ, ਨਾ ਰਾਮਗੜ੍ਹੀਆ ਗਜ਼ਟ ਦੇ ਮਾਨਯੋਗ ਐਡੀਟਰ ਜੀ ਤੇ ਨਾ ਹੀ ਕੋਈ ਹੋਰ ਕਤੂ ਕਰ ਸਕਦਾ ਹੈ। ਅਜਿਹੀ ਹਾਲਤ ਵਿਚ ਡਾ. ਨੰਦ ਸਿੰਘ ਜੀ ਦੀ ਤਾਰ ਦੇਣ ਦਾ ਫਲ ਚੰਗਾ ਨਹੀਂ ਲੱਗ ਸਕਦਾ ਤੇ ਇਸ ਦੀ ਲੋੜ ਨਹੀਂ ਸੀ। ਰਾਮਗੜ੍ਹੀਆ ਗਜ਼ਟ ਦੇ ਵਿਦਵਾਨ ਲੇਖਕ ਜਾਂ ਡਾ. ਨੰਦ ਸਿੰਘ ਜਿਹੇ ਪੜ੍ਹੇ ਲਿਖੇ ਸੱਜਣਾਂ ਤੋਂ ਇਸ ਪੁਰ ਬਹਿਸ ਛਿੜਨ ਦੀ ਆਸ ਨਹੀਂ ਕੀਤੀ ਜਾ ਸਕਦੀ।

**ਕੀ ਉਤਰ ਦਿੰਦੇ?**


ਕਿਹਾ ਜਾ ਕਸਦਾ ਹੈ ਕਿ ਡਾ. ਨੰਦ ਸਿੰਘ ਦੀ ਪੁੱਛ ਪੁੱਛਣ 'ਤੇ ਡਾ. ਅੰਬੇਡਕਰ 'ਤੇ ਕੀ ਅਸਰ ਪੈਂਦਾ? ਜਿਹੜੇ ਤਿੰਨ ਸੱਜਣਾਂ ਦੇਜਾਣ ਦੀ ਖ਼ਬਰ ਛਪੀ ਸੀ ਉਹ ਪ੍ਰੋ. ਤੇਜਾ ਸਿੰਘ ਤੇ ਪ੍ਰੋ. ਮਹਿਤਾਬ ਸਿੰਘ ਤੇ ਸਰਦਾਰ ਹਰਬੰਸ ਸਿੰਘ ਅਟਾਰੀ ਸਨ। ਪਹਿਲੇ ਦੋਨੋਂ ਸੱਜਣ ਕਹਿੰਦੇ ਕਿ ਅਸੀਂ ਦੋਨੋਂ ਗ਼ੈਰ ਕਾਸ਼ਤਕਾਰ ਹਾਂ, ਸਿੱਖਾਂ ਵਿਚ ਸਾਨੂੰ ਉਹ ਹੀ ਦਰਜਾ ਪ੍ਰਾਪਤ ਹੈ ਜੋ ਕਿਸੇ ਕਾਸ਼ਤਕਾਰ ਸਿੱਖ ਨੂੰ ਪ੍ਰਾਪਤ ਹੈ।

ਸ੍ਰ. ਮਹਿਤਾਬ ਸਿੰਘ ਜੀ ਦਾ ਇਹ ਕਹਿ ਦੇਣਾ ਕਿ ਮੈਂ ਗ਼ੈਰ ਕਾਸ਼ਤਕਾਰ ਹਾਂ ਪ੍ਰੰਤੂ ਸ਼੍ਰੋਮਣੀ ਗੁਰਦੁਆਰਾ ਕਮੇਟੀ ਤੇ ਨਨਕਾਣਾ ਸਾਹਿਬ ਕਮੇਟੀ ਦਾ ਪ੍ਰੈਜ਼ੀਡੈਂਟ ਰਹਿ ਚੁੱਕਾ ਹਾਂ ਤੇ ਐਸ ਵੇਲੇ ਹਾਂ, ਪ੍ਰੋ. ਤੇਜਾ ਸਿੰਘ ਜੀ ਦਾ ਇਹ ਉਤਰ ਦੇਣਾ ਕਿ ਸਿੱਖਾਂ ਦੀ ਸਭ ਤੋਂ ਵੱਡੀ ਵਿਦਿਅਕ ਸੰਸਥਾ ਵਿਚ ਮੈਂ ਪ੍ਰੋਫੈਸਰ ਹਾਂ ਤੇ ਸਰਦਾਰ ਹਰਬੰਸ ਜੀ ਦਾ ਇਨ੍ਹਾਂ ਦੇ ਨਾਲ ਹੋਣਾ ਕਾਸ਼ਤਕਾਰ ਤੇ ਗ਼ੈਰ ਕਾਸ਼ਤਕਾਰ ਤੇ ਵਿਤਕਰੇ ਸਬੰਧੀ ਪੁੱਛ ਦੀ ਜੜ੍ਹ ਹਿਲਾ ਦੇਣ ਵਾਲੀ ਗੱਲ ਸੀ।

**ਦੂਜਾ ਪਹਿਲੂ**

ਡਾਕਟਰ ਜੀ ਤੇ ਉਨ੍ਹਾਂ ਦੇ ਮਿੱਤਰਾਂ ਵਲੋਂ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਵਿਚ ਅਛੂਤ ਹਨ, ਭਾਵੇਂ ਉਹ ਕਿੰਨੇ ਵੀ ਥੋੜ੍ਹੇ ਹਨ, ਹਨ ਜ਼ਰੂਰ ਤੇ ਇਸੇ ਤਰ੍ਹਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਵਿਚ ਜੱਟ ਪਾਰਟੀ ਕੁਝ ਜ਼ੋਰਾਂ 'ਤੇ ਹੈ ਤੇ ਉਹਦਾ ਪਿੰਡਾਂ ਦੇ ਗ਼ੈਰ ਜੱਟਾਂ ਨਾਲ ਸਲੂਕ ਚੰਗਾ ਨਹੀਂ।

ਜਦ ਸਿੱਖ ਧਰਮ ਵਿਚ ਇਨ੍ਹਾਂ ਦੋਨਾਂ ਗੱਲਾਂ ਦਾ




ਕੋਈ ਵਿਤਕਰਾ ਨਹੀਂ, ਸਿੱਖਾਂ ਦੀ ਆਮ ਵਸੋਂਇ ਵਿਚ ਕੋਈ ਵਿਤਕਰਾ ਨਹੀਂ, ਕੁਝ ਖ਼ਾਸ ਅਨਪੜ੍ਹ ਤੇ ਮੂਰਖ ਆਦਮੀਆਂ ਵਿਚ ਜੇ ਇਹ ਖ਼ਿਆਲ ਹੋਵੇ ਵੀ ਤਦ ਹਿਸ ਨੂੰ ਕੌਮੀ ਸਵਾਲ ਨਹੀਂ ਬਣਾਇਆ ਜਾ ਹੈ, ਇਹਦੇ ਵਿਰੁੱਧ ਹਰ ਸਿੱਖ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ। ਇਸ ਸਿੱਖੀ ਵਿਰੁੱਧ ਖ਼ਿਆਲ ਨੂੰ ਕੌਮ ਵਿਚੋਂ ਦੂਰ ਕਰਨ ਦੀ ਜ਼ਿੰਮੇਵਾਰੀ ਡਾ. ਨੰਦ ਸਿੰਘ ਜੀ ਤੇ ਰਾਮਗੜ੍ਹੀਆ ਗਜ਼ਟ ਦੀ ਕਿਸੇ ਹੋਰ ਸਿੱਖ ਨਾਲੋਂ ਘੱਟ ਨਹੀਂ। ਅਨਪੜ੍ਹ ਵਸੋਂ ਦੀ ਥੋੜ੍ਹੇ ਤੇ ਥੋੜ੍ਹੇ ਹਿੱਸੇ ਦੀ ਕਮਜ਼ੋਰੀ ਨੂੰ ਕੌਮੀ ਕਮਜ਼ੋਰੀ ਦੱਸ ਕੇ ਇਕ ਗੈਰ ਸਿੱਖ ਤੇ ਸਿੱਖੀ ਤੋਂ ਉਕਾ ਅਨਜਾਣ ਦੇ ਸਾਹਮਣੇ ਰੱਖਣਾ ਯੋਗ ਨਹੀਂ ਹੋ ਸਕਦਾ। ਕਿਸੇ ਥਾਂ ਦੇ ਜੱਟਾਂ ਵਲੋਂ ਅਖੌਤੀ ਅਛੂਤਾਂ ਜਾਂ ਆਪਣੇ ਵੀਰ ਰਾਮਗੜ੍ਹੀਆਂ ਨਾਲ ਕੀਤੇ ਗਏ ਜਾਂ ਕੀਤੇ ਜਾ ਰਹੇ ਅਨੁਚਿਤ ਸਲੂਕ ਨੂੰ ਪਸੰਦ ਨਹੀਂ ਕੀਤਾ ਜਾ ਸਕਦਾ। ਇਹ ਮਾਮਲਾ ਪਰਸਪਰ ਘਰ ਦੀ ਵਿਚਾਰ ਦਾ ਹੈ। ਕੋਈ ਕਮਜ਼ੋਰੀ ਆ ਜਾਵੇ ਤਾਂ ਉਹ ਅਸੂਲੀ ਫ਼ਰਕ ਨਹੀਂ ਕਿਹਾ ਜਾ ਸਕਦਾ। ਸਿੱਖ ਅਸੂਲ ਵਿਚ ਸਮਤਾ ਹੈ, ਵਰਤਾਓ ਵਿਚ ਸਮਤਾ ਹੈ ਜੇ ਕੋਈ ਕਾਰਨ ਬਾਹਰੋਂ ਪੈਦਾ ਹੋਏ ਹਨ ਤਾਂ ਉਹ ਅਸੂਲੀ ਨਹੀਂ ਹਨ।

**ਤੀਜਾ ਪਹਿਲੂ**

ਡਾ. ਅੰਬੇਡਕਰ ਪਾਸ ਮੁਸਲਮਾਨ ਤੇ ਈਸਾਈ ਲੀਡਰ ਗਏ ਹਨ, ਉਨ੍ਹਾਂ ਵਿਚ ਵਿਤਕਰੇ ਸਿੱਖਾਂ ਨਾਲੋਂ ਲੱਖਾਂ ਗੁਣਾਂ ਜ਼ਿਆਦਾ ਹਨ।

ਅਜੇ ਦੋ ਹਫ਼ਤੇ ਨਹੀਂ ਗੁਜ਼ਰੇ ਕਿ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਫਤਿਹਗੜ੍ਹ ਚੂੜੀਆਂ ਦੇ ਮੁਸਲਮਾਨ ਮੌਲਵੀਆਂ ਫ਼ਤਵਾ ਦਿੱਤਾ ਹੈ ਕਿ ਜੁਲਾਹੇ ਮੁਸਲਮਾਨ ਨਹੀਂ ਹੋ ਸਕਦੇ। ਇਸ ਤੋਂ ਵੀ ਨੇੜੇ ਦੀ ਗੱਲ ਹੈ, ਦਿੱਲੀ ਵਿਚ ਸੱਯਦਾਂ ਦੀ ਲੜਕੀ ਦਾ ਨਿਕਾਹ ਇਕ ਗ਼ੈਰ ਸੱਯਦ ਮੌਲਵੀ ਪੜ੍ਹਾਉਣ ਲੱਗਾ, ਲੜਕੇ ਵਾਲਿਆਂ ਕਿਹਾ ਕਿ ਸੱਯਦਾਣੀ ਦਾ ਨਿਕਾਹ ਗ਼ੈਰ ਸੱਯਦ ਮੌਲਵੀ ਨੂੰ ਪੜ੍ਹਾਉਣ ਦਾ ਹੱਕ ਨਹੀਂ।

ਉਥੋਂ ਵੀ ਨੇੜੇ ਦੀ ਗੱਲ ਹੈ ਕਿ ਇਕ ਸੱਯਦਾਣੀ ਦਾ ਵਿਆਹ ਇਕ ਮੌਲਵੀ ਨਾਲ ਹੋਇਆ। ਲੋਕਾਂ ਰਾਤੀਂ ਮੌਲਵੀ ਨੂੰ ਕਤਲ ਕਰਕੇ ਸੱਯਦਾਣੀ ਘਰ ਲੈ ਆਉਂਦੀ ਹੈ। ਆਮ ਮੁਸਲਮਾਨ ਮਿਰਜ਼ਈ ਮੁਸਲਮਾਨਾਂ ਨਾਲ ਰਿਸ਼ਤੇ ਨਾਤੇ ਨਹੀਂ ਕਰਦੇ, ਇਕ ਦੂਜੇ ਦੇ ਪਿਛੇ ਹੋ ਕੇ ਨਿਮਾਜ਼ ਨਹੀਂ ਪੜ੍ਹਦੇ, ਆਪਣੇ ਕਬਰਸਤਾਨ ਵਿਚ ਇਕ ਦੂਜੇ ਦੇ ਮੁਰਦੇ ਨਹੀਂ ਦਬਾ ਸਕਦੇ। ਅਨਪੜ੍ਹਾਂ ਦੀ ਗੱਲ ਜਾਣ ਦਿਓ, ਡਾਕਟਰ ਇਕਬਾਲ ਜਿਹੇ ਪੜ੍ਹੇ ਲਿ ਲਿਖਿਆਂ ਨੇ ਅੰਜੁਮਨ ਇਸਲਾਮੀਆਂ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਹੈ ਕਿ ਜਦ ਤੱਕ ਇਸ ਅੰਜੁਮਨ ਦੇ ਕੰਮ ਕਰਨ ਵਾਲਿਆਂ ਵਿਚ ਇਕ ਵੀ ਮਿਰਜ਼ਈ ਮੁਲਾਜ਼ ਹੈ, ਉਹ ਇਹਦੇ ਪ੍ਰਧਾਨ ਨਹੀਂ ਹੋ ਸਕਦੇ।

(ਚਲਦਾ)





ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਦੇ ਸ਼ੋਮਣੀ ਕੀਰਤਨੀਏ ਡਾ. ਗੁਰਨਾਮ ਸਿੰਘ ਨੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਪਰੰਪਰਾ ਨੂੰ ਵਰਤਮਾਨ ਸਮੇਂ ਪੁਨਰ ਸੁਰਜੀਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਆਪ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਪਿਛਲੇ 40 ਵਰ੍ਹਿਆਂ ਤੋਂ ਬਤੌਰ ਡੀਨ ਤੇ ਪ੍ਰੋਫੈਸਰ ਕਾਰਜ ਕਰਦੇ ਆ ਰਹੇ ਹਨ। ਆਪਨੂੰ ਗੁਰਮਤਿ ਸੰਗੀਤ ਵਿੱਚ ਭਾਰਤ ਦਾ ਸਰਵੋਤਮ ਰਾਸ਼ਟਰਪਤੀ ਐਵਾਰਡ, ਸ਼੍ਰੋਮਣੀ ਰਾਗੀ ਐਵਾਰਡ ਅਤੇ ਗਲੋਬਲ ਪੱਧਰ ਉੱਤੇ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸਨਮਾਨ ਦਿੱਤੇ ਜਾ ਚੁੱਕੇ ਹਨ। ਗੁਰੂ ਕਿਰਪਾ ਦੁਆਰਾ ਆਪਨੇ ਆਪਣੀ ਆਵਾਜ਼ ਵਿੱਚ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਰਾਗਾਂ ਤੇ ਮਿਸ਼ਰਤ ਰਾਗਾਂ ਦਾ 1999 ਵਿੱਚ ਵਿਸ਼ਾਲ ਰਿਕਾਰਡਿੰਗ ਕਰਵਾਈ। ਵੱਖ ਵੱਖ ਆਡੀਓ ਵਿਜ਼ੂਅਲ ਕੰਪਨੀਆਂ ਤੇ ਯੂਟਿਊਬ ਉੱਤੇ ਆਪਦੀਆਂ ਅਨੇਕ ਕੀਰਤਨ ਰਿਕਾਰਡਿੰਗਜ਼ ਹਨ। ਯੂਨੀਵਰਸਿਟੀਆਂ, ਕਾਲਜਾਂ ਸਕੂਲਾਂ ਵਿੱਚ ਪੀ. ਐਚਡੀ ਤੱਕ ਗੁਰਮਤਿ ਸੰਗੀਤ ਸਬਜੈਕਟ ਵਜੋਂ ਲਾਗੂ ਕਰਵਾਇਆ, ਪੜ੍ਹਾਇਆ ਅਤੇ ਦੇਸ਼ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਕਈ ਗੁਰਮਤਿ ਸੰਗੀਤ ਵਿਭਾਗਾਂ ਦੀ ਸਥਾਪਨਾ ਕਰਵਾਈ। -ਨਾਰਥ ਅਮਰੀਕਾ ਵਿੱਚ ਆਪਨੇ ਰਾਗਾਤਮਕ ਕੀਰਤਨ ਦਰਬਾਰਾਂ ਤੇ ਗੁਰਮਤਿ ਸੰਗੀਤ ਸਿਖਲਾਈ ਕੈਂਪਾਂ ਦੁਆਰਾ ਵੱਡੀ ਸੇਵਾ ਨਿਭਾਈ ਹੈ। -21 ਪੁਸਤਕਾਂ 32 ਸੰਪਾਦਿਤ ਪੁਸਤਕਾਂ ਤੇ 200 ਤੋਂ ਵੱਧ ਖੋਜ ਲੇਖ ਲਿਖੇ ਹਨ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੂੰ ਪੀਐਚ ਡੀ ਤੱਕ ਦਾ ਅਧਿਆਪਨ ਕਰਵਾਇਆ ਹੈ। -ਸ੍ਰੀ ਦਰਬਾਰ ਸਾਹਿਬ ਤੋਂ ਤੰਤੀ ਸਾਜ਼ ਲਾਗੂ ਕਰਵਾਉਣ ਵਿੱਚ ਆਪਦੀ ਪ੍ਰਮੁਖ ਭੂਮਿਕਾ ਰਹੀ ਹੈ। ਸਾਨੂੰ ਪ੍ਰਸੰਨਤਾ ਹੈ ਕਿ 'ਸਾਡੇ ਲੋਕ' ਅਦਾਰੇ ਲਈ ਡਾ. ਸਾਹਿਬ ਨੇ ਗੁਰਮਤਿ ਸੰਬੰਧੀ ਜਾਣਕਾਰੀ ਭਰਪੂਰ ਰਚਨਾ ਭੇਜੀ ਹੈ। ਇਸ ਹਫਤੇ ਤੋਂ ਅਸੀਂ ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਡਾ. ਗੁਰਨਾਮ ਸਿੰਘ ਜੀ ਵਲੋਂ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਆਰਟੀਕਲ ਛਾਪਕੇ ਮਾਣ ਹਾਸਲ ਕਰ ਰਹੇ ਹਾਂ : -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰਮਤਿ ਸੰਗੀਤ ਦੇ ਪ੍ਰਮੁੱਖ ਗਾਇਨ ਰੂਪ

ਭਾਰਤੀ ਸੰਗੀਤ ਵਿਚ ਪ੍ਰਚਲਿਤ ਗਾਇਨ ਰੂਪਾਂ ਨੂੰ ਭਿੰਨ ਭਿੰਨ ਗਾਇਨ ਸ਼ੈਲੀਆਂ ਦੇ ਨਾਵਾਂ ਨਾਲ ਜਾਣਿਆਂ ਜਾਂਦਾ ਹੈ। ਹਰ ਗਾਇਨ ਸ਼ੈਲੀ ਨਿਸ਼ਚਿਤ ਗਾਇਨ ਵਿਧਾਨ ਦੀ ਧਾਰਨੀ ਹੁੰਦੀ ਹੈ। ਧਰੁਪਦ, ਖ਼ਿਆਲ, ਠੁਮਰੀ, ਧਮਾਰ, ਦਾਦਰਾ ਆਦਿ ਨੂੰ ਇਸੇ ਅਧਾਰ ਤੇ ਹੀ ਇਕ ਦੂਸਰੇ ਨਾਲੋਂ ਨਿਖੇੜਿਆ ਤੇ ਪਛਾਣਿਆ ਜਾਂਦਾ ਹੈ। ਗੁਰਮਤਿ ਸੰਗੀਤ ਦੇ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦਾ ਸੰਚਾਰ ਸ਼ਬਦ ਕੀਰਤਨ ਦੀ ਸੰਗੀਤਕ ਜੁਗਤ ਦੁਆਰਾ ਹੁੰਦਾ ਹੈ। ਇਸੇ ਮੰਤਵ ਨੂੰ ਮੁੱਖ ਰੱਖਦਿਆਂ ਸਾਰੀ ਬਾਣੀ ਵੱਖ-ਵੱਖ ਰਾਗਾਂ ਅਤੇ ਬਾਣੀ ਦੇ ਗਾਇਨ ਕੀਤੇ ਜਾਣ ਵਾਲੇ ਵੱਖ-ਵੱਖ ਕਾਵਿ-ਰੂਪਾਂ ਵਿਚ ਦਰਜ ਹੈ। ਇਸ ਬਾਣੀ ਨੂੰ ਇਕ ਨਿਸ਼ਚਿਤ ਸੰਗੀਤ ਵਿਧਾਨ ਵਿਚ ਨਿਬੱਧ ਕਰਦਿਆਂ ਧੁਨੀ, ਰਹਾਉ, ਸੁਧੰਗ, ਘਰੁ ਆਦਿ ਸੰਗੀਤਕ ਸੰਕਤੇ ਸਿਰਲੇਖ ਵੀ ਦਰਸਾਏ ਗਏ ਹਨ। ਇਸ ਤਰ੍ਹਾਂ ਬਾਣੀ ਦੇ ਇਹ ਕਾਵਿ ਰੂਪ ਸ਼ਬਦ ਕੀਰਤਨ ਦੇ ਮੂਲ ਵਿਸ਼ੇ ਵਜੋਂ ਮਹੱਤਵਪੂਰਨ ਹਨ।

ਇਨ੍ਹਾਂ ਗਾਇਨ ਰੂਪਾਂ ਨੂੰ ਅਸੀਂ ਸ਼ਾਸਤਰੀ ਅੰਗ ਅਤੇ ਲੋਕ ਅੰਗ ਦੇ ਗਾਇਨ ਰੂਪਾਂ ਵਿਚ ਵਿਭਾਜਿਤ ਕਰ ਸਕਦੇ ਹਾਂ। ਇਸ ਵਰਗੀਕਰਣ ਦੇ ਅੰਤਰਗਤ ਆਟਪਦੀ (ਪ੍ਰਬੰਧ ਗਾਇਨ) ਪਦੇ (ਧਰੁਪਦ ਗਾਇਨ) ਹੋਲੀ ਨਾਲ ਸਬੰਧਿਤ ਪਦੇ/ਸ਼ਬਦ (ਧਮਾਰ ਗਾਇਨ) ਪੜਤਾਲ (ਪੜਤਾਲ ਗਾਇਨ) ਆਦਿ ਸ਼ਾਸਤਰੀ ਅੰਗ ਦੇ ਗਾਇਨ ਰੂਪ ਹਨ। ਛੰਤ, ਅਲਾਹੁਣੀ, ਮੁੰਦਾਵਣੀ, ਘੋੜੀਆਂ, ਵਾਰ, ਸੋਹਿਲਾ, ਪਹਰੇ, ਬਾਹਰਮਾਹ ਆਦਿ ਲੋਕ ਸੰਗੀਤਕ ਅੰਗ ਦੇ ਗਾਇਨ ਰੂਪਾਂ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਿਦਮਾਨ ਹਨ।

ਸ਼ਾਸਤਰੀ ਗਾਇਨ ਅੰਗ ਦੇ ਬਾਣੀ ਰੂਪਾਂ ਵਿਚੋਂ ਅੱਠਾਂ ਪਦਾਂ ਦੀ ਰਚਨਾ ਅਸ਼ਟਪਦੀ ਦਾ ਭਾਰਤੀ ਪਰੰਪਰਾ ਦੀ ਪ੍ਰਬੰਧ ਸ਼ੈਲੀ ਰਿਹਾ ਹੈ। ਪ੍ਰਬੰਧ ਇਕ ਵਿਸ਼ੇਸ਼ ਨਿਯਮਬੱਧ ਰਚਨਾ ਹੈ ਜਿਸ ਦੇ ਚਾਰ ਭਾਗ ਉਦਗ੍ਰਾਹ, ਧਰੁਵ, ਮੇਲਾਪਾਕ, ਆਭੋਗ ਹਨ। 12ਵੀਂ ਸਦੀ ਦੇ ਭਗਤ ਕਵੀ ਜੈ ਦੇਵ ਦੁਆਰਾ ਰਚਿਤ ਗੀਤ ਗੋਵਿੰਦ ਦੀਆਂ ਮਹੱਤਵਪੂਰਨ ਰਚਨਾਵਾਂ ਆਟਪਦੀਆਂ ਪ੍ਰਬੰਧ ਗਾਇਨ ਦਾ ਉਤਕਿਸ਼ਟ ਨਮੂਨਾ ਹਨ। ਅਸ਼ਟਪਦੀ ਤੋਂ ਇਲਾਵਾ ਗੁਰੂ ਸਾਹਿਬਾਨ ਅਤੇ ਸੰਤਾਂ ਭਗਤਾਂ ਨੇ ਆਪਣੀ ਬਾਣੀ ਵਿਚ ਪਦਸ਼ੈਲੀ ਦਾ ਭਰਪੂਰ ਰੂਪ ਵਿਚ ਪ੍ਰਯੋਗ ਕੀਤਾ। ਦੋ ਬੰਦਾਂ ਨੂੰ ਦੁਪਦੇ, ਤਿੰਨ ਬੰਦ ਦੇ ਪਦੇ ਨੂੰ ਤਿਪਦੇ, ਚਾਰ ਬੰਦਾਂ ਦੇ ਪਦੇ ਨੂੰ ਚਉਪਦੇ ਅਤੇ ਇਸ ਤੋਂ ਇਲਾਵਾ ਪੰਚਪਦੇ ਛਿਪਦੇ ਆਦਿ ਰਚਨਾਵਾਂ ਵੀ ਬਾਣੀ ਵਿਚ ਦਰਜ ਹਨ। ਪਦਸ਼ੈਲੀ ਨੂੰ ਮੱਧਕਾਲ ਵਿਚ ਪ੍ਰਚਲਿਤ ਧਰੁਪਦ ਅੰਗ ਤੋਂ ਧਰੁਪਦਸ਼ੈਲੀ ਵਿਚ ਗਾਏ ਜਾਣ ਦੀ ਗੀਤ ਪ੍ਰਚਾਰ ਵਿਚ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਦਸ਼ੈਲੀ ਅਧੀਨ ਰਹਾਉ ਦੀ ਤੁਕ ਨੂੰ ਧਰੁਪਦਸ਼ੈਲੀ ਵਿਚ ਧਰੁਵ ਦਾ ਨਾਮ ਦਿੱਤਾ ਹੈ। ਜੋ ਇਸ ਗਾਇਨ ਰੂਪ ਵਿਚ ਸਥਾਈ ਵਜੋਂ ਕਾਰਜਸ਼ੀਲ ਰਹਿੰਦੇ ਹਨ। ਸ਼ਾਸਤਰੀ ਅੰਗ ਦਾ ਇਕ ਹੋਰ ਗਾਇਨ ਰੂਪ ਪੜਤਾਲ ਗੁਰਮਤਿ ਸੰਗੀਤ ਦਾ ਮੌਲਿਕ ਬਾਣੀ ਰੂਪ ਹੈ ਜਿਸ ਦੇ ਗਾਇਨ ਦੀ ਨਿਵੇਕਲੀ ਵਿਧੀ ਹੈ। ਇਸ ਦਾ ਉਲੇਖ ਭਾਰਤੀ ਕਾਵਿ ਜਾਂ ਸੰਗੀਤ ਪਰੰਪਰਾ ਵਿਚ ਉਪਲਬਧ ਨਹੀਂ। ਇਸ ਸਬੰਧੀ ਸੁਤੰਤਰ ਲੇਖ ਰਚਨਾ ਵਿਚ ਵਿਚਾਰ ਕੀਤੀ ਜਾਵੇਗੀ।

ਗੁਰਮਤਿ ਸੰਗੀਤ ਸ਼ਾਸਤਰੀ ਤੇ ਲੋਕ ਸੰਗੀਤ ਦਾ ਸਹਿਜ ਸਮੇਲ ਹੈ। ਇਸ ਤਰ੍ਹਾਂ ਵੱਖ-ਵੱਖ ਲੋਕ ਸੰਗੀਤ ਵਿਧਾਵਾਂ ਵੀ ਬਾਣੀ ਵਿਚ ਅੰਕਿਤ ਹਨ।

ਛੰਤ ਜੋ ਪੰਜਾਬੀ ਲੋਕ ਸੰਗੀਤ ਦੀ ਵਿਸ਼ੇਸ਼ ਵਿਧਾ ਹੈ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਲੋਕ ਸੰਗੀਤਕ ਅੰਗ ਤੋਂ ਹੀ ਗਾਇਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਾਸਨ ਉਪਰੰਤ 'ਜਿਥੇ ਜਾਇ ਰਹੈ ਮੇਰਾ ਸਤਿਗੁਰੂ' ਛੰਤ ਦਾ ਗਾਇਨ ਅਤੇ ਆਸਾ ਦੀ ਵਾਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਰਚਿਤ ਛੰਤਾਂ ਦਾ ਰੋਜ਼ਾਨਾ ਰਾਗ ਆਸਾ ਵਿਚ ਗਾਇਨ ਕਰਨ ਦੀ ਨਿਵੇਕਲੀ ਪਰੰਪਰਾ ਸਦੀਆਂ ਤੋਂ ਪ੍ਰਚਲਿਤ ਹੈ।

ਪੰਜਾਬੀ ਲੋਕ ਸੰਗੀਤ ਦੀ ਇਕ ਹੋਰ ਵਿਧਾ ਅਲਾਹੁਣੀ ਦਾ ਪ੍ਰਯੋਗ ਵੀ ਬਾਣੀ ਵਿਚ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਵਡਹੰਸ ਅਤੇ ਵਡਹੰਸ ਦਖਣੀ ਅਧੀਨ ਅਲਾਹੁਣੀਆਂ ਦੀ ਬਾਣੀ ਦਰਜ ਹੈ। ਗੁਰਮਤਿ ਸੰਗੀਤ ਵਿਚ ਵੀ ਪ੍ਰਾਣੀ ਦੇ ਅਕਾਲ ਚਲਾਣੇ ਉਪਰੰਤ ਕੀਰਤਨ ਸਮੇਂ ਅਲਾਹੁਣੀਆਂ ਦਾ ਗਾਇਨ ਕਰਨ ਦੀ ਰੀਤ ਹੈ। ਅਲਾਹੁਣੀਆਂ ਤੋਂ ਬਿਨਾਂ ਘੋੜੀਆਂ, ਮੁੰਦਾਵਣੀ ਅਤੇ ਵੱਖ-ਵੱਖ ਰਾਗਾਂ ਵਿਚ ਵਾਰਾਂ ਦੇ 22 ਰੂਪ ਵਿਸ਼ਾ ਹਨ। ਇਨ੍ਹਾਂ ਵਾਰਾਂ ਦੇ ਸਿਰਲੇਖਾਂ ਵਿਚ ਨੌ ਵਾਰਾਂ ਉਤੇ ਵਿਸ਼ੇਸ਼ ਲੋਕ ਧੁਨੀਆਂ ਸਿਰਲੇਖ ਵਜੋਂ ਦਰਜ ਕੀਤੀਆਂ ਹਨ। ਜਿਵੇਂ ਕਿ ਆਸਾ ਦੀ ਵਾਰ ਉਤੇ ਟੁੰਡੇ ਅਸਰਾਜੇ ਦੀ ਵਾਰ ਦੀ ਧੁਨੀ, ਧੁਨੀ ਵਾਰ ਮਾਝ ਉੱਤੇ ਮਲਕ ਮੁਰੀਦ ਤਥਾ ਚਦ੍ਰਹੜਾ ਸੋਹੀਆ ਕੀ ਧੁਨੀ ਆਦਿ। ਵਾਰਾਂ ਉਪਰ ਲੋਕ ਧੁਨਾਂ ਦੇ ਨਾਲ ਰਾਗ, ਘਰੁ ਆਦਿ ਸੰਕੇਤ ਸਿਰਲੇਖ ਰੂਪ ਵਿਚ ਵਿਦਮਾਨ ਹਨ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਸੰਗੀਤ ਵਿਚ ਢਾਡੀ ਪਰੰਪਰਾ ਨੂੰ ਉਤਸ਼ਾਹਿਤ ਕੀਤਾ।

ਬਾਣੀ ਦੇ ਇਨ੍ਹਾਂ ਗਾਇਨ ਰੂਪਾਂ ਦਾ ਪ੍ਰਯੋਗ ਸਿੱਖ ਜਗਤ ਵਿਚ ਪ੍ਰਚਲਿਤ ਵਿਭਿੰਨ ਸ਼ਬਦ ਕੀਰਤਨ ਚੌਕੀਆ ਵਿਚ ਕੀਤਾ ਜਾਂਦਾ ਹੈ ਜੋ ਇਨ੍ਹਾਂ ਕੀਰਤਨ ਚੌਕੀਆ ਦਾ ਬੁਨਿਆਦੀ ਵਿਸ਼ਾ ਵਸਤੂ ਨਿਰਧਾਰਤ ਕਰਦੀਆਂ ਹਨ। ਵਿਸ਼ੇਸ਼ ਕਰਕੇ ਸਿੱਖੀ ਜੀਵਨ ਵਿਚ ਜਨਮ ਤੋਂ ਲੈ ਕੇ ਅਕਾਲ ਚਲਾਣੇ ਦੀਆਂ ਕੀਰਤਨ ਚੌਕੀਆ ਰਿਤੂ ਕਾਲੀਨ ਕੀਰਤਨ ਚੌਕੀਆ ਅਤੇ ਗੁਰਦੁਆਰਾ ਸਾਹਿਬਾਨ ਵਿਚ ਪ੍ਰਚਲਿਤ ਹੋਰ ਕੀਰਤਨ ਚੌਕੀਆਂ ਵਿਚ ਇਨ੍ਹਾਂ ਗਾਇਨ ਰੂਪਾਂ ਦਾ ਕੀਰਤਨ ਵੱਖ-ਵੱਖ ਸਮਿਆਂ ਤੇ ਸਦੀਆਂ ਤੋਂ ਪ੍ਰਚਲਿਤ ਹੈ। ਇਥੇ ਇਹ ਗਲ ਵਰਣਨਯੋਗ ਹੈ ਕਿ ਗੁਰਮਤਿ-ਸੰਗੀਤ ਵਿਚ ਸ਼ਾਸਤਰੀ ਤੇ ਲੋਕ ਗਾਇਨ ਰੂਪਾਂ ਨੂੰ ਕੇਵਲ 'ਅੰਗ' (ਵਿਸ਼ੇਸ਼ ਆਧਾਰ ਮੂਲਕ ਗਾਇਨ ਅੰਦਾਜ਼) ਵਜੋਂ ਸਵੀਕਾਰਿਆ ਗਿਆ ਹੈ। ਉਦਾਹਰਣ ਵਜੋਂ 'ਆਸਾ ਦੀ ਵਾਰ' ਉਪਰ ਅੰਕਿਤ ਸਿਰਲੇਖ ਜਿਸਨੂੰ ਅਸੀਂ ਰੋਜ਼ ਗਾਉਂਦੇ/ਪੜ੍ਹਦੇ ਹਾਂ, ਸਾਡਾ ਧਿਆਨ ਆਪਣੇ ਵਲ ਆਕਰਸ਼ਿਤ ਕਰਦਾ ਹੈ।

ਆਸਾ ਮਹਲਾ ੧ ਵਾਰ ਸਲੋਕਾਂ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ

**ਟੁੰਡੇ ਅਸਰਾਜੈ ਕੀ ਧੁਨੀ**

ਉਕਤ ਸਿਰਲੇਖ ਤੋਂ ਇਸ ਵਿਚ (ਲੋਕ ਰੰਗ ਦੇ ਕਾਵਿ/ਗਾਇਨ ਰੂਪ) ਦੇ ਰਾਗ ਆਸਾ ਅਤੇ ਲੋਕ ਧੁਨ 'ਟੁੰਡੇ ਅਸਰਾਜੇ ਕੀ ਧੁਨੀ' ਦੇ ਅੰਤਰ-ਸੰਬੰਧ ਦਾ ਪਤਾ ਲਗਦਾ ਹੈ। ਇਕੋ ਸਿਰਲੇਖ ਵਿਚ ਸ਼ਾਸਤਰੀ ਤੇ ਲੋਕ ਇਕਾਈਆਂ ਦੀ ਸੰਮਿਲਿਤ ਤੇ ਸੰਯੁਕਤ ਪੇਸ਼ਕਾਰੀ ਦੁਆਰਾ ਜੋ ਨਵੀਨ ਅਨੁਸਾਸ਼ਨ ਸਿਰਜਿਆ ਜਾ ਰਿਹਾ ਹੈ ਉਹ ਗੁਰਮਤਿ ਸੰਗੀਤ ਦੀ ਮੌਲਿਕਤਾ ਤੇ ਵਿਲੱਖਣਤਾ ਹੀ ਹੈ। ਇਸੇ ਤਰ੍ਹਾਂ ਰਾਗ ਵਡਹੰਸ ਵਿਚ ਅਲਾਹੁਣੀਆਂ, ਘੋੜੀਆਂ ਲਈ ਰਾਗ, ਰਹਾਉ, ਅੰਕ ਆਦਿ ਦੇ ਸਿਰਲੇਖ ਇਹਨਾਂ ਨੂੰ ਗੁਰਮਤਿ ਸੰਗੀਤਕ ਵਿਸ਼ਿਸ਼ਟਤਾ ਪ੍ਰਦਾਨ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਵੱਖ-ਵੱਖ ਗਾਇਨ ਰੂਪ ਆਪਣੇ ਸਿਧਾਂਤ ਸਰੂਪ ਤੇ ਪ੍ਰਕਿਰਤੀ ਪੱਖੋਂ ਸੁਤੰਰਤ ਰੂਪ ਵਿਚ ਵਿਚਾਰੇ ਜਾਣ ਦੀਆਂ ਹੋਰ ਸੰਭਾਵਨਾਵਾਂ ਵੀ ਰੱਖਦੇ ਹਨ। ਇਨ੍ਹਾਂ ਗਾਇਨ ਰੂਪਾਂ ਦਾ ਅਧਿਐਨ ਤੇ ਮੌਲਿਕ ਪਛਾਣ ਗੁਰਮਤਿ ਸੰਗੀਤ ਨੂੰ ਹੋਰ ਪੁਖਤਾ ਤੇ ਪ੍ਰਮਾਣਿਤ ਆਧਾਰ ਪ੍ਰਦਾਨ ਕਰਵਾਉਣ ਦੇ ਸਮਰੱਥ ਹੈ।





Gurdwara Nanak Darbar Sahib

126 South Cherry Street, Olathe, KS- 66061

A Granthi Singh is needed

Expert in playing tabla · Expert in doing kirtan · Can read pure Path · Knows English.

From where received Education · From which place he learned Santhya and Kirtan

How many years of experience · If there is any video, it should be attached

(913) 256-9498

Submitted Copy

gnds@kcsikh.org

suchasingh60@gmail.com

# ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵਲੋਂ ਭੁੱਖ ਹੜਤਾਲ



ਬਠਿੰਡਾ : ਆਸਾਮ ਦੀ ਡਿਬਰੂਗੜ੍ਹ ਜੇਲ੍ਹ ’ਚ ਬੰਦ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵਲੋਂ ਆਪਣੀਆਂ ਬੈਰਕਾਂ ਦੇ ਪਖ਼ਾਨਿਆਂ ’ਚ ਜੇਲ੍ਹ ਪ੍ਰਸ਼ਾਸਨ ਵਲੋਂ ਗੁਪਤ ਕੈਮਰੇ ਲਗਾ ਕੇ ਉਨ੍ਹਾਂ ਦੀ ਨਿੱਜਤਾ ਨੂੰ ਕੈਦ ਕਰਨ ਦੇ ਰੋਸ ਵਜੋਂ ਭੁੱਖ ਹੜਤਾਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦਾ ਖ਼ੁਲਾਸਾ ਭਾਈ ਅੰਮ੍ਰਿਤਪਾਲ ਸਿੰਘ ਦੇ ਬਠਿੰਡਾ ਤੋਂ ਵਕੀਲ ਇਮਾਨ ਸਿੰਘ ਖਾਰਾ ਨੇ ਕੀਤਾ ਹੈ। ਵਕੀਲ ਨੇ ਦੱਸਿਆ ਕਿ ਅੱਜ ਸਵੇਰੇ ਉਨ੍ਹਾਂ ਨੂੰ ਭਾਈ ਅੰਮ੍ਰਿਤਪਾਲ ਸਿੰਘ ਹੋਰਾਂ ਨਾਲ ਡਿਬਰੂਗੜ੍ਹ ਜੇਲ੍ਹ ’ਚ ਬੰਦ ਭਾਈ ਗੁਰਮੀਤ ਸਿੰਘ ਬੁੱਕਣਵਾਲਾ ਦਾ ਜੇਲ੍ਹ ਦੇ ਅਧਿਕਾਰਤ ਟੈਲੀਫੋਨ ਤੋਂ ਫੋਨ ਆਇਆ ਕਿ ਭਾਈ ਹੋਰਾਂ ਵਲੋਂ 10 ਸਾਥੀਆਂ ਸਮੇਤ ਭੁੱਖ ਹੜਤਾਲ ਕੀਤੀ ਗਈ ਹੈ ਕਿਉਂਕਿ ਉਨ੍ਹਾਂ ਨੂੰ ਆਪਣੀਆਂ ਬੈਰਕਾਂ ਅੰਦਰ ਬਣੇ ਪਖ਼ਾਨਿਆਂ ’ਚੋਂ ਗੁਪਤ ਕੈਮਰੇ, ਇੰਟਰਨੈੱਟ ਡੌਂਗਲਾਂ ਤੇ ਮੈਮਰੀ ਕਾਰਡ ਮਿਲੇ ਹਨ, ਜੋ ਜੇਲ੍ਹ ਪ੍ਰਸ਼ਾਸਨ ਵਲੋਂ ਲਗਾਏ ਗਏ ਸਨ, ਜਿਸ ਰਾਹੀਂ ਉਨ੍ਹਾਂ ਦੀ ਨਿੱਜਤਾ ਨੂੰ ਕੈਦ ਕਰਕੇ ਅੱਗੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਭੇਜਿਆ ਜਾ ਰਿਹਾ ਸੀ ਤਾਂ ਜੋ ਅਗਲੀ 18 ਮਾਰਚ ਨੂੰ ਉਨ੍ਹਾਂ ਤੋਂ ਖਤਮ ਹੋਣ ਜਾ ਰਹੀ ਐਨ.ਐੱਸ. ਏ. ਦੀ ਧਾਰਾ ਉਪਰੰਤ ਭਵਿੱਖ ’ਚ ਉਨ੍ਹਾਂ ਦੀਆਂ ਇਹ ਤਸਵੀਰਾਂ ਤੇ ਵੀਡੀਓਜ਼ ਨੂੰ ਉਨ੍ਹਾਂ ਨੂੰ ਬਲੈਕਮੇਲ ਕਰਨ ਲਈ ਵਰਤਿਆ ਜਾ ਸਕੇ। ਇਹ ਗੁਪਤ ਕੈਮਰੇ ਤੇ ਹੋਰ ਸਾਮਾਨ ਬਰਾਮਦ ਕਰਨ ਲਈ ਜੇਲ੍ਹ ਪ੍ਰਸ਼ਾਸਨ ਵਲੋਂ ਭਾਈ ਹੋਰਾਂ ’ਤੇ ਦਬਾਅ ਪਾਇਆ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ ਉਹ ਬੀਤੀ ਰਾਤ ਬੰਦੀ ਹੋਣ ਤੋਂ ਮੁਨਕਰ ਹੁੰਦੇ ਹੋਏ ਅਤੇ ਖਾਣਾ-ਪੀਣਾ ਛੱਡ ਕੇ ਸਾਥੀਆਂ ਸਮੇਤ ਭੁੱਖ ਹੜਤਾਲ ’ਤੇ ਬੈਠ ਗਏ ਹਨ।

# ਡਿਬਰੂਗੜ੍ਹ ਜੇਲ੍ਹ ’ਚੋਂ ਮੋਬਾਈਲ ਫੋਨ ਤੇ ਹੋਰ ਉਪਕਰਨ ਬਰਾਮਦ




ਗੁਹਾਟੀ : ਆਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ’ਚ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਤਹਿਤ ਬੰਦ ਨਜ਼ਰਬੰਦਾਂ ਦੇ ਸੈੱਲਾਂ ’ਚੋਂ ਮੋਬਾਈਲ ਫੋਨਾਂ ਸਮੇਤ ਕਈ ਬਿਜਲਈ ਉਪਕਰਨ ਬਰਾਮਦ ਹੋਏ ਹਨ। ਇਨ੍ਹਾਂ ਸੈੱਲਾਂ ’ਚ ਬੰਦ ਲੋਕਾਂ ’ਚ ’ਵਾਰਿਸ ਪੰਜਾਬ ਦੇ’ (ਡਬਲਿਊ.ਪੀ.ਡੀ.) ਜਥੇਬੰਦੀ ਦੇ 10 ਮੈਂਬਰ ਹਨ, ਜਿਸ ’ਚ ਜਥੇਬੰਦੀ ਦਾ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਸ ਦਾ ਇਕ ਚਾਚਾ ਵੀ ਸ਼ਾਮਿਲ ਹੈ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਐੱਨ.ਐੱਸ.ਏ. ਤਹਿਤ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਉਹ ਪਿਛਲੇ ਸਾਲ 19 ਮਾਰਚ ਤੋਂ ਇਸ ਜੇਲ੍ਹ ’ਚ ਬੰਦ ਹਨ। ਇਸ ਸੰਬੰਧੀ ਆਸਾਮ ਪੁਲਿਸ ਦੇ ਡਾਇਰੈਕਟਰ ਜਨਰਲ ਜੀ.ਪੀ. ਸਿੰਘ ਨੇ ਖ਼ੁਲਾਸਾ ਕੀਤਾ ਕਿ ਅਣ-ਅਧਿਕਾਰਤ ਗਤੀਵਿਧੀਆਂ ਦਾ ਸੰਕੇਤ ਦੇਣ ਵਾਲੀ ਖੁਫੀਆ ਸੂਚਨਾ ਦੇ ਆਧਾਰ ’ਤੇ ਜੇਲ੍ਹ ਸਟਾਫ਼ ਵਲੋਂ ਅਹਾਤੇ ਦੀ ਤਲਾਸ਼ੀ ਲਈ ਗਈ ਸੀ। ਖੋਜ ’ਚ ਵੱਖ-ਵੱਖ ਬਿਜਲਈ ਉਪਕਰਨ ਮਿਲੇ ਹਨ, ਜਿਸ ’ਚ ਇਕ ਸਿਮ ਕਾਰਡ ਵਾਲਾ ਸਮਾਰਟਫ਼ੋਨ, ਇਕ ਕੀਪੈਡ ਫ਼ੋਨ, ਇਕ ਕੀਬੋਰਡ ਵਾਲਾ ਟੀ.ਵੀ. ਰਿਮੋਟ, ਇਕ ਸਪਾਈਕੈਮ ਪੈੱਨ, ਪੈੱਨ ਡਰਾਈਵ, ਬਲੂਟੁੱਥ ਹੈੱਡਫ਼ੋਨ ਤੇ ਸਪੀਕਰ ਸ਼ਾਮਿਲ ਹੈ। ਜੇਲ੍ਹ ਦੇ ਸਟਾਫ ਨੇ ਇਨ੍ਹਾਂ ਚੀਜ਼ਾਂ ਨੂੰ ਜ਼ਬਤ ਕਰ ਲਿਆ ਹੈ ਤੇ ਅਗਲੀ ਜਾਂਚ ਕੀਤੀ ਜਾ ਰਹੀ ਹੈ। ਡੀ.ਜੀ.ਪੀ. ਸਿੰਘ ਨੇ ਐਕਸ ’ਤੇ ਪੋਸਟ ਕੀਤਾ ਕਿ ਐਨ.ਐਸ.ਏ. ਬਲਾਕ ਦੇ ਜਨਤਕ ਖੇਤਰ ’ਚ ਅਣ-ਅਧਿਕਾਰਤ ਗਤੀਵਿਧੀਆਂ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਵਾਧੂ ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਭਵਿੱਖ ’ਚ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਹੋਰ ਕਾਨੂੰਨੀ ਕਾਰਵਾਈਆਂ ਤੇ ਰੋਕਥਾਮ ਉਪਾਅ ਲਾਗੂ ਕੀਤੇ ਜਾ ਰਹੇ ਹਨ। ਵਰਣਨਯੋਗ ਹੈ ਕਿ ਹਾਲਾਂਕਿ ਡੀ.ਜੀ.ਪੀ. ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਜੇਲ੍ਹ ’ਚ ਬੰਦ ਡਬਲਯੂ.ਪੀ.ਡੀ. ਮੈਂਬਰਾਂ ਤੋਂ ਇਲੈਕਟ ?ਰਾਨਿਕ ਵਸਤੂਆਂ ਬਰਾਮਦ ਕੀਤੀਆਂ ਗਈਆਂ ਸਨ।

# ਭਾਈ ਅੰਮ੍ਰਿਤਪਾਲ ਸਿੰਘ ਨੂੰ ਫਸਾਉਣ ਦੀ ਹੋ ਰਹੀ ਹੈ ਕੋਸ਼ਿਸ਼-ਮਾਪੇ



ਤਲਵੰਡੀ ਸਾਬੋ : ਆਸਾਮ ਦੀ ਡਿਬਰੂਗੜ੍ਹ ਜੇਲ੍ਹ ’ਚ ਬੰਦ ’ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਬੈਰਕ ’ਚੋਂ ਮੋਬਾਈਲ ਫ਼ੋਨ ਅਤੇ ਖ਼ੁਫ਼ੀਆ ਕੈਮਰੇ ਫੜਨ ਦੇ ਡੀ.ਜੀ.ਪੀ. ਆਸਾਮ ਦੇ ਦਾਅਵਿਆਂ ’ਤੇ ਪ੍ਰਤੀਕਰਮ ਦਿੰਦਿਆਂ ਭਾਈ ਖ਼ਾਲਸਾ ਦੇ ਮਾਤਾ ਬਲਵਿੰਦਰ ਕੌਰ ਅਤੇ ਪਿਤਾ ਤਰਸੇਮ ਸਿੰਘ ਨੇ ਸਮੁੱਚੇ ਘਟਨਾਕ੍ਰਮ ਨੂੰ ਸ਼ੱਕੀ ਦੱਸਦਿਆਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਇਕ ਹੋਰ ਝੂਠੇ ਮਾਮਲੇ ’ਚ ਫਸਾਇਆ ਜਾ ਰਿਹਾ ਹੈ। ਦਮਦਮਾ ਸਾਹਿਬ ਵਿਖੇ 18 ਫਰਵਰੀ ਨੂੰ ਦੀਪ ਸਿੱਧੂ ਦੀ ਬਰਸੀ ਸੰਬੰਧੀ ਰੱਖੇ ਸਮਾਗਮਾਂ ’ਚ ਸ਼ਮੂਲੀਅਤ ਕਰਨ ਲਈ ਪੁੱਜ ਚੁੱਕੇ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ ਬਲਵਿੰਦਰ ਕੌਰ ਅਤੇ ਪਿਤਾ ਤਰਸੇਮ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੀ ਬੈਰਕ ’ਚੋਂ ਮਿਲੇ ਉਕਤ ਸਾਰੇ ਕੈਮਰੇ, ਪੈੱਨ ਡਰਾਈਵ ਅਤੇ ਹੋਰ ਸਾਮਾਨ ਉਨ੍ਹਾਂ ਦੀ ਬੈਰਕ ’ਚ ਕੱਲ੍ਹ ਉਦੋਂ ਪਲਾਂਟ ਕੀਤਾ ਗਿਆ, ਜਦੋਂ ਭਾਈ ਖ਼ਾਲਸਾ ਮੁਲਾਕਾਤ ਲਈ ਬੈਰਕ ’ਚੋਂ ਬਾਹਰ ਆਏ ਸਨ।

# ਭਾਈ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਗਿਆਨੀ ਹਰਪ੍ਰੀਤ ਸਿੰਘ ਨਾਲ ਕੀਤੀ ਮੁਲਾਕਾਤ



ਤਲਵੰਡੀ ਸਾਬੋ : ਕੌਮੀ ਸੁਰੱਖਿਆ ਐਕਟ ਤਹਿਤ ਆਸਾਮ ਦੀ ਡਿਬਰੂਗੜ੍ਹ ਜੇਲ੍ਹ ’ਚ ਬੰਦ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ ਬੀਬੀ ਬਲਵਿੰਦਰ ਕੌਰ ਤੇ ਪਿਤਾ ਤਰਸੇਮ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਸਥਾਨਕ ਰਿਹਾਇਸ਼ ’ਤੇ ਮੁਲਾਕਾਤ ਕੀਤੀ। ਸੂਤਰਾਂ ਮੁਤਾਬਿਕ ਮਾਪਿਆਂ ਨੇ ਉਕਤ ਮੁਲਾਕਾਤ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਦੀ ਬੈਰਕ ’ਚੋਂ ਖ਼ੁਫ਼ੀਆ ਕੈਮਰੇ ਤੇ ਮੋਬਾਈਲ ਫੜਨ ਦੇ ਆਸਾਮ ਪੁਲਿਸ ਦੇ ਦਾਅਵਿਆਂ ਵਿਚਕਾਰ ਅੰਮ੍ਰਿਤਪਾਲ ਸਿੰਘ ਵਲੋਂ ਉਨ੍ਹਾਂ ਦੀ ਬੈਰਕ ’ਚ ਜੇਲ੍ਹ ਪ੍ਰਸ਼ਾਸਨ ਵਲੋਂ ਹੀ ਖ਼ੁਫ਼ੀਆ ਕੈਮਰੇ ਲਗਾਉਣ ਦੇ ਦੋਸ਼ ਲਾਉਂਦਿਆਂ ਕੀਤੀ ਭੁੱਖ ਹੜਤਾਲ ਦੇ ਸਮੁੱਚੇ ਘਟਨਾਕ੍ਰਮ ਤੋਂ ਸਿੰਘ ਸਾਹਿਬ ਨੂੰ ਜਾਣੂੰ ਕਰਵਾਇਆ। ਉਧਰ ਮੁਲਾਕਾਤ ਉਪਰੰਤ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਬੈਰਕ ’ਚ ਖ਼ੁਫ਼ੀਆ ਕੈਮਰੇ ਲਾ ਕੇ ਜੇਲ੍ਹ ਪ੍ਰਸ਼ਾਸਨ ਉਨ੍ਹਾਂ ਦੀ ਨਿੱਜਤਾ ਦੀ ਉਲੰਘਣਾ ਕਰ ਰਿਹੈ ਜੋ ਗਲਤ ਹੈ। ਉਨ੍ਹਾਂ ਕਿਹਾ ਕਿ ਭਾਈ ਖ਼ਾਲਸਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੋਈ ਐਡਾ ਵੱਡਾ ਜੁਰਮ ਵੀ ਨਹੀਂ ਕੀਤਾ ਕਿ ਉਨ੍ਹਾਂ ’ਤੇ ਐੱਨ.ਐੱਸ.ਏ. ਵਰਗਾ ਵੱਡਾ ਕੇਸ ਬਣਾ ਕੇ ਜੇਲ੍ਹਾਂ ’ਚ ਸੁੱਟੀ ਰੱਖਣ। ਹੁਣ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਫ਼ੈਸਲੇ ’ਤੇ ਸੁਹਿਰਦਤਾ ਨਾਲ ਮੁੜ ਵਿਚਾਰਾਂ ਕਰਨ ਅਤੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਏ।

# ਅੰਮ੍ਰਿਤਪਾਲ ਸਿੰਘ ਨਾਲ ਕੋਈ ਅਣਹੋਣੀ ਘਟਨਾ ਵਾਪਰਦੀ ਹੈ ਤਾਂ ਉਸ ਲਈ ਕੇਂਦਰ ਤੇ ਪੰਜਾਬ ਸਰਕਾਰ ਹੋਵੇਗੀ ਜ਼ਿੰਮੇਵਾਰ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਅੰਮ੍ਰਿਤਸਰ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਜੇਕਰ ਅੰਮ੍ਰਿਤਪਾਲ ਸਿੰਘ ਜਾਂ ਉਨ੍ਹਾਂ ਦੇ ਕਿਸੇ ਸਾਥੀ ਨਾਲ ਅਣਹੋਣੀ ਘਟਨਾ ਵਾਪਰਦੀ ਹੈ ਤਾਂ ਉਸ ਦੀ ਜ਼ਿੰਮੇਵਾਰ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਹੋਵੇਗੀ। ਸਰਕਾਰ ਵਲੋਂ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਅਣਮਨੁਖੀ ਵਤੀਰਾ ਅਖਤਿਆਰ ਕੀਤਾ ਜਾ ਰਿਹਾ ਹੈ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਜਥੇਦਾਰ ਨੇ ਕਿਹਾ ਕਿ ਸਰਕਾਰਾਂ ਦੀਆਂ ਘਟੀਆ ਨੀਤੀਆਂ ਕਾਰਨ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਸਿੰਘਾਂ ਦੀ ਨਿਜਤਾ ਨੂੰ ਖਤਮ ਕਰਨ ਦੇ ਯਤਨ ਸਰਕਾਰ ਦੀ ਬੇਸ਼ਰਮੀ ਹੈ। ਡਿਬਰੂਗੜ੍ਹ ਜ਼ੇਲ੍ਹ ਵਿਚ ਨਜ਼ਰਬੰਦ ਸਿੰਘਾਂ ਦੇ ਸਿਰ ਮੋਬਾਈਲ ਫੋਨ ਪਾਉਣੇ ਵੀ ਗਲਤ ਹਨ, ਕਿਉਂਕਿ ਇਹ ਸਰਕਾਰੀ ਫੋਨ ਹਨ ਤੇ ਜੇਕਰ ਇਨ੍ਹਾਂ ਫੋਨਾਂ ਦੀ ਜਾਂਚ ਕਰਵਾਈ ਜਾਵੇ ਤਾਂ ਇਨ੍ਹਾਂ ਦੇ ਨੰਬਰ ਸਰਕਾਰੀ ਅਧਿਕਾਰੀਆਂ ਦੇ ਹੀ ਨਿਕਲਣਗੇ। ਇਹ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ’ਤੇ ਕੀਤਾ ਜਾ ਰਿਹਾ ਅਣਮਨੁੱਖੀ ਸਰਕਾਰੀ ਤਸ਼ੱਦਦ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਸਿੰਘਾਂ ’ਤੇ ਪਾਏ ਕੇਸ ਵਾਪਸ ਲਏ ਜਾਣੇ ਚਾਹੀਦੇ ਹਨ।

ਕਿਸਾਨ ਅੰਦੋਲਨ ਬਾਰੇ ਗੱਲ ਕਰਦਿਆਂ ਜਥੇਦਾਰ ਨੇ ਕਿਹਾ ਕਿ ਹਰਿਆਣਾ ਪੁਲਿਸ ਵੱਲੋਂ ਆਪਣੇ ਹੱਕਾਂ ਦੀ ਖਾਤਰ ਸ਼ੰਘਰਸ਼ ਕਰ ਰਹੇ ਪੰਜਾਬ ਦੀ ਹੱਦ ’ਤੇ ਬੈਠੇ ਕਿਸਾਨਾਂ ’ਤੇ ਅੱਥਰੂ ਗੈਸ, ਰਬੜ ਦੀਆਂ ਗੋਲੀਆਂ ਦੀ ਵਰਤੋਂ ਕਰਨ ਤੇ ਲਾਠੀਚਾਰਜ ਨੂੰ ਮੰਦਭਾਗੀ ਕਾਰਵਾਈ ਹੈ। ਕਿਸਾਨਾਂ ਦੀਆਂ ਜਾਇਜ਼ ਮੰਗਾਂ ਹਨ ਤੇ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮਨਣੀਆਂ ਚਾਹੀਦੀਆਂ ਹਨ। ਸੱਤਾ ਵਿਚ ਆਉਣ ਤੋਂ ਪਹਿਲਾਂ ਸਰਕਾਰਾਂ ਨੇ ਕਿਸਾਨਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਵਾਅਦਿਆਂ ਦੀ ਪੂਰਤੀ ਹੋਣੀ ਚਾਹੀਦੀ ਹੈ। ਹਰਿਆਣਾ ਪੁਲਿਸ ਵੱਲੋਂ ਸਰਹੱਦਾਂ ਸੀਲ ਕੀਤੀਆਂ ਹਨ, ਇਹ ਮੰਦਭਾਗਾ ਵਰਤਾਰਾ ਹੈ ਤੇ ਕਿਸਾਨਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਸਾਨਾਂ ਨੂੰ ਵੀ ਕਿਹਾ ਕਿ ਸਾਡੀ ਨੀਤੀ ਅਜਿਹੀ ਹੋਣੀ ਚਾਹੀਦੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਮੁਸ਼ਕਿਲ ਪੇਸ਼ ਨਾ ਆਵੇ। ਜਥੇਦਾਰ ਨੇ ਕਿਹਾ ਕਿ ਬਾਰਡਰ ਸੀਲ ਕੀਤੇ ਜਾਣ ਨੂੰ ਅਸੀ ਜਾਇਜ਼ ਨਹੀਂ ਠਹਿਰਾ ਸਕਦੇ।

# ਪ੍ਰਧਾਨ ਮੰਤਰੀ ਦੀ ਸੁਰੱਖਿਆ ’ਚ ਉਕਾਈ ਮਾਮਲੇ ’ਚ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਜਾਂਚ ਸ਼ੁਰੂ



ਚੰਡੀਗੜ੍ਹ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ’ਚ ਉਕਾਈ ਮਾਮਲੇ ’ਚ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਮਾਮਲੇ ’ਚ ਸੁਪਰੀਮ ਕੋਰਟ ਵੱਲੋਂ ਨਿਯੁਕਤ ਜਾਂਚ ਕਮੇਟੀ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਲਗਪਗ ਦੋ ਸਾਲ ਬਾਅਦ ਸੂਬਾ ਸਰਕਾਰ ਨੇ ਤਿੰਨ ਸੀਨੀਅਰ ਪੁਲਿਸ ਅਧਿਕਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਸ਼ੁਰੂ ਕੀਤੀ ਹੈ। ਸਰਕਾਰ ਨੇ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਜਸਟਿਸ (ਸੇਵਾਮੁਕਤ) ਸੰਤ ਪ੍ਰਕਾਸ਼ ਨੂੰ ਜਾਂਚ ਅਧਿਕਾਰੀ ਨਿਯੁਕਤ ਕੀਤਾ ਹੈ, ਜੋ ਨਿਯਮਾਂ ਤਹਿਤ ਦੋਸ਼ੀ ਅਧਿਕਾਰੀਆਂ ਦਾ ਪੱਖ ਵੀ ਸੁਣਨਗੇ। ਜਿਨ੍ਹਾਂ ਤਿੰਨ ਸੀਨੀਅਰ ਅਧਿਕਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਗਿਆ ਹੈ ਉਨ੍ਹਾਂ ’ਚ ਸਾਬਕਾ ਡੀਜੀਪੀ ਐੱਸ ਚਟੋਪਾਧਿਆਏ, ਫ਼ਰੀਦਕੋਟ ਦੇ ਤਤਕਾਲੀ ਡੀਆਈਜੀ ਇੰਦਰਬੀਰ ਸਿੰਘ ਤੇ ਫਿਰੋਜ਼ਪੁਰ ਦੇ ਤਤਕਾਲੀ ਐੱਸਐੱਸਪੀ ਹਰਬੀਰ ਸਿੰਘ ਹੰਸ ਸ਼ਾਮਲ ਹਨ।

ਚੇਤੇ ਰਹੇ ਕਿ ਪੰਜ ਜਨਵਰੀ, 2022 ਨੂੰ ਬਠਿੰਡਾ ਹਵਾਈ ਅੱਡੇ ਤੋਂ ਫਿਰੋਜ਼ਪੁਰ ਤੱਕ ਸੜਕੀ ਮਾਰਗ ਰਾਹੀਂ ਯਾਤਰਾ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਾਫ਼ਲਾ ਇਕ ਫਲਾਈਓਵਰ ’ਤੇ ਅੱਧੇ ਘੰਟੇ ਤੱਕ ਫਸ ਗਿਆ ਸੀ। ਲਗਪਗ 300 ਪ੍ਰਦਰਸ਼ਨਕਾਰੀਆਂ ਦੀ ਹਿੰਸਕ ਭੀੜ ਫਲਾਈਓਵਰ ’ਤੇ ਇਕੱਠੀ ਹੋ ਗਈ ਜਿਸ ਕਾਰਨ ਪੀਐੱਮ ਦੀ ਸੁਰੱਖਿਆ ਕਰਨ ਵਾਲੇ ਵਿਸ਼ੇਸ਼ ਕਾਫ਼ਲੇ ਨੂੰ ਰੋਕਣਾ ਪਿਆ ਸੀ ਤੇ ਉਸ ਨੂੰ ਵਾਪਸ ਹਵਾਈ ਅੱਡੇ ਵੱਲ ਜਾਣਾ ਪਿਆ ਸੀ। ਦਿੱਲੀ ਮੁੜਨ ਤੋਂ ਪਹਿਲਾਂ ਪੀਐੱਮ ਮੋਦੀ ਨੇ ਪੰਜਾਬ ਦੇ ਅਧਿਕਾਰੀਆਂ ਨੂੰ ਕਿਹਾ ਸੀ ਕਿ ਤੁਸੀਂ ਆਪਣੇ ਸੀਐੱਮ ਨੂੰ ਮੇਰਾ ਧੰਨਵਾਦ ਕਹਿਣਾ ਕਿ ਮੈਂ ਜਿਊਂਦਾ ਪਰਤ ਆਇਆ ਹਾਂ। ਉਦੋਂ ਸੂਬੇ ’ਚ ਚਰਨਜੀਤ ਸਿੰਘ ਚੰਨੀ ਦੀ ਅਗਵਾਈ ’ਚ ਕਾਂਗਰਸ ਸਰਕਾਰ ਸੱਤਾ ’ਚ ਸੀ। 12 ਜਨਵਰੀ, 2022 ਨੂੰ ਸੁਪਰੀਮ ਕੋਰਟ ਨੇ ਸੁਰੱਖਿਆ ’ਚ ਉਕਾਈ ਦੀ ਜਾਂਚ ਲਈ ਪੰਜ ਮੈਂਬਰੀ ਵਿਸ਼ੇਸ਼ ਕਮੇਟੀ ਦੀ ਅਗਵਾਈ ਲਈ ਸਾਬਕਾ ਜੱਜ ਇੰਦੂ ਮਲਹੋਤਰਾ ਨੂੰ ਨਿਯੁਕਤ ਕੀਤਾ ਸੀ। ਕਮੇਟੀ ਨੇ ਇਨ੍ਹਾਂ ਅਧਿਕਾਰੀਆਂ ਵਿਰੁੱਧ ਵੱਡੇ ਜੁਰਮਾਨੇ ਦੀ ਸਿਫ਼ਾਰਸ਼ ਕਰਦਿਆਂ ਮਾਰਚ 2022 ’ਚ ਆਪਣੀ ਰਿਪੋਰਟ ਸੌਂਪੀ ਸੀ। ਨਾਲ ਹੀ ਦੋਸ਼ੀ ਅਧਿਕਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਇਕ ਜਾਂਚ ਅਧਿਕਾਰੀ ਨਿਯੁਕਤ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਇਨ੍ਹਾਂ ਅਧਿਕਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰਨ ਦਾ ਕਦਮ ਕੇਂਦਰੀ ਗ੍ਰਹਿ ਮੰਤਰਾਲੇ ਦੀ ਝਾੜ ਤੋਂ ਬਾਅਦ ਚੁੱਕਿਆ ਗਿਆ ਹੈ। ਮੰਤਰਾਲੇ ਨੇ ਪਿਛਲੇ ਸਾਲ ਮਾਰਚ ਤੇ ਨਵੰਬਰ ’ਚ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਸੁਰੱਖਿਆ ਉਕਾਈ ਲਈ ਕਾਰਵਾਈ ’ਚ ਦੇਰ ’ਤੇ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਸੀ। ਇਸ ਤੋਂ ਬਾਅਦ ਸੂਬਾ ਸਰਕਾਰ ਨੇ ਬਠਿੰਡਾ ਦੇ ਪੁਲਿਸ ਸੁਪਰਡੈਂਟ ਗੁਰਵਿੰਦਰ ਸਿੰਘ ਸੰਘਾ ਤੇ ਛੇ ਜੂਨੀਅਰ ਅਧਿਕਾਰੀਆਂ ਨੂੰ ਪੀਐੱਮ ਦੀ ਸੁਰੱਖਿਆ ’ਚ ਲਾਪਰਵਾਹੀ ਵਰਤਣ ਦੇ ਦੋਸ਼ ’ਚ ਮੁਅੱਤਲ ਕਰ ਦਿੱਤਾ ਤੇ ਉਨ੍ਹਾਂ ਵਿਰੁੱਧ ਦੋਸ਼ ਪੱਤਰ ਦਾਇਰ ਕੀਤਾ ਸੀ।

# ਕਿਸਾਨਾਂ ਦਾ ਦਿੱਲੀ ਚੱਲੋ ਮਾਰਚ: ਸ਼ੰਭੂ ਹੱਦ 'ਤੇ ਕਿਸਾਨਾਂ 'ਤੇ ਛੱਡੇ ਗਏ ਅੱਥਰੂ ਗੈਸ ਦੇ ਗੋਲੇ

## ਸਰਕਾਰ ਵੱਲੋਂ ਐਮਐਸਪੀ ਗਾਰੰਟੀ ਕਾਨੂੰਨ ਬਣਾਉਣ ਨਾਲ ਅੰਦੋਲਨ ਖ਼ਤਮ ਹੋ ਸਕਦਾ ਹੈ: ਕਿਸਾਨ ਆਗੂ











ਚੰਡੀਗੜ੍ਹ : ਹਰਿਆਣਾ ਪੁਲਿਸ ਵੱਲੋਂ ਅੱਜ 'ਦਿੱਲੀ ਕੂਚ' ਦੇ ਪ੍ਰੋਗਰਾਮ ਦੌਰਾਨ ਖਨੌਰੀ ਬਾਰਡਰ 'ਤੇ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਦਾਗੇ ਜਾਣ ਨਾਲ ਕਿਸਾਨ ਸ਼ੁਭਕਰਨ ਸਿੰਘ (21) ਦੀ ਮੌਤ ਹੋ ਗਈ ਜਦੋਂ ਕਿ ਢਾਈ ਦਰਜਨ ਕਿਸਾਨ ਜ਼ਖ਼ਮੀ ਹੋ ਗਏ। 'ਦਿੱਲੀ ਕੂਚ' ਦੇ ਸੱਦੇ ਦੌਰਾਨ ਕਿਸਾਨ ਦੀ ਮੌਤ ਦੀ ਖ਼ਬਰ ਨਾਲ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਮਾਹੌਲ ਤਣਾਅਪੂਰਨ ਤੇ ਟਕਰਾਅ ਵਾਲਾ ਹੋ ਗਿਆ ਪਰ ਕਿਸਾਨ ਆਗੂਆਂ ਨੇ ਸੰਜਮ ਨਾਲ ਕੰਮ ਲਿਆ। ਉਂਜ ਜਦੋਂ ਇਹ ਘਟਨਾ ਵਾਪਰੀ ਸ਼ੰਭੂ ਬਾਰਡਰ 'ਤੇ ਕਿਸਾਨ ਆਗੂ ਤੇ ਪੰਜਾਬ ਸਰਕਾਰ ਦੇ ਅਧਿਕਾਰੀ ਅਗਲੇ ਗੇੜ ਦੀ ਗੱਲਬਾਤ ਬਾਰੇ ਰਜ਼ਾਮੰਦੀ ਬਣਾਉਣ ਬਾਰੇ ਮੀਟਿੰਗ ਕਰ ਰਹੇ ਸਨ। ਹਰਿਆਣਾ ਪੁਲੀਸ ਨਾਲ ਟਕਰਾਅ ਮਗਰੋਂ ਕਿਸਾਨ ਫੋਰਮਾਂ ਨੇ ਅੱਜ ਸ਼ਾਮ ਵਕਤ 'ਦਿੱਲੀ ਕੂਚ' ਦੇ ਪ੍ਰੋਗਰਾਮ ਨੂੰ ਦੋ ਦਿਨਾ ਲਈ ਵਿਰਾਮ ਦੇ ਦਿੱਤਾ ਹੈ। ਕਿਸਾਨ ਆਗੂ ਹੁਣ 23 ਫਰਵਰੀ ਦੀ ਸ਼ਾਮ ਨੂੰ ਅੰਦੋਲਨ ਦੀ ਅਗਲੀ ਰੂਪ ਰੇਖਾ ਦਾ ਐਲਾਨ ਕਰਨਗੇ। ਉਧਰ ਕੇਂਦਰੀ ਖੇਤੀ ਮੰਤਰੀ ਅਰਜੁਨ ਮੁੰਡਾ ਨੇ ਮਾਹੌਲ 'ਚ ਤਲਖੀ ਦੌਰਾਨ ਕਿਸਾਨਾਂ ਨੂੰ ਅੱਜ ਮੁੜ ਗੱਲਬਾਤ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਐੱਮਐੱਸਪੀ ਦੇ ਮੁੱਦੇ, ਫਸਲੀ ਵਿਭਿੰਨਤਾ, ਪਰਾਲੀ ਪ੍ਰਬੰਧਨ ਅਤੇ ਐੱਫ.ਆਈ.ਆਰਜ਼ ਦੇ ਮੁੱਦੇ 'ਤੇ ਗੱਲਬਾਤ ਲਈ ਤਿਆਰ ਹੈ ਤੇ ਕਿਸਾਨ ਸ਼ਾਂਤੀ ਬਣਾਈ ਰੱਖਣ। ਕੇਂਦਰੀ ਮੰਤਰੀ ਵੱਲੋਂ ਅੱਜ ਸਵੇਰੇ ਇਕ ਟਵੀਟ ਰਾਹੀਂ ਦਿੱਤੇ ਸੱਦੇ ਦੌਰਾਨ ਹੀ ਖਨੌਰੀ ਬਾਰਡਰ 'ਤੇ ਕਿਸਾਨ ਦੀ ਮੌਤ ਦੀ ਖ਼ਬਰ ਨਾਲ ਅਗਲੇ ਗੇੜ ਦੀ ਗੱਲਬਾਤ ਨੂੰ ਫਿਲਹਾਲ ਬਰੇਕ ਲੱਗ ਗਈ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਅਗਵਾਈ ਵਿਚ ਅੱਜ 11 ਵਜੇ 'ਦਿੱਲੀ ਕੂਚ' ਕਰਨ ਦਾ ਪ੍ਰੋਗਰਾਮ ਸੀ। ਕਿਸਾਨ ਆਗੂਆਂ ਤੇ ਕੇਂਦਰੀ ਵਜ਼ੀਰਾਂ ਵਿਚਾਲੇ ਪਹਿਲਾਂ ਹੀ ਚਾਰ ਗੇੜ ਦੀ ਗੱਲਬਾਤ ਹੋ ਚੁੱਕੀ ਹੈ।

ਬਠਿੰਡਾ ਨਾਲ ਸਬੰਧਤ ਨੌਜਵਾਨ ਕਿਸਾਨ ਦੀ ਮੌਤ ਦੀ ਘਟਨਾ ਤੋਂ ਪਹਿਲਾਂ ਸਮੁੱਚਾ ਮਾਹੌਲ ਜ਼ਾਬਤੇ ਵਿਚ ਸੀ। ਕਿਸਾਨ ਲੀਡਰਸ਼ਿਪ ਨੇ ਨੌਜਵਾਨਾਂ ਨੂੰ ਜੇਸੀਬੀ/ਪੋਕਲੇਨ ਦੀ ਵਰਤੋਂ ਕਰਨ ਤੋਂ ਵਰਜ ਦਿੱਤਾ ਸੀ। ਕਿਸਾਨ ਫੋਰਮਾਂ ਦੀ ਟਾਸਕ ਫੋਰਸ ਨੇ ਵੀ ਅਨੁਸ਼ਾਸਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਨਿਭਾਈ। ਪਤਾ ਲੱਗਾ ਹੈ ਕਿ ਨੌਜਵਾਨਾਂ ਦੇ ਇੱਕ ਗਰੁੱਪ ਨੇ ਕਿਸਾਨ ਆਗੂਆਂ ਨੂੰ ਅੱਗੇ ਵਧਣ ਲਈ ਵੀ ਵੰਗਾਰਿਆ। ਇਸ ਤੋਂ ਪਹਿਲਾਂ ਖਨੌਰੀ ਘਟਨਾ ਮਗਰੋਂ ਅਧਿਕਾਰੀਆਂ ਨਾਲ ਚੱਲ ਰਹੀ ਗੱਲਬਾਤ ਅੱਧ ਵਿਚਾਲੇ ਹੀ ਖਤਮ ਹੋ ਗਈ। ਘਟਨਾ ਮਗਰੋਂ ਸ਼ੰਭੂ ਬਾਰਡਰ 'ਤੇ ਜਗਜੀਤ ਸਿੰਘ ਡੱਲੇਵਾਲ ਅਤੇ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਿਚ ਲੀਡਰਸ਼ਿਪ ਨੇ ਹਰਿਆਣਾ ਵਾਲੇ ਪਾਸੇ ਵਧਣਾ ਸ਼ੁਰੂ ਕੀਤਾ। ਹਰਿਆਣਾ ਫੋਰਸ ਨਾਲ ਇਨ੍ਹਾਂ ਆਗੂਆਂ ਨੇ ਗੱਲਬਾਤ ਕੀਤੀ ਅਤੇ ਵਾਪਸ ਆ ਗਏ। ਖਨੌਰੀ ਘਟਨਾ ਨੂੰ ਲੈ ਕੇ ਨੌਜਵਾਨਾਂ ਵਿਚ ਰੋਹ ਹੈ। ਅੱਜ ਪੂਰਾ ਦਿਨ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਹਰਿਆਣਾ ਪੁਲੀਸ ਵੱਲੋਂ ਅੱਥਰੂ ਗੈਸ ਦੇ ਗੋਲੇ ਦਾਗੇ ਗਏ। ਖਨੌਰੀ ਬਾਰਡਰ 'ਤੇ ਕਰੀਬ 12.30 ਵਜੇ ਮਾਹੌਲ ਤਣਾਅਪੂਰਨ ਹੋ ਗਿਆ ਜਦੋਂ ਕਿਸਾਨਾਂ ਨੇ ਹਰਿਆਣਾ ਵੱਲ ਵਧਣਾ ਸ਼ੁਰੂ ਕੀਤਾ।ਸੀਨੀਅਰ ਆਗੂ ਕਾਕਾ ਸਿੰਘ ਕੋਟੜਾ ਨੇ ਦੱਸਿਆ ਕਿ ਪਹਿਲਾਂ ਹਰਿਆਣਾ ਪੁਲੀਸ ਨੇ ਪਾਣੀ ਦੀਆਂ ਬੁਛਾੜਾਂ ਛੱਡੀਆਂ ਅਤੇ ਮਗਰੋਂ ਅੱਥਰੂ ਗੈਸ ਅਤੇ ਰਬੜ ਦੇ ਗੋਲੇ ਦਾਗੇ ਗਏ। ਹਮਲਾ ਏਨਾ ਭਿਆਨਕ ਸੀ ਕਿ ਇੱਕ ਨੌਜਵਾਨ ਗੋਲੀ ਦਾ ਸ਼ਿਕਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਨੀਮ ਫੌਜੀ ਬਲਾਂ ਅਤੇ ਹਰਿਆਣਾ ਪੁਲੀਸ ਨੇ ਪੰਜਾਬ ਦੀ ਹਦੂਦ ਵਿਚ ਦਾਖਲ ਹੋ ਕੇ ਕਿਸਾਨ ਮੋਰਚੇ ਵਿਚਲੇ ਟਰੈਕਟਰਾਂ ਅਤੇ ਹੋਰ ਸਾਮਾਨ ਦੀ ਭੰਨ ਤੋੜ ਵੀ ਕੀਤੀ ਅਤੇ ਤਿੰਨ ਜ਼ਖ਼ਮੀ ਨੌਜਵਾਨਾਂ ਨੂੰ ਹਰਿਆਣਾ ਪੁਲੀਸ ਚੁੱਕ ਕੇ ਲੈ ਗਈ। ਉਨ੍ਹਾਂ ਦੱਸਿਆ ਕਿ ਇਹ ਨੌਜਵਾਨ ਜੀਂਦ ਅਤੇ ਰੋਹਤਕ ਦੇ ਹਸਪਤਾਲਾਂ ਵਿਚ ਦਾਖਲ ਹਨ।

ਕਿਸਾਨ ਆਗੂਆਂ ਨੇ ਦੱਸਿਆ ਕਿ ਵੱਡੀ ਗਿਣਤੀ ਕਿਸਾਨ ਲਾਪਤਾ ਹਨ ਜਿਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਲੱਗ ਰਿਹਾ ਹੈ। ਹਰਿਆਣਾ ਪੁਲੀਸ ਦੇ ਇਸ ਹੱਲੇ ਮਗਰੋਂ ਨੌਜਵਾਨਾਂ ਵਿਚ ਰੋਸ ਫੈਲ ਗਿਆ। ਕਰੀਬ ਚਾਰ ਵਜੇ ਤੱਕ ਹਫੜਾ-ਦਫੜੀ ਮੱਚੀ ਰਹੀ। ਅਖੀਰ ਚਾਰ ਵਜੇ ਕਿਸਾਨ ਆਗੂਆਂ ਨੇ ਸਟੇਜ ਸ਼ੁਰੂ ਕੀਤੀ ਅਤੇ ਜਾਪ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਸ਼ੰਭੂ ਬਾਰਡਰ 'ਤੇ ਵੀ ਸ਼ਾਮ ਵੇਲੇ ਮਾਹੌਲ ਵਿਚ ਨਰਮੀ ਆਈ।

ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਦੋਵੇਂ ਬਾਰਡਰਾਂ 'ਤੇ ਹਰਿਆਣਾ ਪੁਲੀਸ ਨੇ ਹੰਗਾਮਾ ਕਰਨ ਵਿਚ ਪਹਿਲ ਕੀਤੀ। ਉਧਰ ਹਰਿਆਣਾ ਪੁਲੀਸ ਦੇ ਅਧਿਕਾਰੀਆਂ ਨੇ ਟਕਰਾਅ ਦੌਰਾਨ ਆਪਣੇ ਦਰਜਨ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਣ ਦਾ ਦਾਅਵਾ ਕੀਤਾ ਹੈ। ਪੰਜਾਬ ਸਰਕਾਰ ਨੇ ਵੀ ਕਿਸੇ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਸੜਕ ਸੁਰੱਖਿਆ ਫੋਰਸ ਅਤੇ ਮਦਦ ਵਾਸਤੇ ਐਂਬੂਲੈਂਸਾਂ ਤਾਇਨਾਤ ਕੀਤੀਆਂ ਅਤੇ ਹਸਪਤਾਲਾਂ ਨੂੰ ਅਲਰਟ 'ਤੇ ਰੱਖਿਆ।

**ਖਨੌਰੀ ਬਾਰਡਰ ਦਾ ਲਵਾਂਗੇ ਜਾਇਜ਼ਾ: ਪੰਧੇਰ**

ਕਿਸਾਨ ਫੋਰਮਾਂ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਕੇਂਦਰ ਦੇ ਇਸ਼ਾਰੇ 'ਤੇ ਹਰਿਆਣਾ ਪੁਲੀਸ ਨੇ ਖਨੌਰੀ ਬਾਰਡਰ 'ਤੇ ਅਣਮਨੁੱਖੀ ਵਿਵਹਾਰ ਕੀਤਾ ਅਤੇ ਬਜ਼ੁਰਗਾਂ ਨੂੰ ਕੁੱਟਿਆ। 25 ਟਰੈਕਟਰ ਭੰਨੇ ਅਤੇ ਟਾਇਰ ਪੈਂਚਰ ਕਰ ਦਿੱਤੇ। ਉਨ੍ਹਾਂ ਕਿਹਾ ਕਿ ਹਰਿਆਣਾ ਪੁਲੀਸ ਨਾਲ ਟਕਰਾਅ ਦੌਰਾਨ ਬਠਿੰਡਾ ਦੇ ਕਿਸਾਨ ਦੀ ਮੌਤ ਮਗਰੋਂ ਉਹ ਖਨੌਰੀ ਬਾਰਡਰ 'ਤੇ ਜਾਇਜ਼ਾ ਲੈਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਹੱਦ ਵਿਚ ਦਾਖਲ ਹੋ ਕੇ ਹਰਿਆਣਾ ਦੇ ਨੀਮ ਫੌਜੀ ਬਲਾਂ ਵੱਲੋਂ ਕੀਤੀ ਹੁੱਲੜਬਾਜ਼ੀ ਦੀ ਜਾਂਚ ਕਰੇ। ਉਨ੍ਹਾਂ ਕਿਹਾ ਕਿ ਅਗਲੇ ਦੋ ਦਿਨ ਦੌਰਾਨ ਅਗਲੇਰੀ ਰਣਨੀਤੀ ਘੜੀ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਭੇਜੇ ਸ਼ਰਾਰਤੀ ਅਨਸਰਾਂ ਨੇ ਅੱਜ ਮੀਡੀਆ ਨਾਲ ਜੋ ਬਦਤਮੀਜ਼ੀ ਕੀਤੀ, ਉਸ ਦਾ ਅਫਸੋਸ ਹੈ।

## ਖਨੌਰੀ ਬਾਰਡਰ 'ਤੇ ਹਰਿਆਣਾ ਪੁਲਿਸ ਨਾਲ ਟਕਰਾਅ ਦੌਰਾਨ 21 ਸਾਲਾ ਕਿਸਾਨ ਦੀ ਮੌਤ

ਪਟਿਆਲਾ : ਖਨੌਰੀ ਬਾਰਡਰ 'ਤੇ ਕਿਸਾਨਾਂ ਅਤੇ ਹਰਿਆਣਾ ਪੁਲੀਸ ਦਰਮਿਆਨ ਹੋਏ ਟਕਰਾਅ ਦੌਰਾਨ 21 ਸਾਲਾ ਕਿਸਾਨ ਦੀ ਮੌਤ ਹੋ ਗਈ, ਜਿਸ ਦੀ ਪਛਾਣ ਜ਼ਿਲ੍ਹਾ ਬਠਿੰਡਾ ਦੇ ਵਸਨੀਕ ਸ਼ੁਭਕਰਨ ਸਿੰਘ ਵਜੋਂ ਹੋਈ ਹੈ। ਮੁੱਢਲੀ ਜਾਣਕਾਰੀ ਅਨੁਸਾਰ ਉਸ ਦੀ ਮੌਤ ਦਾ ਕਾਰਨ ਹਰਿਆਣਾ ਪੁਲੀਸ ਵੱਲੋਂ ਚਲਾਈ ਰਬੜ ਦੀ ਗੋਲੀ ਹੈ। ਲਾਸ਼ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਵਿਖੇ ਰੱਖੀ ਗਈ ਹੈ, ਕਿਉਂਕਿ ਇਸ ਘਟਨਾ ਦੌਰਾਨ ਗੰਭੀਰ ਜ਼ਖ਼ਮੀ ਹੋਣ ਤੋਂ ਬਾਅਦ ਉਸ ਨੂੰ ਪਟਿਆਲਾ ਲਿਆਂਦਾ ਗਿਆ ਸੀ ਪਰ ਇੱਥੇ ਆ ਕੇ ਉਸ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਦੋ ਕਿਸਾਨ ਹੋਰ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਵੀ ਰਜਿੰਦਰ ਹਸਪਤਾਲ ਪਟਿਆਲਾ ਵਿਖੇ ਭੇਜਿਆ। ਜ਼ਖ਼ਮੀਆਂ ਦੀ ਪਛਾਣ ਸੰਗਰੂਰ ਦੇ ਪਿੰਡ ਸੇਰੋਂ ਦੇ ਵਸਨੀਕ ਸਿਮਰਨਜੀਤ ਸਿੰਘ ਅਤੇ ਥਾਣਾ ਲਹਿਰਾ ਗਾਗਾ ਦੇ ਅਧੀਨ ਪੈਂਦੇ ਪਿੰਡ ਭੁਟਾਲ ਖੁਰਦ ਦੇ ਵਾਸੀ ਜੁਗਰਾਜ ਸਿੰਘ ਵਜੋਂ ਹੋਈ ਹੈ।



## ਮਸ਼ੀਨ ਮਾਲਕਾਂ ਨੂੰ ਹਰਿਆਣਾ ਪੁਲਸ ਦੀ ਚਿਤਾਵਨੀ

# ਜੇਸੀਬੀ ਹਟਾਓ, ਨਹੀਂ ਤਾਂ ਕਾਰਵਾਈ ਲਈ ਰਹੋ ਤਿਆਰ



ਚੰਡੀਗੜ੍ਹ : ਹਰਿਆਣਾ ਪੁਲਸ ਨੇ ਬੁੱਧਵਾਰ ਨੂੰ ਮਿੱਟੀ ਪੁੱਟਣ ਵਾਲੀਆਂ ਮਸ਼ੀਨਾਂ ਦੇ ਮਾਲਕਾਂ ਨੂੰ ਕਿਹਾ ਕਿ ਉਹ ਆਪਣੀਆਂ ਮਸ਼ੀਨਾਂ ਨੂੰ ਪ੍ਰਦਰਸ਼ਨ ਵਾਲੀ ਥਾਂ ਤੋਂ ਹਟਾਉਣ, ਨਹੀਂ ਤਾਂ ਕਾਰਵਾਈ ਲਈ ਤਿਆਰ ਰਹਿਣ। ਕਿਸਾਨਾਂ ਦੀ ਅੱਜ ਆਪਣਾ 'ਦਿੱਲੀ ਚਲੋ' ਮਾਰਚ ਮੁੜ ਸ਼ੁਰੂ ਕਰਨ ਦੀ ਯੋਜਨਾ ਹੈ। ਪੁਲਸ ਮੁਤਾਬਕ ਜੇਕਰ ਪ੍ਰਦਰਸ਼ਨਕਾਰੀ ਕਿਸਾਨ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਕਰਦੇ ਹਨ ਤਾਂ ਇਸ ਨਾਲ ਪੰਜਾਬ ਅਤੇ ਹਰਿਆਣਾ ਦੀਆਂ ਦੋਵੇਂ ਸਰਹੱਦਾਂ 'ਤੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਨੂੰ ਨੁਕਸਾਨ ਹੋ ਸਕਦਾ ਹੈ। ਪੁਲਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਪੋਸਟ ਵਿਚ ਕਿਹਾ, 'ਪੋਕਲੇਨ, ਜੇਸੀਬੀ ਦੇ ਮਾਲਕਾਂ ਅਤੇ ਸੰਚਾਲਕਾਂ ਲਈ: ਕਿਰਪਾ ਕਰਕੇ ਪ੍ਰਦਰਸ਼ਨਕਾਰੀਆਂ ਨੂੰ ਆਪਣਾ ਉਪਕਰਣ ਉਪਲਬਧ ਨਾ ਕਰੋ ਅਤੇ ਉਨ੍ਹਾਂ ਨੂੰ ਪ੍ਰਦਰਸ਼ਨ ਵਾਲੀ ਥਾਂ ਤੋਂ ਹਟਾਓ ਕਿਉਂਕਿ ਉਨ੍ਹਾਂ ਦੀ ਵਰਤੋਂ ਸੁਰੱਖਿਆ ਬਲਾਂ ਨੂੰ ਨੁਕਸਾਨ ਪਹੁੰਚਾਉਣ ਲਈ ਕੀਤੀ ਜਾ ਸਕਦੀ ਹੈ। ਇਹ ਇਕ ਗੈਰ-ਜ਼ਮਾਨਤੀ ਅਪਰਾਧ ਹੈ ਅਤੇ ਤੁਹਾਨੂੰ ਅਪਰਾਧਕ ਰੂਪ ਨਾਲ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ।" ਪੰਜਾਬ ਅਤੇ ਹਰਿਆਣਾ ਦਰਮਿਆਨ 2 ਸਰਹੱਦੀ ਪੁਆਇੰਟਾਂ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨ ਬੁੱਧਵਾਰ ਨੂੰ ਆਪਣਾ 'ਦਿੱਲੀ ਚਲੋ' ਮਾਰਚ ਮੁੜ ਸ਼ੁਰੂ ਕਰ ਰਹੇ ਹਨ।

ਸਰਕਾਰੀ ਏਜੰਸੀਆਂ ਵੱਲੋਂ ਦਾਲਾਂ, ਮੱਕੀ ਅਤੇ ਕਪਾਹ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ 5 ਸਾਲਾਂ ਲਈ ਖਰੀਦਣ ਦੇ ਕੇਂਦਰ ਦੇ ਪ੍ਰਸਤਾਵ ਨੂੰ ਰੱਦ ਕਰਨ ਤੋਂ ਬਾਅਦ ਉਹ ਆਪਣਾ ਅੰਦੋਲਨ ਮੁੜ ਸ਼ੁਰੂ ਕਰ ਰਹੇ ਹਨ। ਹਰਿਆਣਾ ਪੁਲਸ ਨੇ ਮੰਗਲਵਾਰ ਨੂੰ ਪੰਜਾਬ ਪੁਲਸ ਨੂੰ ਬੁਲਡੋਜ਼ਰ ਅਤੇ ਮਿੱਟੀ ਪੁੱਟਣ ਵਾਲੇ ਉਪਕਰਣਾਂ ਨੂੰ ਜ਼ਬਤ ਕਰਨ ਲਈ ਕਿਹਾ ਹੈ ਜੋ 2 ਸਰਹੱਦੀ ਬਿੰਦੂਆਂ 'ਤੇ ਡੇਰਾ ਲਾਏ ਕਿਸਾਨ ਬੈਰੀਕੇਡ ਨੂੰ ਨੁਕਸਾਨ ਪਹੁੰਚਾਉਣ ਲਈ ਲਿਆਏ ਹਨ। ਹਰਿਆਣਾ ਦੇ ਪੁਲਸ ਡਾਇਰੈਕਟਰ ਜਨਰਲ (ਡੀਜੀਪੀ) ਸ਼ਤਰੂਜੀਤ ਕਪੂਰ ਨੇ ਕਿਹਾ ਕਿ ਅਜਿਹੇ ਉਪਕਰਣ ਸੁਰੱਖਿਆ ਬਲਾਂ ਲਈ ਖਤਰਾ ਬਣ ਸਕਦੇ ਹਨ। ਹਜ਼ਾਰਾਂ ਕਿਸਾਨਾਂ ਨੇ 13 ਫਰਵਰੀ ਨੂੰ ਦਿੱਲੀ ਵੱਲ ਮਾਰਚ ਸ਼ੁਰੂ ਕੀਤਾ ਸੀ। ਇਨ੍ਹਾਂ ਕਿਸਾਨਾਂ ਨੂੰ ਹਰਿਆਣਾ ਸਰਹੱਦ 'ਤੇ ਰੋਕਿਆ ਗਿਆ, ਜਿੱਥੇ ਸੁਰੱਖਿਆ ਕਰਮਚਾਰੀਆਂ ਨਾਲ ਉਨ੍ਹਾਂ ਦੀ ਝੜਪ ਹੋ ਗਈ। ਕਿਸਾਨਾਂ ਨੇ ਉਦੋਂ ਤੋਂ ਹੀ ਪੰਜਾਬ ਦੀ ਹਰਿਆਣਾ ਨਾਲ ਲੱਗਦੀ ਸਰਹੱਦ 'ਤੇ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ ਡੇਰੇ ਲਾਏ ਹੋਏ ਹਨ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨੀ ਗਾਰੰਟੀ ਅਤੇ ਕਿਸਾਨ ਕਰਜ਼ਾ ਮੁਆਫੀ ਸਮੇਤ ਆਪਣੀਆਂ ਮੰਗਾਂ ਨੂੰ ਲੈ ਕੇ ਦਬਾਅ ਬਣਾਉਣ ਲਈ 'ਦਿੱਲੀ ਚਲੋ' ਮਾਰਚ ਦੀ ਅਗਵਾਈ ਕਰ ਰਹੇ ਹਨ।

# ਜੇਕਰ ਉਹ ਸਾਨੂੰ ਦਿੱਲੀ ਨਹੀਂ ਆਉਣ ਦਿੰਦੇ ਤਾਂ ਅਸੀਂ ਉਨ੍ਹਾਂ ਨੂੰ ਚੋਣਾਂ ਦੌਰਾਨ ਪਿੰਡਾਂ 'ਚ ਨਹੀਂ ਆਉਣ ਦੇਵਾਂਗੇ : ਰਾਕੇਸ਼ ਟਿਕੈਤ



ਮੇਰਠ (ਉੱਤਰ ਪ੍ਰਦੇਸ਼) : ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਬੁਧਵਾਰ ਨੂੰ ਕਿਹਾ ਕਿ ਜੇਕਰ ਉਹ (ਸਰਕਾਰ) ਕਿਸਾਨਾਂ ਨੂੰ ਦਿੱਲੀ ਆਉਣ ਦੀ ਇਜਾਜ਼ਤ ਨਹੀਂ ਦੇ ਰਹੇ ਹਨ ਤਾਂ ਕਿਸਾਨ ਉਨ੍ਹਾਂ ਨੂੰ ਚੋਣਾਂ 'ਚ ਪਿੰਡਾਂ 'ਚ ਨਹੀਂ ਆਉਣ ਦੇਣਗੇ। ਮੇਰਠ 'ਚ ਬੀ.ਕੇ.ਯੂ. ਨੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਰੰਟੀ, ਗੰਨੇ ਦੇ ਬਕਾਇਆ ਮੁੱਲ ਦਾ ਭੁਗਤਾਨ, ਕਿਸਾਨਾਂ ਵਿਰੁਧ ਕੇਸ ਵਾਪਸ ਲੈਣ ਸਮੇਤ ਹੋਰ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਹੈੱਡਕੁਆਰਟਰ 'ਤੇ ਪ੍ਰਦਰਸ਼ਨ ਕੀਤਾ।

ਟਿਕੈਤ ਖੁਦ ਟਰੈਕਟਰ ਚਲਾ ਕੇ ਕਿਸਾਨਾਂ ਨਾਲ ਕਚਹਿਰੀ ਪਹੁੰਚੇ। ਇਸ ਦੌਰਾਨ ਪੁਲਿਸ ਨੇ ਕਿਸਾਨਾਂ ਨੂੰ ਰੋਕਣ ਲਈ ਕਈ ਥਾਵਾਂ 'ਤੇ ਬੈਰੀਕੇਡ ਵੀ ਲਗਾਏ ਸਨ ਪਰ ਕਿਸਾਨਾਂ ਨੇ ਉਨ੍ਹਾਂ ਨੂੰ ਜ਼ਬਰਦਸਤੀ ਰਸਤੇ ਤੋਂ ਹਟਾ ਦਿਤਾ ਅਤੇ ਅੱਗੇ ਵਧ ਗਏ। ਦਿੱਲੀ ਜਾਣ ਵਾਲੇ ਕਿਸਾਨਾਂ ਨੂੰ ਰੋਕਣ ਲਈ ਰਸਤੇ 'ਚ ਸਰਕਾਰ ਵਲੋਂ ਕੀਲ ਪਾਉਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਟਿਕੈਤ ਨੇ ਕਿਹਾ, "ਰਸਤੇ 'ਚ ਕਿੱਲਾਂ ਲਾਉਣਾ ਕਿਸੇ ਵੀ ਸਥਿਤੀ 'ਚ ਸਹੀ ਨਹੀਂ ਹੈ। ਜੇ ਉਹ ਸਾਡੇ ਲਈ ਕਿੱਲਾਂ ਲਗਾਉਂਦੇ ਹਨ, ਤਾਂ ਅਸੀਂ ਅਪਣੇ ਪਿੰਡ 'ਚ ਵੀ ਕਿੱਲਾਂ ਲਗਾਵਾਂਗੇ। ਸਾਨੂੰ ਵੀ ਅਪਣੇ ਪਿੰਡਾਂ ਦੀ ਬੈਰੀਕੇਡਿੰਗ ਕਰਨੀ ਪਵੇਗੀ।"

ਟਿਕੈਤ ਨੇ ਇਹ ਵੀ ਕਿਹਾ, "ਜੇਕਰ ਉਹ ਦਿੱਲੀ ਨਹੀਂ ਆਉਣ ਦੇ ਰਹੇ ਤਾਂ ਅਸੀਂ ਉਨ੍ਹਾਂ ਨੂੰ ਚੋਣਾਂ 'ਚ ਪਿੰਡ ਨਹੀਂ ਆਉਣ ਦੇਵਾਂਗੇ। ਜੇ ਉਹ ਅੰਦੋਲਨ ਨੂੰ ਕੁਚਲਣ ਦਾ ਕੰਮ ਕਰਦੇ ਹਨ, ਤਾਂ ਉਨ੍ਹਾਂ ਨੂੰ ਪਿੰਡ ਆਉਣ ਦੀ ਇਜਾਜ਼ਤ ਕੌਣ ਦੇਵੇਗਾ? ਕਿੱਲਾਂ ਤਾਂ ਪਿੰਡ 'ਚ ਵੀ ਹਨ।"

ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਨੂੰ ਉਦਯੋਗਪਤੀਆਂ ਦੀ ਸਰਕਾਰ ਦੱਸਦਿਆਂ ਬੀ.ਕੇ.ਯੂ. ਦੇ ਬੁਲਾਰੇ ਨੇ ਕਿਹਾ ਕਿ ਜੇਕਰ ਇਹ ਕਿਸਾਨਾਂ ਦੀ ਸਰਕਾਰ ਹੁੰਦੀ ਤਾਂ ਐਮ.ਐਸ.ਪੀ. ਦੀ ਗਰੰਟੀ ਦੇਣ ਵਾਲਾ ਕਾਨੂੰਨ ਕਦੋਂ ਦਾ ਬਣ ਚੁੱਕਾ ਹੁੰਦਾ।

ਇਹ ਪੁੱਛੇ ਜਾਣ 'ਤੇ ਕਿ ਉਹ ਦਿੱਲੀ ਜਾ ਕੇ ਕਿਸਾਨ ਅੰਦੋਲਨ 'ਚ ਸ਼ਾਮਲ ਕਿਉਂ ਨਹੀਂ ਹੋਏ, ਉਨ੍ਹਾਂ ਕਿਹਾ, "ਸਾਡੇ ਲਈ ਇਹੀ ਦਿੱਲੀ ਹੈ। ਦੇਸ਼ ਭਰ ਦੇ ਕਿਸਾਨ ਅੰਦੋਲਨ ਦੇ ਸਮਰਥਨ 'ਚ ਇਕਜੁੱਟ ਹਨ। ਅਸੀਂ ਕਿਸਾਨਾਂ ਲਈ ਕਿਤੇ ਵੀ ਜਾਣ ਲਈ ਤਿਆਰ ਹਾਂ, ਦਿੱਲੀ ਦੀ ਤਾਂ ਗੱਲ ਹੀ ਛੱਡੋ।"

ਟਿਕੈਤ ਨੇ ਕਿਹਾ ਕਿ ਅੱਜ ਬੀ.ਕੇ.ਯੂ. ਮੇਰਠ ਸਮੇਤ ਦੇਸ਼ ਭਰ ਤੋਂ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜ ਕੇ ਐਮ.ਐਸ.ਪੀ. ਦੇ ਨਾਲ-ਨਾਲ ਗੰਨੇ ਦੀਆਂ ਕੀਮਤਾਂ 'ਚ ਵਾਧੇ ਅਤੇ ਸਵਾਮੀਨਾਥਨ ਰੀਪੋਰਟ ਨੂੰ ਲਾਗੂ ਕਰਨ ਦੀ ਮੰਗ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਦੇਸ਼ ਭਰ 'ਚ ਅੰਦੋਲਨ ਕੀਤਾ ਜਾਵੇਗਾ। ਕਿਸਾਨਾਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ ਅਤੇ ਅੰਦੋਲਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਬੀ.ਕੇ.ਯੂ. ਨੇਤਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਦੀ ਵੀਰਵਾਰ ਨੂੰ ਬੈਠਕ ਹੋਵੇਗੀ ਜਿਸ 'ਚ ਭਵਿੱਖ ਦੀ ਰਣਨੀਤੀ ਤੈਅ ਕੀਤੀ ਜਾਵੇਗੀ।

ਬੀ.ਕੇ.ਯੂ. ਦੇ ਜ਼ਿਲ੍ਹਾ ਪ੍ਰਧਾਨ ਅਨੁਰਾਗ ਚੌਧਰੀ ਨੇ ਕਿਹਾ ਕਿ ਪੁਲਿਸ ਅਤੇ ਪ੍ਰਸ਼ਾਸਨ ਨੇ ਅੱਜ ਜ਼ਿਲ੍ਹਾ ਹੈੱਡਕੁਆਰਟਰ ਤਕ ਕਿਸਾਨਾਂ ਨੂੰ ਰੋਕਣ ਲਈ ਤਿੰਨ ਥਾਵਾਂ 'ਤੇ ਬੈਰੀਕੇਡ ਲਗਾਏ ਸਨ ਪਰ ਉਹ ਕਿਸਾਨਾਂ ਨੂੰ ਜ਼ਿਲ੍ਹਾ ਕੁਲੈਕਟਰ ਦਫ਼ਤਰ ਤਕ ਪਹੁੰਚਣ ਤੋਂ ਨਹੀਂ ਰੋਕ ਸਕੇ।

# ਕਿਸਾਨਾਂ ਦੇ ਦਿੱਲੀ ਕੂਚ ਨੂੰ ਰੋਕਣ ਲਈ ਹਰਿਆਣਾ ਸਰਕਾਰ ਨੇ ਹਾਈਕੋਰਟ 'ਚ ਦਾਇਰ ਕੀਤੀ ਪਟੀਸ਼ਨ




ਚੰਡੀਗੜ੍ਹ : ਹਰਿਆਣਾ ਸਰਕਾਰ ਨੇ ਕਿਸਾਨਾਂ ਦੇ ਦਿੱਲੀ ਕੂਚ ਨੂੰ ਰੋਕਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੁੱਧਵਾਰ ਨੂੰ ਪਟੀਸ਼ਨ ਦਾਇਰ ਕੀਤੀ ਹੈ। ਇਸ ਪਟੀਸ਼ਨ ਵਿਚ ਵਾਹਨਾਂ ਅਤੇ ਟਟਰੈਕਟਰ-ਟਰਾਲੀਆਂ ਨੂੰ ਰੋਕਣ ਦੀ ਮੰਗ ਕੀਤੀ ਗਈ। ਹਾਈ ਕੋਰਟ ਨੇ ਪਟੀਸ਼ਨ 'ਤੇ ਤੁਰੰਤ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਦਰਅਸਲ ਕੇਂਦਰ ਸਰਕਾਰ ਨਾਲ ਸਾਂਝੇ ਰੂਪ ਨਾਲ ਇਹ ਪਟੀਸ਼ਨ ਦਾਇਰ ਕੀਤੀ ਗਈ ਸੀ।

ਦੱਸ ਦੇਈਏ ਕਿ ਇਕ ਦਿਨ ਪਹਿਲਾਂ ਹਾਈ ਕੋਰਟ ਨੇ ਕਿਹਾ ਸੀ ਕਿ ਮੋਟਰ ਵਹੀਕਲ ਐਕਟ ਦੇ ਪ੍ਰਬੰਧਾਂ ਦੇ ਤਹਿਤ ਹਾਈਵੇਅ 'ਤੇ ਟਰੈਕਟਰ-ਟਰੇਲਰ ਨਹੀਂ ਚੱਲ ਸਕਦੇ। ਅਦਾਲਤ ਐਡਵੋਕੇਟ ਉਦੈ ਪ੍ਰਤਾਪ ਸਿੰਘ ਵਲੋਂ ਦਾਇਰ ਇਕ ਜਨਹਿਤ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ, ਜਿਸ 'ਚ ਕਿਹਾ ਗਿਆ ਕਿ 13 ਫਰਵਰੀ ਤੋਂ ਸੜਕ ਜਾਮ ਕਰਨ ਨਾਲ ਨਾ ਸਿਰਫ ਵਸਨੀਕਾਂ ਨੂੰ ਅਸੁਵਿਧਾ ਹੋ ਰਹੀ ਹੈ ਸਗੋਂ ਕਿ ਐਂਬੂਲੈਂਸ, ਸਕੂਲੀ ਬੱਸਾਂ ਅਤੇ ਪੈਦਲ ਚੱਲਣ ਵਾਲਿਆਂ ਨੂੰ ਵੀ ਪਰੇਸ਼ਾਨੀ ਹੋ ਰਹੀ ਹੈ।

**ਕਿਸਾਨਾਂ ਨੂੰ ਪ੍ਰਦਰਸ਼ਨ ਦਾ ਅਧਿਕਾਰ ਪਰ ਵਾਜਬ ਪਾਬੰਦੀਆਂ ਅਧੀਨ :** ਕਾਰਜਕਾਰੀ ਚੀਫ਼ ਜਸਟਿਸ ਜੀ.ਐਸ. ਸੰਧਾਵਾਲੀਆ ਅਤੇ ਜਸਟਿਸ ਲਪਿਤਾ ਬੈਨਰਜੀ ਦੇ ਬੈਂਚ ਨੇ ਇੰਨੀ ਵੱਡੀ ਗਿਣਤੀ ਵਿਚ ਕਿਸਾਨਾਂ ਦੇ ਇਕੱਠ ਦੀ ਇਜਾਜ਼ਤ ਦੇਣ ਲਈ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਸੀ। ਜਸਟਿਸ ਸੰਧਾਵਾਲੀਆ ਨੇ ਜ਼ੁਬਾਨੀ ਤੌਰ 'ਤੇ ਸੂਬਾ ਸਰਕਾਰ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੂੰ ਵੱਡੀ ਗਿਣਤੀ 'ਚ ਇਕੱਠਾ ਨਾ ਕੀਤਾ ਜਾਵੇ ਕਿਉਂਕਿ ਉਨ੍ਹਾਂ ਨੂੰ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ਪਰ ਇਹ ਵਾਜਬ ਪਾਬੰਦੀਆਂ ਦੇ ਅਧੀਨ ਹੈ। ਬੈਂਚ ਨੇ ਟਿੱਪਣੀ ਕੀਤੀ ਸੀ ਕਿ ਮੋਟਰ ਵਹੀਕਲ ਐਕਟ ਮੁਤਾਬਕ ਕਿਸਾਨ ਹਾਈਵੇਅ 'ਤੇ ਟਰੈਕਟਰ-ਟਰਾਲੀਆਂ ਦੀ ਵਰਤੋਂ ਨਹੀਂ ਕਰ ਸਕਦੇ।

ਦੱਸਣਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦਾ ਇਕ ਵੱਡਾ ਇਕੱਠ ਹਰਿਆਣਾ ਦੀਆਂ ਸਰਹੱਦਾਂ 'ਤੇ ਡਟਿਆ ਹੈ, ਕਿਉਂਕਿ ਉਹ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ) ਦੀ ਗਾਰੰਟੀ ਵਾਲੇ ਕਾਨੂੰਨ ਸਮੇਤ ਮੰਗਾਂ ਨੂੰ ਲੈ ਕੇ ਆਪਣਾ ਵਿਰੋਧ ਦਰਜ ਕਰਵਾਉਣ ਲਈ ਰਾਸ਼ਟਰੀ ਰਾਜਧਾਨੀ ਵੱਲ ਜਾਣ ਲਈ ਤਿਆਰ ਹਨ, ਕਿਉਂਕਿ ਉਨ੍ਹਾਂ ਨੇ ਸਰਕਾਰ ਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਸੀ।

# ਖਨੌਰੀ ਬਾਰਡਰ ਉਪਰ ਸਥਿਤੀ ਤਣਾਅਪੂਰਨ, ਅੱਥਰੂ ਗੈਸ ਦੇ ਗੋਲਿਆਂ ਤੇ ਰਬੜ ਦੀਆਂ ਗੋਲੀਆਂ ਕਾਰਨ ਦਰਜਨ ਕਿਸਾਨ ਜ਼ਖ਼ਮੀ



ਸੰਗਰੂਰ/ਖਨੌਰੀ : ਖਨੌਰੀ ਬਾਰਡਰ ਉਪਰ ਮਾਹੌਲ ਤਣਾਅਪੂਰਨ ਹੈ। ਹਰਿਆਣਾ ਪੁਲੀਸ ਤੇ ਕੇਂਦਰੀ ਸੁਰੱਖਿਆ ਬਲਾਂ ਵਲੋਂ ਅੱਥਰੂ ਗੈਸ ਦੇ ਗੋਲਿਆਂ, ਰਬੜ ਦੀਆਂ ਗੋਲੀਆਂ ਅਤੇ ਪਾਣੀ ਦੀਆਂ ਬੁਛਾੜਾਂ ਨਾਲ ਕੀਤੀ ਕਾਰਵਾਈ 'ਚ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਸਮੇਤ ਕਰੀਬ ਦੋ ਦਰਜਨ ਕਿਸਾਨ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ਨੂੰ ਪਾਤੜਾਂ ਅਤੇ ਹੋਰ ਨੇੜਲੇ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਕੇਂਦਰ ਸਰਕਾਰ ਦੇ ਪ੍ਰਸਤਾਵ ਨੂੰ ਰੱਦ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਵਲੋਂ ਅੱਜ ਦਿੱਲੀ ਕੂਚ ਕਰਨ ਦਾ ਐਲਾਨ ਕੀਤਾ ਗਿਆ ਸੀ ਜਿਸਦੇ ਤਹਿਤ ਖਨੌਰੀ ਬਾਰਡਰ 'ਤੇ ਤਾਇਨਾਤ ਹਜ਼ਾਰਾਂ ਕਿਸਾਨ ਪੰਜਾਬ-ਹਰਿਆਣਾ ਹੱਦ ਨਜ਼ਦੀਕ ਇਕੱਠੇ ਹੋਏ ਤਾਂ ਉਥੇ ਤਾਇਨਾਤ ਹਰਿਆਣਾ ਪੁਲੀਸ ਅਤੇ ਕੇਂਦਰੀ ਸੁਰੱਖਿਆ ਬਲਾਂ ਵਲੋਂ ਕਿਸਾਨਾਂ ਉਪਰ ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਰਬੜ ਦੀਆਂ ਗੋਲੀਆਂ ਅਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ ਤਾਂ ਜੋ ਕਿਸਾਨ ਅੱਗੇ ਨਾ ਵਧ ਸਕਣ। ਕਿਸਾਨਾਂ ਵਲੋਂ ਖੇਤਾਂ 'ਚੋਂ ਹੁੰਦਿਆਂ ਅੱਗੇ ਵਧਣ ਦਾ ਯਤਨ ਕੀਤਾ ਗਿਆ ਪਰ ਕਿਸਾਨਾਂ ਉਪਰ ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਜਿਸ ਨਾਲ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਸਮੇਤ ਕਰੀਬ ਦੋ ਦਰਜਨ ਕਿਸਾਨ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਤਾਇਨਾਤ ਐਂਬੂਲੈਂਸਾਂ ਰਾਹੀਂ ਹਸਪਤਾਲਾਂ ਵਿਚ ਪਹੁੰਚਾਇਆ ਜਾ ਰਿਹਾ ਹੈ। ਹਾਲਾਤ ਤਣਾਅਪੂਰਨ ਹਨ ਅਤੇ ਰੁਕ-ਰੁਕ ਕੇ ਅੱਥਰੂ ਗੈਸ ਦੇ ਗੋਲੇ ਬਰਸ ਰਹੇ ਹਨ।

# ਬੈਰੀਕੇਡ ਤੋੜਨ ਦੀ ਥਾਂ ਘੱਗਰ ਵਿਚੋਂ ਰਾਹ ਬਣਾ ਕੇ ਲੰਘ ਸਕਦੇ ਨੇ ਕਿਸਾਨ

ਚੰਡੀਗੜ੍ਹ : ਕੁਝ ਹੀ ਦੇਰ ਵਿਚ ਕਿਸਾਨ ਵੱਡੇ ਕਾਫਲਿਆਂ ਦੇ ਰੂਪ ਵਿਚ ਪੰਜਾਬ ਤੇ ਹਰਿਆਣਾ ਦੇ ਬਾਰਡਰਾਂ ਤੋਂ ਅੱਗੇ ਦਿੱਲੀ ਵੱਲ ਰਵਾਨਾ ਹੋਣਗੇ। ਇਸ ਦੌਰਾਨ ਸ਼ੰਭੂ ਬੈਰੀਅਰ ਉਤੇ ਕਿਸਾਨਾਂ ਦੀ ਗਿਣਤੀ ਵਧ ਗਈ ਹੈ।

ਕਿਸਾਨਾਂ ਦਿੱਲੀ ਕੂਚ ਕਰਨ ਲਈ ਉਤਸ਼ਾਹ ਵਿਚ ਨਜ਼ਰ ਆਏ। ਕਿਸਾਨਾਂ ਵੱਲੋਂ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਲਾਏ ਅੜਿੱਕੇ ਦੂਰ ਕਰਨ ਲਈ ਵਿਸ਼ੇਸ਼ ਟਰੈਕਟਰ ਲਿਆਂਦੇ ਗਏ ਹਨ। ਇਸ ਤੋਂ ਇਲਾਵਾ ਕਿਸਾਨਾਂ ਨੇ ਪੋਕਲੇਨ ਮਸ਼ੀਨਾਂ ਵੀ ਲਿਆਂਦੀਆਂ ਹਨ। ਕਿਸਾਨਾਂ ਨੇ ਮਿੱਟੀ ਦੀਆਂ ਬੋਰੀਆਂ ਦੇ ਵੀ ਇੰਤਜ਼ਾਮ ਕਰ ਲਏ ਹਨ। ਜਾਣਕਾਰੀ ਹੈ ਕਿ ਕਿਸਾਨ ਇਨ੍ਹਾਂ ਬੋਰੀਆਂ ਨੂੰ ਘੱਗਰ ਵਿਚ ਸੁੱਟ ਕੇ ਅੱਗੇ ਜਾਣ ਦਾ ਰਸਤਾ ਬਣਾਉਣ ਦੀ ਤਿਆਰੀ ਕਰ ਸਕਦੇ ਹਨ।

ਕਿਸਾਨਾਂ ਦੀ ਹਲਚਲ ਨੂੰ ਵੇਖਦਿਆਂ ਹਰਿਆਣਾ ਪੁਲਿਸ ਨੇ ਵੀ ਪੂਰੀ ਤਿਆਰੀ ਕਰ ਲਈ ਹੈ ਜਿਸ ਕਾਰਨ ਮਾਹੌਲ ਤਣਾਅਪੂਰਨ ਹੋ ਗਿਆ ਹੈ। ਪੋਕਲੇਨ ਮਸ਼ੀਨ ਉਚੇਚੇ ਤੌਰ ਉਤੇ ਬੈਰੀਕੇਡ ਤੋੜਨ ਲਈ ਨਵਿਆਈ ਗਈ ਹੈ। ਇਸ ਨੂੰ ਵਿਸ਼ੇਸ਼ ਚਾਦਰ ਨਾਲ ਕਵਰ ਕਰਕੇ ਬੁਲੇਟ ਪਰੂਫ ਬਣਾਇਆ ਗਿਆ ਹੈ। ਤਿੰਨ ਕੰਬਾਈਨਾਂ ਵੀ ਇਥੇ ਲਿਆਂਦੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਉਤੇ ਵੱਡੇ ਕੂਲਰਾਂ ਵਾਲੇ ਪੱਖੇ ਫਿੱਟ ਕੀਤੇ ਗਏ ਹਨ ਤਾਂ ਕਿ ਅੱਥਰੂ ਗੈਸ ਦੇ ਗੋਲਿਆਂ ਵਾਲੇ ਧੂੰਏ ਨੂੰ ਪਾਸੇ ਕੀਤਾ ਜਾ ਸਕੇ। ਪੰਜਾਬ ਤੇ ਹਰਿਆਣਾ ਦੀ ਹੱਦ 'ਤੇ ਕਈ ਦਿਨਾਂ ਤੋਂ ਇੰਟਰਨੈਟ ਸੇਵਾਵਾਂ ਬੰਦ ਹੋਣ ਕਾਰਨ ਕਿਸਾਨ ਇੱਕ ਦੂਜੇ ਨਾਲ ਵਾਕੀ ਟਾਕੀ ਨਾਲ ਗੱਲ ਕਰ ਰਹੇ ਹਨ। ਇਧਰ, ਪੰਜਾਬ ਦੇ ਡੀਜੀਪੀ ਨੇ ਪਟਿਆਲਾ ਰੇਂਜ ਦੀ ਪੁਲਿਸ ਨੂੰ ਲਿਖਤੀ ਹੁਕਮ ਜਾਰੀ ਕੀਤੇ ਹਨ ਕਿ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਜੇਸੀਬੀ/ਪੋਕਲੇਨ/ਟਿੱਪਰਜ਼ ਸਮੇਤ ਹੋਰ ਖੁਦਾਈ ਵਾਲੀ ਮਸ਼ੀਨਰੀ ਨੂੰ ਜਾਣ ਤੋਂ ਰੋਕਿਆ ਜਾਵੇ ਕਿਉਂਕਿ ਇਨਪੁਟ ਮਿਲੀ ਹੈ ਕਿ ਇਸ ਮਸ਼ੀਨਰੀ ਨਾਲ ਹਰਿਆਣਾ ਪੁਲਿਸ ਵੱਲੋਂ ਲਗਾਏ ਬੈਰੀਕੇਡ ਉਖਾੜੇ ਜਾਣੇ ਹਨ ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ। ਸ਼ੰਭੂ ਬਾਰਡਰ 'ਤੇ ਪੁੱਜੀ ਪੋਕਲੇਨ ਮਸ਼ੀਨ ਨੂੰ ਵੀ ਹਟਾਉਣ ਲਈ ਕਿਹਾ ਹੈ।

### ਮੁੱਖ ਮੰਤਰੀ ਨੇ ਕੇਂਦਰ ਦੇ ਡਰਾਵਿਆਂ ਦਾ ਦਿੱਤਾ ਜਵਾਬ

# ਇਕ ਵਾਰ ਨਹੀਂ 100 ਵਾਰ ਲਾਉ ਰਾਸ਼ਟਰਪਤੀ ਰਾਜ ਪਰ ਪੰਜਾਬ ਦੇ ਨੌਜਵਾਨਾਂ ਨੂੰ ਮਰਨ ਨਹੀਂ ਦੇਵਾਂਗਾ : ਭਗਵੰਤ ਮਾਨ

### ਨੌਜਵਾਨ ਸ਼ੁਭਕਰਨ ਦੀ ਮੌਤ ਲਈ ਜ਼ਿੰਮੇਵਾਰ ਅਧਿਕਾਰੀਆਂ ਅਤੇ ਹੋਰ ਲੋਕਾਂ ਵਿਰੁੱਧ ਪਰਚਾ ਦਰਜ ਕਰਕੇ ਸਖ਼ਤ ਸਜ਼ਾ ਦਿਵਾਵਾਂਗੇ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਾਈਵ ਹੋ ਕੇ ਕਿਹਾ ਕਿ ਖਨੌਰੀ ਬਾਰਡਰ ’ਤੇ ਹੋਈ ਮੰਦਭਾਗੀ ਘਟਨਾ ਵਿਚ ਸ਼ਹੀਦ ਹੋਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦਿਆਂ ਕਿਹਾ ਕਿ ਉਹ ਉਸ ਨੂੰ ਵਾਪਸ ਤਾਂ ਨਹੀਂ ਲਿਆ ਸਕਦੇ, ਪਰ ਉਹ ਉਸ ਦੇ ਪਰਿਵਾਰ ਨਾਲ ਖੜ੍ਹੇ ਹਨ। ਉਹ ਉਸ ਦੇ ਪਰਿਵਾਰ ਨੂੰ ਹਰ ਤਰ੍ਹਾਂ ਦੀ ਆਰਥਿਕ ਤੇ ਹੋਰ ਤਰ੍ਹਾਂ ਦੀ ਮਦਦ ਕਰਨ ਲਈ ਉਨ੍ਹਾਂ ਨਾਲ ਖੜ੍ਹੇ ਹਨ। ਉਨ੍ਹਾਂ ਸ਼ੁਭਕਰਨ ਦੇ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਇਸ ਘਟਨਾ ਦੇ ਜ਼ਿੰਮੇਵਾਰ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣਗੇ। ਉਨ੍ਹਾਂ ਦੱਸਿਆ ਕਿ ਸ਼ੁਭਕਰਨ 2 ਕਿਲੇ ਜ਼ਮੀਨ ਦਾ ਮਾਲਕ ਸੀ, ਜੋ ਕਿ ਆਪਣੀ ਜ਼ਮੀਨ ਨੂੰ ਬਚਾਉਣ ਲਈ ਧਰਨੇ ’ਚ ਸ਼ਾਮਲ ਹੋਣ ਆਇਆ ਸੀ, ਨਾ ਕਿ ਸਿਰਫ਼ ਫੋਟੋਆਂ ਖਿਚਵਾਉਣ।



ਉਨ੍ਹਾਂ ਦੱਸਿਆ ਕਿ ਕੇਂਦਰ ਵਲੋਂ ਡਰਾਵੇ ਅਤੇ ਧਮਕੀਆਂ ਆ ਰਹੀਆਂ ਹਨ ਕਿ ਪੰਜਾਬ ’ਚ ਰਾਸ਼ਟਰਪਤੀ ਰਾਜ ਲਗਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਕ ਵਾਰ ਨਹੀਂ 100 ਵਾਰ ਲਾਉ ਰਾਸ਼ਟਰਪਤੀ ਰਾਜ ਪਰ ਮੈਂ ਪੰਜਾਬ ਦੇ ਨੌਜਵਾਨਾਂ ਨੂੰ ਮਰਨ ਨਹੀਂ ਦੇਵਾਂਗਾ। ਉਨ੍ਹਾਂ ਭਾਜਪਾ ਨੂੰ ਮਨੀਪੁਰ ਅਤੇ ਹਰਿਆਣਾ ਦੇ ਨੂਹ ਵਿਚ ਵਾਪਰੀਆਂ ਘਟਨਾਵਾਂ ਨੂੰ ਵੀ ਯਾਦ ਕਰਨ ਲਈ ਕਿਹਾ। ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਇਸ ਘਟਨਾ ਤੋਂ ਬਾਅਦ ਕੇਂਦਰ ਸਰਕਾਰ ਦੇ ਦਿਲ ਥੋੜ੍ਹਾ ਰਹਿਮ ਜਾਗੇਗਾ ਕਿ ਦੇਸ਼ ਦਾ ਕਿਸਾਨ ਇਸ ਸਮੇਂ ਕਿਸ ਤਰ੍ਹਾਂ ਦੀ ਸਥਿਤੀ ’ਚੋਂ ਗੁਜ਼ਰ ਰਿਹਾ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਕਿਸਾਨ ਕੇਂਦਰ ਸਰਕਾਰ ਤੋਂ ਮੰਗਾਂ ਮਨਵਾਉਣ ਲਈ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਲਈ ਦਿੱਲੀ ਵੱਲ ਜਾ ਰਹੇ ਹਨ, ਜਿਨ੍ਹਾਂ ਨੂੰ ਹਰਿਆਣਾ ਸਰਕਾਰ ਵਲੋਂ ਸ਼ੰਭੂ ਬਾਰਡਰ ’ਤੇ ਹੀ ਰੋਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸਿਰਫ਼ ਦਿੱਲੀ ਜਾਣ ਲਈ ਹਰਿਆਣਾ ਵਿਚੋਂ ਗੁਜ਼ਰ ਰਹੇ ਹਨ, ਪਰ ਪਤਾ ਨਹੀਂ ਉਹ ਕਿਉਂ ਹਰਿਆਣਾ ਸਰਕਾਰ ਕਿਸਾਨਾਂ ਨੂੰ ਰੋਕ ਰਹੀ ਹੈ?

# ਕਿਸਾਨਾਂ ਵੱਲੋਂ ਭਾਜਪਾ ਆਗੂਆਂ ਦੇ ਘਰਾਂ ਤੇ ਟੌਲ ਪਲਾਜ਼ਿਆਂ ਅੱਗੇ ਧਰਨੇ ਜਾਰੀ

### ਸੰਯੁਕਤ ਕਿਸਾਨ ਮੋਰਚਾ ਨੇ ਨੌਜਵਾਨ ਦੀ ਮੌਤ ਲਈ ਭਾਜਪਾ ਨੂੰ ਜ਼ਿੰਮੇਵਾਰ ਦੱਸਿਆ

ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ’ਤੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਤੇ ਹੋਰ ਕਿਸਾਨੀ ਮੰਗਾਂ ਮਨਵਾਉਣ ਲਈ ਸੂਬੇ ਵਿੱਚ 20 ਭਾਜਪਾ ਆਗੂਆਂ ਦੇ ਘਰਾਂ, 37 ਟੌਲ ਪਲਾਜ਼ਿਆਂ ਅਤੇ ਹੁਸ਼ਿਆਰਪੁਰ ਤੇ ਫਰੀਦਕੋਟ ਦੇ ਡਿਪਟੀ ਕਮਿਸ਼ਨਰ ਦਫਤਰਾਂ ਸਾਹਮਣੇ ਸ਼ੁਰੂ ਕੀਤੇ ਗਏ ਧਰਨੇ ਅੱਜ ਦੂਜੇ ਦਿਨ ਵੀ ਜਾਰੀ ਰਹੇ। ਇਸ ਦੌਰਾਨ ਵੱਡੀ ਗਿਣਤੀ ਕਿਸਾਨ ਬੀਬੀਆਂ, ਨੌਜਵਾਨਾਂ ਤੇ ਬਜ਼ੁਰਗਾਂ ਨੇ ਧਰਨਿਆਂ ਵਿੱਚ ਸ਼ਮੂਲੀਅਤ ਕਰ ਕੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਤੇ ਪੰਜਾਬ-ਹਰਿਆਣਾ ਦੀਆਂ ਹੱਦਾਂ ’ਤੇ ਕਿਸਾਨਾਂ ’ਤੇ ਢਾਹੇ ਜਾ ਰਹੇ ਜਬਰ ਦੀ ਨਿਖੇਧੀ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਮੋਰਚੇ ਵੱਲੋਂ ਭਲਕੇ 22 ਫਰਵਰੀ ਨੂੰ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਮੀਟਿੰਗ ਕਰ ਕੇ ਅੰਦੋਲਨ ਦੀ ਅਗਲੀ ਰੂਪ ਰੇਖਾ ਉਲੀਕੀ ਕੀਤੀ ਜਾਵੇਗੀ। ਇਸ ਦੌਰਾਨ ਉਨ੍ਹਾਂ ਖਨੌਰੀ ਵਿੱਚ ਕਿਸਾਨੀ ਘੋਲ ਦੌਰਾਨ ਨੌਜਵਾਨ ਸ਼ੁਭਕਰਨ ਸਿੰਘ ਦੀ ਹੋਈ ਮੌਤ ਲਈ ਭਾਜਪਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਦੇ ਨਾਲ ਹੀ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਪੀੜਤ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਬਲਬੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ, ਨਿਰਭੈ ਸਿੰਘ ਢੁੱਡੀਕੇ , ਡਾ. ਦਰਸ਼ਨਪਾਲ, ਹਰਮੀਤ ਸਿੰਘ ਕਾਦੀਆਂ, ਬਲਦੇਵ ਸਿੰਘ ਨਿਹਾਲਗੜ੍ਹ, ਬੂਟਾ ਸਿੰਘ ਬੁਰਜਗਿੱਲ, ਜੰਗਵੀਰ ਸਿੰਘ ਚੌਹਾਨ, ਬਲਵਿੰਦਰ ਸਿੰਘ ਮੱਲੀਨੰਗਲ, ਸਤਨਾਮ ਸਿੰਘ ਅਜਨਾਲਾ, ਮਨਜੀਤ ਸਿੰਘ ਧਨੇਰ, ਬਿੰਦਰ ਸਿੰਘ ਗੋਲੇਵਾਲਾ, ਰੁਲਦੂ ਸਿੰਘ ਮਾਨਸਾ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ ਤੇ ਹੋਰਾਂ ਨੇ ਸੰਬੋਧਨ ਕੀਤਾ।



ਪਟਿਆਲਾ : ਇੱਥੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵੱਲੋਂ ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ‘ਨਿਊ ਮੋਤੀ ਬਾਗ ਪੈਲੇਸ’ ਦੇ ਅੱਗੇ ਸ਼ੁਰੂ ਕੀਤਾ ਗਿਆ ਦਿਨ ਰਾਤ ਦਾ ਧਰਨਾ ਅੱਜ ਪੰਜਵੇਂ ਦਿਨ ਵੀ ਜਾਰੀ ਰਿਹਾ। ਇਹ ਧਰਨਾ ਕਿਸਾਨੀ ਮੰਗਾਂ ਦੀ ਪੂਰਤੀ ਲਈ ਦਿੱਲੀ ਜਾਂਦੇ ਕਿਸਾਨਾਂ ’ਤੇ ਪੰਜਾਬ ਹਰਿਆਣਾ ਦੀ ਹੱਦ ’ਤੇ ਤਸ਼ੱਦਦ ਢਾਹੁਣ ਖ਼ਿਲਾਫ਼ ਦਿੱਤਾ ਜਾ ਰਿਹਾ ਹੈ। ਧਰਨੇ ਨੂੰ ਜਗਤਾਰ ਕਾਲ਼ਾਝਾੜ, ਦਰਬਾਰਾ ਸਿੰਘ ਛਾਜਲਾ, ਮਾਸਟਰ ਬਲਰਾਜ ਜੋਸ਼ੀ, ਗੋਬਿੰਦਰ ਮੰਗਵਾਲ, ਸੁਖਵਿੰਦਰ ਬਾਰਨ, ਜਗਮੇਲ ਗਾਜੇਵਾਸ, ਭਰਭੂਰ ਗਾਜੇਵਾਸ ਨੇ ਸੰਬੋਧਨ ਕੀਤਾ। ਉਨ੍ਹਾਂ ਮੰਗ ਕੀਤੀ ਕਿ ਵਾਅਦੇ ਮੁਤਾਬਿਕ ਕੇਂਦਰ ਸਰਕਾਰ ਸਾਰੀਆਂ 23 ਫਸਲਾਂ ’ਤੇ ਐੱਮਐੱਸਪੀ ਯਕੀਨੀ ਬਣਾਵੇ।

ਸੰਗਰੂਰ : ਕਿਸਾਨ ਜਥੇਬੰਦੀਆਂ ਵੱਲੋਂ ਇੱਥੇ ਭਾਜਪਾ ਦੇ ਸੂਬਾ ਆਗੂ ਅਰਵਿੰਦ ਖੰਨਾ ਦੀ ਰਿਹਾਇਸ਼ ਅੱਗੇ ਤਿੰਨ ਰੋਜ਼ਾ ਪੱਕੇ ਮੋਰਚੇ ਦੇ ਦੂਜੇ ਦਿਨ ਵੀ ਕਿਸਾਨਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ ਕੇਂਦਰ ਅਤੇ ਹਰਿਆਣਾ ਸਰਕਾਰ ਨੂੰ ਤਾਨਾਸ਼ਾਹ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਸਰਕਾਰਾਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਦੇਸ਼ ਦੇ ਅੰਨਦਾਤੇ ਉਪਰ ਕੀਤੇ ਜਾ ਰਹੇ ਜਬਰ ਦਾ ਖਮਿਆਜ਼ਾ ਭੁਗਤਣਾ ਪਵੇਗਾ। ਇਸ ਦੌਰਾਨ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਹਰਦੇਵ ਸਿੰਘ ਬਖਸ਼ੀਵਾਲਾ, ਬੀਕੇਯੂ ਡਕੌਂਦਾ (ਬੁਰਜਗਿੱਲ) ਦੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਅਤੇ ਹੋਰ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਮਿਹਨਤਕਸ਼ ਲੋਕਾਂ ਨੂੰ ਗੁਜ਼ਾਰਾ ਕਰਨਾ ਮੁਸ਼ਕਲ ਹੋ ਗਿਆ ਹੈ।

# ਕਿਸਾਨਾਂ ’ਤੇ ਹੋ ਰਿਹਾ ਹਕੂਮਤੀ ਜ਼ਬਰ ਬੰਦ ਹੋਵੇ : ਸ੍ਰ. ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ









ਸ੍ਰ. ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਸ਼ੰਭੂ ਬਾਰਡਰ ’ਤੇ ਜ਼ਖ਼ਮੀ ਹੋਏ ਕਿਸਾਨਾਂ ਦਾ ਹਾਲ ਚਾਲ ਪੁੱਛਦੇ ਹੋਏ।

# ਕੇਂਦਰ ਵੱਲੋਂ ਪੰਜ ਫਸਲਾਂ ’ਤੇ ਐਮਐਸਪੀ ਦੇਣ ਦੀ ਪੇਸ਼ਕਸ਼

## ਕੇਂਦਰੀ ਵਜ਼ੀਰਾਂ ਅਤੇ ਕਿਸਾਨਾਂ ਵਿਚਾਲੇ ਚੌਥੇ ਗੇੜ ਦੀ ਗੱਲਬਾਤ



ਚੰਡੀਗੜ੍ਹ : ਕੇਂਦਰ ਸਰਕਾਰ ਦੀ ਤਿੰਨ ਮੈਂਬਰੀ ਟੀਮ ਅਤੇ ਕਿਸਾਨ ਜਥੇਬੰਦੀਆਂ ਵਿਚਾਲੇ ਚੌਥੇ ਗੇੜ ਦੀ ਹੋਈ ਬੈਠਕ ਵਿੱਚ ਕੇਂਦਰੀ ਵਜ਼ੀਰਾਂ ਨੇ ਅੱਜ ਕਿਸਾਨ ਆਗੂਆਂ ਨੂੰ ਪਹਿਲੀ ਵਾਰ ਪੇਸ਼ਕਸ਼ ਕੀਤੀ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਗੇੜ ’ਚੋਂ ਕੱਢਣ ਵਾਸਤੇ ਦਾਲਾਂ ਸਣੇ ਪੰਜ ਫਸਲਾਂ ’ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਗਾਰੰਟੀ ਦੇਵੇਗੀ। ਇਸ ਨਾਲ ਜਿੱਥੇ ਜ਼ਮੀਨੀ ਪਾਣੀ ਦੀ ਬੱਚਤ ਹੋਵੇਗੀ, ਉੱਥੇ ਹੀ ਪਰਾਲੀ ਤੋਂ ਪੈਦਾ ਹੋਣ ਵਾਲੇ ਹਵਾ ਪ੍ਰਦੂਸ਼ਣ ਨੂੰ ਵੀ ਠੱਲ੍ਹ ਪਵੇਗੀ। ਕਿਸਾਨਾਂ ਨੇ ਇਸ ਪੇਸ਼ਕਸ ’ਤੇ ਲੰਬਾ ਸਮਾਂ ਚਰਚਾ ਕੀਤੀ ਅਤੇ ਮੀਟਿੰਗ ਰਾਤ ਕਰੀਬ 12.30 ਵਜੇ ਮੁੜ ਸ਼ੁਰੂ ਹੋਈ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਪੇਸ਼ਕਸ਼ ਬਾਰੇ ਉਹ ਵਿਚਾਰ-ਚਰਚਾ ਕਰ ਕੇ ਕੋਈ ਫੈਸਲਾ ਲੈਣਗੇ। ਕਿਸਾਨਾਂ ਨੇ ਕਿਹਾ ਕਿ ਕੇਂਦਰ ਆਪਣੀ ਪੇਸ਼ਕਸ਼ ਬਾਰੇ ਲਿਖਤੀ ਭਰੋਸਾ ਦੇਵੇ ਜਦਕਿ ਕੇਂਦਰੀ ਮੰਤਰੀਆਂ ਨੇ ਕਿਸਾਨਾਂ ਅੱਗੇ ਪਹਿਲਾਂ ਆਪਣਾ ਅੰਦੋਲਨ ਖ਼ਤਮ ਕਰਨ ਦੀ ਸ਼ਰਤ ਰੱਖੀ।

ਕੇਂਦਰੀ ਮੰਤਰੀਆਂ ਪਿਊਸ਼ ਗੋਇਲ, ਮੰਤਰੀ ਅਰਜੁਨ ਮੁੰਡਾ ਅਤੇ ਨਿੱਤਿਆ ਨੰਦ ਰਾਏ ਅੱਜ ਚੌਥੀ ਮੀਟਿੰਗ ਲਈ ਚੰਡੀਗੜ੍ਹ ਪੁੱਜੇ ਅਤੇ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸ਼ਮੂਲੀਅਤ ਕੀਤੀ। ‘ਦਿੱਲੀ ਕੂਚ’ ਪ੍ਰੋਗਰਾਮ ਤਹਿਤ ਕਿਸਾਨ ਸੰਘਰਸ਼ ਦਾ ਅੱਜ ਛੇਵਾਂ ਦਿਨ ਸੀ। ਸੰਘਰਸ਼ ਸ਼ੁਰੂ ਹੋਣ ਤੋਂ ਪਹਿਲਾਂ ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ। ਸੂਤਰਾਂ ਅਨੁਸਾਰ ਕੇਂਦਰੀ ਵਜ਼ੀਰਾਂ ਨੇ ਨਵੇਂ ਫਾਰਮੂਲੇ ਬਾਰੇ ਦੱਸਿਆ ਕਿ ਜੇਕਰ ਕਿਸਾਨ ਫਸਲੀ ਵਿਭਿੰਨਤਾ ਤਹਿਤ ਮੱਕੀ ਤੋਂ ਇਲਾਵਾ ਦਾਲਾਂ (ਕੁੱਲ ਪੰਜ ਫਸਲਾਂ) ਦੀ ਕਾਸ਼ਤ ਕਰਨਗੇ ਤਾਂ ਉਨ੍ਹਾਂ ਦਾ ਸਿੱਧਾ ਕੇਂਦਰੀ ਏਜੰਸੀ ਨੈਸ਼ਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਆਫ ਇੰਡੀਆ (ਨੈਫੇਡ) ਅਤੇ ਨੈਸ਼ਨਲ ਕੋਆਪਰੇਟਿਵ ਕੰਜ਼ਿਊਮਰਜ਼ ਫੈਡਰੇਸ਼ਨ ਆਫ ਇੰਡੀਆ (ਐੱਨਸੀਸੀਐੱਫ) ਨਾਲ ਪੰਜ ਵਰ੍ ?ਆਂ ਲਈ ਐੱਮਐੱਸਪੀ ’ਤੇ ਫਸਲ ਖਰੀਦਣ ਦਾ ਲਿਖਤੀ ਇਕਰਾਰਨਾਮਾ ਕਰਾਇਆ ਜਾਵੇਗਾ।

ਕੇਂਦਰ ਸਰਕਾਰ ਨੇ ਆਗਾਮੀ ਚੋਣਾਂ ਅਤੇ ਕਿਸਾਨੀ ਘੋਲ ਦੇ ਪਸਾਰ ਦੇ ਡਰੋਂ ਅੱਜ ਆਪਣੇ ਕਦਮ ਅੱਗੇ ਵਧਾਏ ਹਨ। ਚੇਤੇ ਰਹੇ ਕਿ ਲੰਘੇ ਸੀਜ਼ਨਾਂ ਵਿੱਚ ਪੰਜਾਬ ਵਿਚ ਨਰਮੇ ਕਪਾਹ ਦੀ ਫਸਲ ਤੋਂ ਇਲਾਵਾ ਮੱਕੀ ਦੀ ਫਸਲ ਵੀ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਵਿਕੀ ਹੈ। ਮੀਟਿੰਗ ਵਿਚ ਅੱਜ ਜਦੋਂ ਵਜ਼ੀਰਾਂ ਨੇ ਹੋਰਨਾਂ ਫਸਲਾਂ ’ਤੇ ਐੱਮਐੱਸਪੀ ਦੀ ਗਾਰੰਟੀ ਦੇਣ ਦੀ ਤਜਵੀਜ਼ ਪੇਸ਼ ਕੀਤੀ ਤਾਂ ਕਿਸਾਨ ਆਗੂਆਂ ਨੇ ਇਸ ਬਾਰੇ ਹਾਲੇ ਸੰਘਰਸ਼ੀ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਗੱਲ ਆਖ ਦਿੱਤੀ। ਲੰਬਾ ਸਮਾਂ ਮੀਟਿੰਗ ਰੁਕੀ ਰਹੀ ਅਤੇ ਕੇਂਦਰੀ ਵਜ਼ੀਰਾਂ ਨੇ ਵੀ ਦਿੱਲੀ ਵਿੱਚ ਕੁੱਝ ਆਗੂਆਂ ਨਾਲ ਫੋਨ ’ਤੇ ਗੱਲ ਕੀਤੀ। ਕੇਂਦਰੀ ਟੀਮ ਦੇ ਨਾਲ ਅੱਜ ਕੇਂਦਰੀ ਖੇਤੀ ਮੰਤਰਾਲੇ ਦੇ ਸਕੱਤਰ ਵੀ ਆਏ ਹੋਏ ਸਨ ਤਾਂ ਜੋ ਕਿਸਾਨਾਂ ਨੂੰ ਫੌਰੀ ਲਿਖਤੀ ਸਮਝੌਤਾ ਦਿੱਤਾ ਜਾ ਸਕੇ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਟੀਮ ’ਤੇ ਦਬਾਓ ਬਣਾਇਆ ਕਿ ਅੱਜ ਦੀ ਬੈਠਕ ਵਿਚ ਬਾਕੀ ਫਸਲਾਂ ’ਤੇ ਐੱਮਐੱਸਪੀ ਦੀ ਗਾਰੰਟੀ ਬਾਰੇ ਫੈਸਲਾ ਲਿਆ ਜਾਵੇ। ਅੱਜ ਮੀਟਿੰਗ ਵਿੱਚ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੀ ਮੌਜੂਦ ਸਨ ਅਤੇ ਮੀਟਿੰਗ ਸ਼ੁਰੂ ਹੋਣ ਸਮੇਂ ਸਭ ਤੋਂ ਪਹਿਲਾਂ ਸ਼ੰਭੂ ਬਾਰਡਰ ’ਤੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਦੇ ਮੂੰਹ ਜਾ ਪਏ ਕਿਸਾਨ ਗਿਆਨ ਸਿੰਘ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮਗਰੋਂ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੇ ਮੁੱਦੇ ’ਤੇ ਪਾਰਲੀਮੈਂਟ ਵਿੱਚ ਸਾਲ 2010 ਵਿੱਚ ਲੱਗੇ ਇੱਕ ਸਵਾਲ ਦੇ ਹਵਾਲੇ ਨਾਲ ਕਿਹਾ ਕਿ ਯੂਪੀਏ ਸਰਕਾਰ ਨੇ ਇਸ ਰਿਪੋਰਟ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਵਿਸ਼ਵ ਵਪਾਰ ਸੰਸਥਾ ਬਾਰੇ ਉਠਾਏ ਨੁਕਤੇ ’ਤੇ ਕੇਂਦਰੀ ਵਜ਼ੀਰਾਂ ਨੇ ਕਿਹਾ ਕਿ ਭਾਰਤ ਸਰਕਾਰ ਸਾਲ 2015 ਵਿੱਚ ਹੀ ਡਬਲਿਊਟੀਓ ਵਿਚ ‘ਪੀਸ ਕਲਾਜ਼’ ਨੂੰ ਦਰਜ ਕਰਵਾ ਚੁੱਕੀ ਹੈ ਜਿਸ ਤਹਿਤ ਕੋਈ ਵੀ ਮੁਲਕ ਬਰਾਮਦ ਦੌਰਾਨ ਐੱਮਐਸਪੀ ਦੇ ਮੁੱਦੇ ਨੂੰ ਛੇੜ ਨਹੀਂ ਸਕੇਗਾ। ਅੱਜ ਮੀਟਿੰਗ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਜਗਜੀਤ ਸਿੰਘ ਡੱਲੇਵਾਲ, ਸਰਵਨ ਸਿੰਘ ਪੰਧੇਰ, ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ, ਅਮਰਜੀਤ ਸਿੰਘ, ਅਭਿਮੰਨਿਊ ਕੋਹਾੜ, ਰਮਨਦੀਪ ਸਿੰਘ ਮਾਨ, ਗੁਰਦਾਸ ਸਿੰਘ, ਮਨਿੰਦਰ ਸਿੰਘ, ਉਂਕਾਰ ਸਿੰਘ, ਮਲਕੀਤ ਸਿੰਘ ਅਤੇ ਸੁਖਦੇਵ ਸਿੰਘ ਆਦਿ ਹਾਜ਼ਰ ਸਨ। ਕੇਂਦਰੀ ਵਜ਼ੀਰਾਂ ਨੇ ਪਹਿਲਾਂ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਦੇ ਵਿਚਾਰ ਜਾਣੇ ਪ੍ਰੰਤੂ ਕਿਸਾਨ ਆਗੂਆਂ ਨੇ ਸਪੱਸ਼ਟ ਤੌਰ ’ਤੇ ਆਪਣਾ ਸਟੈਂਡ ਦੁਹਰਾਇਆ। ਹੁਣ ਤੱਕ ਇਹ ਸਕਾਰਾਤਮਕ ਕਦਮ ਰਿਹਾ ਹੈ ਕਿ ਕੋਈ ਵੀ ਧਿਰ ਗੱਲਬਾਤ ਤੋਂ ਪਿੱਛੇ ਨਹੀਂ ਹਟੀ ਹੈ। ਅੱਜ ਚੌਥੇ ਗੇੜ ਦੀ ਮੀਟਿੰਗ ਵਿੱਚ ਜਿੱਥੇ ਕੇਂਦਰੀ ਵਜ਼ੀਰ ਇੱਕ ਨਵੇਂ ਫਾਰਮੂਲੇ ਨਾਲ ਆਏ ਉੱਥੇ ਹੀ ਕਿਸਾਨ ਆਗੂ ਮਾਨਸਿਕ ਤੌਰ ’ਤੇ ਅੱਜ ਸ਼ੰਭੂ ਅਤੇ ਖਨੌਰੀ ਹੱਦ ’ਤੇ ਚੱਲ ਰਹੇ ਸੰਘਰਸ਼ ਦੇ ਦਬਾਅ ਹੇਠ ਨਜ਼ਰ ਆਏ। ਅੱਜ ਬੈਠਕ ਵਿੱਚ ਕਿਸਾਨ ਆਗੂਆਂ ਨੇ ਪ੍ਰਭਾਵ ਦਿੱਤਾ ਕਿ ਉਹ ਕੁੱਝ ਹਾਸਲ ਕੀਤੇ ਬਿਨਾਂ ਸੰਘਰਸ਼ ਤੋਂ ਪਿੱਛੇ ਨਹੀਂ ਹਟਣਗੇ। ਪੰਜਾਬ ਤੇ ਹਰਿਆਣਾ ਦੀ ਹੱਦ ’ਤੇ ਬੈਠੇ ਕਿਸਾਨਾਂ ਨੂੰ ਹੋਰ ਲੰਬਾ ਸਮਾਂ ਸ਼ੰਭੂ ਅਤੇ ਖਨੌਰੀ ਹੱਦ ’ਤੇ ਟਿਕਾ ਕੇ ਰੱਖਣਾ ਕਿਸਾਨ ਆਗੂਆਂ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਹੱਦ ’ਤੇ ਜਥੇਬੰਦੀਆਂ ਦੇ ਵਰਕਰ ਤਾਂ ਸੰਜਮ ਦਿਖਾ ਰਹੇ ਹਨ ਪ੍ਰੰਤੂ ਆਪਮੁਹਾਰੇ ਪਹੁੰਚੇ ਲੋਕ ‘ਦਿੱਲੀ ਕੂਚ’ ਲਈ ਕਾਹਲੇ ਪਏ ਹਨ। ਕਿਸਾਨ ਆਗੂ ਇਸ ਗੱਲੋਂ ਮੁਸਤੈਦ ਜਾਪਦੇ ਹਨ ਕਿ ਕੇਂਦਰੀ ਹਕੂਮਤ ਕਿਤੇ ਸੰਘਰਸ਼ ਨੂੰ ਤਾਰਪੀਡੋ ਕਰਨ ਵਾਸਤੇ ਨਵੀਆਂ ਚਾਲਾਂ ਨਾ ਚੱਲ ਦੇਵੇ ਜਿਸ ਕਰ ਕੇ ਸੂਬਿਆਂ ਦੀਆਂ ਹੱਦਾਂ ’ਤੇ ਵਾਲੰਟੀਅਰਾਂ ਨੂੰ ਤਿੱਖੀ ਨਜ਼ਰ ਰੱਖਣ ਲਈ ਕਿਹਾ ਗਿਆ ਹੈ। ਕੇਂਦਰੀ ਵਜ਼ੀਰਾਂ ਨੇ ਪਿਛਲੀ ਮੀਟਿੰਗ ਵਿੱਚ ਫਸਲੀ ਭਾਅ ’ਤੇ ਕਾਨੂੰਨੀ ਗਾਰੰਟੀ ਦੇਣ ਵਾਸਤੇ ਕੇਂਦਰੀ ਖੇਤੀ ਮੰਤਰੀ ਦੀ ਅਗਵਾਈ ਵਿੱਚ ਉੱਚ ਪੱਧਰੀ ਕਮੇਟੀ ਬਣਾਉਣ ਦੀ ਪੇਸ਼ਕਸ਼ ਕੀਤੀ ਸੀ ਪ੍ਰੰਤੂ ਕਿਸਾਨ ਜਥੇਬੰਦੀਆਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ। ਸ਼ੰਭੂ ਅਤੇ ਖਨੌਰੀ ਬਾਰਡਰ ’ਤੇ ਅੱਜ ਅੱਥਰੂ ਗੈਸ ਦੇ ਗੋਲੇ ਸੁੱਟਣ ਦੀ ਕਾਰਵਾਈ ਬੰਦ ਰਹੀ ਅਤੇ ਕਿਸਾਨਾਂ ਨੇ ਵੀ ਸਾਰਾ ਦਿਨ ਚੌਥੇ ਗੇੜ ਦੀ ਮੀਟਿੰਗ ’ਚੋਂ ਕੁੱਝ ਸੁਖਾਵਾਂ ਹੱਲ ਨਿਕਲਣ ਦੀ ਆਸ ਨਾਲ ਸ਼ਾਂਤੀ ਬਣਾਈ ਰੱਖੀ। ਦੋਹਾਂ ਹੱਦਾਂ ’ਤੇ ਆਮ ਲੋਕਾਂ ਦੀ ਆਮਦ ਜਾਰੀ ਰਹੀ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਅੱਜ ਮੀਟਿੰਗ ਲਈ ਰਵਾਨਾ ਹੋਣ ਤੋਂ ਪਹਿਲਾਂ ਕਿਹਾ ਕਿ ਕੇਂਦਰ ਸਰਕਾਰ ਟਾਲ-ਮਟੋਲ ਵਾਲੀ ਨੀਤੀ ਅਖਤਿਆਰ ਨਾ ਕਰੇ ਕਿਉਂਕਿ ਕਿਸਾਨ ਵਾਪਸ ਜਾਣ ਵਾਲੇ ਨਹੀਂ ਹਨ ਅਤੇ ਚੋਣ ਜ਼ਾਬਤੇ ਤੋਂ ਪਹਿਲਾਂ ਮੰਗਾਂ ਦਾ ਹੱਲ ਕੀਤਾ ਜਾਵੇ। ਸੰਯੁਕਤ ਕਿਸਾਨ ਮੋਰਚਾ ਨੇ ਅੱਜ ਲੁਧਿਆਣਾ ਵਿੱਚ ਮੀਟਿੰਗ ਕਰ ਕੇ ਤਿੰਨ ਦਿਨਾਂ ਦਾ ਸੰਘਰਸ਼ ਐਲਾਨ ਦਿੱਤਾ ਹੈ। ਮੋਰਚੇ ਵੱਲੋਂ 20 ਤੋਂ 22 ਫਰਵਰੀ ਤੱਕ ਸਾਰੇ ਟੋਲ ਪਲਾਜ਼ਾ ‘ਪਰਚੀ ਮੁਕਤ’ ਕੀਤੇ ਜਾਣਗੇ ਅਤੇ ਇਨ੍ਹਾਂ ਤਿੰਨ ਦਿਨਾਂ ਦੌਰਾਨ ਭਾਜਪਾ ਦੇ ਸਾਰੇ ਆਗੂਆਂ ਦੇ ਘਰਾਂ ਅੱਗੇ ਕਿਸਾਨ ਦਿਨ-ਰਾਤ ਦਾ ਮੋਰਚਾ ਲਾਉਣਗੇ। ਸੰਯੁਕਤ ਕਿਸਾਨ ਮੋਰਚਾ ਨੇ ਅਗਲੀ ਰਣਨੀਤੀ ਲਈ 22 ਫਰਵਰੀ ਨੂੰ ਮੀਟਿੰਗ ਰੱਖ ਲਈ ਹੈ। ਇਸੇ ਤਰ੍ਹਾਂ ਬੀਕੇਯੂ (ਉਗਰਾਹਾਂ) ਨੇ ਵੀ 22 ਫਰਵਰੀ ਤੱਕ ਭਾਜਪਾ ਆਗੂਆਂ ਦੇ ਘਰਾਂ ਦੇ ਬਾਹਰ ਧਰਨੇ ਜਾਰੀ ਰੱਖਣ ਦਾ ਫੈਸਲਾ ਲਿਆ ਹੈ।

# ਕਿਸਾਨੀ ਮੰਗਾਂ: ਰੱਖੜਾ ਭਰਾਵਾਂ ਵੱਲੋਂ ਗ੍ਰਹਿ ਮੰਤਰੀ ਨਾਲ ਮੁਲਾਕਾਤ

### ਕੇਂਦਰੀ ਮੰਤਰੀ ਨੇ ਹਾਂ-ਪੱਖੀ ਹੁੰਗਾਰਾ ਭਰਿਆ: ਸੁਰਜੀਤ ਰੱਖੜਾ



ਪਟਿਆਲਾ : ਉੱਘੇ ਸਮਾਜ ਸੇਵੀ ਐੱਨਆਰਆਈ ਦਰਸ਼ਨ ਸਿੰਘ ਧਾਲੀਵਾਲ ਨੇ ਅੱਜ ਕਿਸਾਨੀ ਮੰਗਾਂ ਦੇ ਹੱਲ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਅਮਰੀਕਾ ਜਾਣ ਤੋਂ ਕੁਝ ਘੰਟੇ ਪਹਿਲਾਂ ਕੀਤੀ ਗਈ ਇਸ ਮੁਲਾਕਾਤ ਦੌਰਾਨ ਉਨ੍ਹਾਂ ਦੇ ਛੋਟੇ ਭਰਾ ਸੁਰਜੀਤ ਸਿੰਘ ਰੱਖੜਾ (ਸਾਬਕਾ ਅਕਾਲੀ ਮੰਤਰੀ) ਤੇ ਚਰਨਜੀਤ ਧਾਲੀਵਾਲ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਸਿਆਸੀ ਪੱਧਰ ’ਤੇ ਅਕਾਲੀ ਦਲ ਨਾਲ ਸਬੰਧ ਰੱਖਣ ਵਾਲੇ ਇਸ ਪਰਿਵਾਰ ਦੇ ਕੇਂਦਰੀ ਮੰਤਰੀ ਅਮਿਤ ਸ਼ਾਹ ਨਾਲ ਨਜ਼ਦੀਕੀ ਸਬੰਧ ਹਨ। ਇਸ ਮੁਲਾਕਾਤ ਦੌਰਾਨ ਰੱਖੜਾ ਭਰਾਵਾਂ ਨੇ ਕੇਂਦਰੀ ਮੰਤਰੀ ’ਤੇ ਕਿਸਾਨਾਂ ਦੀਆਂ ਮੰਗਾਂ ਮੰਨਣਾ ਯਕੀਨੀ ਬਣਾਉਣ ’ਤੇ ਜ਼ੋਰ ਦਿੱਤਾ। ਸਾਬਕਾ ਮੰਤਰੀ ਸੁਰਜੀਤ ਰੱਖੜਾ ਨੇ ਦੱਸਿਆ ਉਨ੍ਹਾਂ ਕੇਂਦਰੀ ਮੰਤਰੀ ਨਾਲ ਚੱਲੀ ਆ ਰਹੀ ਆਪਸੀ ਸਾਂਝ ਦਾ ਵਾਸਤਾ ਪਾਉਂਦਿਆਂ ਕਿਸਾਨਾਂ ਦੀਆਂ ਮੰਗਾਂ ਦੀ ਪੂਰਤੀ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਅਕਾਲੀ ਆਗੂ ਨੇ ਦੱਸਿਆ ਕਿ ਗੱਲਬਾਤ ਦੌਰਾਨ ਗ੍ਰਹਿ ਮੰਤਰੀ ਨੇ ਹਾਂ ਪੱਖੀ ਰਵੱਈਆ ਰੱਖਦਿਆਂ ਕਿਹਾ ਕਿ ਕੇਂਦਰ ਸਰਕਾਰ ਅਤੇ ਭਾਜਪਾ ਕਿਸਾਨਾਂ ਦਾ ਬਹੁਤ ਸਤਿਕਾਰ ਕਰਦੀ ਹੈ ਅਤੇ ਕਿਸਾਨਾਂ ਦੇ ਸਮੁੱਚੇ ਮਸਲਿਆਂ ਦਾ ਸਥਾਈ ਹੱਲ ਲੱਭਣ ਲਈ ਯਤਨਸ਼ੀਲ ਹੈ ਪਰ ਤਕਨੀਕੀ ਕਾਰਨਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਗੌਰਤਲਬ ਹੈ ਕਿ ਪਿਛਲੀ ਵਾਰ ਦਿੱਲੀ ਦੀਆਂ ਬਰੂਹਾਂ ’ਤੇ ਚੱਲੇ ਕਿਸਾਨ ਅੰਦੋਲਨ ਦੌਰਾਨ ਵੀ ਦਰਸ਼ਨ ਧਾਲੀਵਾਲ ਨੇ ਸਾਲ ਭਰ ਲੰਗਰ ਲਾ ਕੇ ਰੱਖੇ ਸਨ ਜਿਸ ਕਾਰਨ ਕੇਂਦਰ ਸਰਕਾਰ ਨੇ ਖ਼ਫ਼ਾ ਹੋ ਕੇ ਇੱਕ ਵਾਰ ਅਮਰੀਕਾ ਤੋਂ ਭਾਰਤ ਆਏ ਦਰਸ਼ਨ ਧਾਲੀਵਾਲ ਨੂੰ ਦਿੱਲੀ ਹਵਾਈ ਅੱਡੇ ਤੋਂ ਹੀ ਵਾਪਸ ਭੇਜ ਦਿੱਤਾ ਸੀ। ਬਾਅਦ ਵਿੱਚ ਕੇਂਦਰ ਸਰਕਾਰ ਵੱਲੋਂ ਦਰਸ਼ਨ ਧਾਲੀਵਾਲ ਨੂੰ ‘ਸਰਵੋਤਮ ਪਰਵਾਸੀ ਭਾਰਤੀ’ ਕੌਮਾਂਤਰੀ ਪੱਧਰ ਦਾ ਐਵਾਰਡ ਵੀ ਦਿੱਤਾ ਗਿਆ ਹੈ।

# ਹਰਿਆਣਾ ਦੇ ਕਿਸਾਨਾਂ ਅਤੇ ਖਾਪ ਪੰਚਾਇਤਾਂ ਵੱਲੋਂ ਕਿਸਾਨੀ ਸੰਘਰਸ਼ ਦਾ ਸਮਰਥਨ

### ਕੁਰੂਕਸ਼ੇਤਰ ਵਿੱਚ ਕਿਸਾਨ ਜਥੇਬੰਦੀਆਂ ਤੇ ਖਾਪ ਪੰਚਾਇਤਾਂ ਦੀ ਮੀਟਿੰਗ; ਸਾਰੀਆਂ ਜਥੇਬੰਦੀਆਂ ਵੱਲੋਂ ਸਾਂਝਾ ਸੰਘਰਸ਼ ਵਿੱਢਣ ਦਾ ਫੈਸਲਾ




ਚੰਡੀਗੜ੍ਹ : ਹਰਿਆਣਾ ਸਰਕਾਰ ਵੱਲੋਂ ਕਿਸਾਨੀ ਮੰਗਾਂ ਲਈ ਕਿਸਾਨਾਂ ਨੂੰ ਦਿੱਲੀ ਕੂਚ ਕਰਨ ਤੋਂ ਰੋਕਣ ਲਈ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ ’ਤੇ ਲਗਾਈਆਂ ਗਈਆਂ ਰੋਕਾਂ ਅਤੇ ਪੁਲੀਸ ਵੱਲੋਂ ਅੱਥਰੂ ਗੈਸ ਦੇ ਗੋਲੇ ਸੁੱਟਣ ਤੇ ਹੋਰ ਤਸ਼ੱਦਦ ਕਰਨ ਤੋਂ ਬਾਅਦ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਤੇ ਖਾਪ ਪੰਚਾਇਤਾਂ ਵੀ ਕਿਸਾਨ ਅੰਦੋਲਨ ਦੀ ਹਮਾਇਤ ਵਿੱਚ ਆ ਗਈਆਂ ਹਨ।

ਹਰਿਆਣਾ ਦੇ ਕੁਰੂਕਸ਼ੇਤਰ ਵਿਖੇ ਬ੍ਰਹਮਸਰੋਵਰ ਪਾਰਕ ਵਿੱਚ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੀ ਅਗਵਾਈ ਹੇਠ ਦੋ ਦਰਜਨ ਦੇ ਕਰੀਬ ਕਿਸਾਨ ਜਥੇਬੰਦੀਆਂ, ਖਾਪ ਪੰਚਾਇਤਾਂ ਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਗੁਰਨਾਮ ਸਿੰਘ ਚੜੂਨੀ, ਰਾਕੇਸ਼ ਬੈਂਸ, ਓਪਬੀ ਧਨਖੜ, ਵਰਿੰਦਰ ਹੁੱਡਾ, ਪ੍ਰਦੀਪ ਹੁੱਡਾ ਤੇ ਦੀਦਾਰ ਸਿੰਘ ਨਲਵੀ ਸਣੇ ਕਿਸਾਨ ਆਗੂਆਂ ਨੇ ਹਰਿਆਣਾ ਪੁਲੀਸ ਵੱਲੋਂ ਕਿਸਾਨਾਂ ’ਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਤੇ ਹੋਰਨਾਂ ਰੋਕਾਂ ਲਗਾਉਣ ਵਰਗੀਆਂ ਗਤੀਵੀਧੀਆਂ ਦੀ ਨਿਖੇਧੀ ਕੀਤੀ। ਸ੍ਰੀ ਚੜੂਨੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਸਮੇਂ ਕਿਸਾਨਾਂ ਦੀਆਂ ਮੰਗਾਂ ਲਿਖਤੀ ਰੂਪ ਵਿੱਚ ਮੰਨੀਆਂ ਸਨ, ਪਰ ਦੋ ਸਾਲ ਬੀਤਣ ਮਗਰੋਂ ਵੀ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦਾ ਅੰਨਦਾਤਾ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਵਿਖੇ ਮੁੜ ਤੋਂ ਸੰਘਰਸ਼ ਸ਼ੁਰੂ ਕਰਨ ਲਈ ਵੱਧ ਰਿਹਾ ਹੈ ਤਾਂ ਹਰਿਆਣਾ ਪੁਲੀਸ ਵੱਲੋਂ ਵੱਡੀਆਂ-ਵੱਡੀਆਂ ਰੋਕਾਂ ਲਗਾ ਕੇ ਕਿਸਾਨਾਂ ਨੂੰ ਰੋਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਪੁਲੀਸ ਨੇ 6 ਦਿਨਾਂ ਵਿੱਚ ਹਜ਼ਾਰਾਂ ਅੱਥਰੂ ਗੈਸ ਦੇ ਗੋਲੇ ਕਿਸਾਨਾਂ ’ਤੇ ਸੁੱਟ ਦਿੱਤੇ ਹਨ, ਜਿਸ ਕਰਕੇ ਸੈਂਕੜੇ ਕਿਸਾਨ ਜ਼ਖ਼ਮੀ ਹੋ ਚੁੱਕੇ ਹਨ। ਹਰਿਆਣਾ ਪੁਲੀਸ ਦੀ ਅਜਿਹੀ ਕਾਰਵਾਈ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਸਾਨ ਆਗੂ ਰਾਕੇਸ਼ ਬੈਂਸ ਨੇ ਕਿਹਾ ਕਿ ਅੱਜ ਮੀਟਿੰਗ ਵਿੱਚ ਪਹੁੰਚੀਆਂ ਦੋ ਦਰਜਨ ਦੇ ਕਰੀਬ ਕਿਸਾਨ ਜਥੇਬੰਦੀਆਂ, ਖਾਪ ਪੰਚਾਇਤਾਂ ਤੇ ਹੋਰਨਾਂ ਸਮਾਜ ਸੇਵੀ ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਉਹ ਸਾਂਝੇ ਤੌਰ ’ਤੇ ਕਿਸਾਨ ਸੰਘਰਸ਼ ਵਿੱਚ ਸ਼ਾਮਲ ਹੋਣਗੀਆਂ। ਇਸ ਦੇ ਨਾਲ ਹੀ ਸਾਰਿਆਂ ਨੇ 22 ਫਰਵਰੀ ਨੂੰ ਈਵੀਐੱਮ ਦੇ ਖ਼ਿਲਾਫ਼ ਸੁਪਰੀਮ ਕੋਰਟ ਦੇ ਵਕੀਲਾਂ ਵੱਲੋਂ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਦੀ ਹਮਾਇਤ ਕਰਨ ਦਾ ਵੀ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਤੇ ਕੇਂਦਰ ਸਰਕਾਰ ਦੇ ਮੰਤਰੀਆਂ ਵਿਚਕਾਰ ਹੋਣ ਵਾਲੀ ਮੀਟਿੰਗ ਦੇ ਫੈਸਲੇ ਮਗਰੋਂ ਅੰਦੋਲਨ ਦੀ ਅਗਲੀ ਰੂਪ ਰੇਖਾ ਉਲੀਕੀ ਜਾਵੇਗੀ।

# ਅਮਰੀਕਾ ਸਿੱਖਾਂ ਦੇ ਹੱਕ ਅਤੇ ਸੁਰੱਖਿਆ 'ਚ ਚਟਾਨ ਵਾਂਗ ਖੜ੍ਹਾ

## ਦੁਨੀਆ ਦੇ ਵੱਡੇ ਸਿੱਖ ਆਗੂਆਂ ਦੇ ਕਤਲ ਅਤੇ ਉਨ੍ਹਾਂ ਉਪਰ ਹਮਲੇ ਪ੍ਰਤੀ ਅਮਰੀਕਨ ਸਿੱਖ ਕਾਕਸ ਕਮੇਟੀ ਅਤੇ ਅਮਰੀਕਨ ਸਿੱਖ ਕਾਂਗਰੇਸ਼ਨਲ ਵੱਲੋਂ ਅੰਤਰਰਾਸ਼ਟਰੀ ਦਮਨ ਦੇ ਮੁੱਦੇ 'ਤੇ ਆਯੋਜਨ


Dr. Pritpal Singh
Coordinator AGPC


Congressman David Valadao


Yadwinder Singh
Sikh Leader New York


Dr Iqtidar Cheema Member United Nations Global steering Committee, Director of a HEI


Congresswoman Mary Gay Scanlon


Harjinder Singh, Dr Pritpal Singh, Congressman Pete Sessions

ਵਾਸ਼ਿੰਗਟਨ : ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਟਰਾਂਸਨੈਸ਼ਨਲ ਰਿਪਰੈਸ਼ਨ ਦੇ ਮੁੱਦੇ 'ਤੇ ਕਾਂਗਰੇਸ਼ਨਲ ਬਰੀਫਿੰਗ ਹੋਈ। ਇਸ ਬਰੀਫਿੰਗ ਦਾ ਪ੍ਰਬੰਧ ਅਮਰੀਕਨ ਸਿੱਖ ਕਾਕਸ ਕਮੇਟੀ ਅਤੇ ਅਮਰੀਕਨ ਸਿੱਖ ਕਾਂਗਰੇਸ਼ਨਲ ਕਾਕਸ ਵੱਲੋਂ ਕੀਤਾ ਗਿਆ ਸੀ। ਇਸ ਬਾਰੇ ਜਾਣਕਾਰੀ ਦਿੰਦਿਆਂ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਪਿਛਲੇ ਸਮੇਂ ਤੋਂ ਭਾਰਤ ਸਰਕਾਰ ਵੱਲੋਂ ਸਿੱਖਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਨੂੰ ਮੁੱਖ ਰੱਖਦਿਆਂ ਇਹ ਬਰੀਫਿੰਗ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਭਾਵੇਂ ਇਹ ਪ੍ਰੋਗਰਾਮ ਟਰਾਂਸਨੈਸ਼ਨਲ ਰਿਪਰੈਸ਼ਨ ਮੁੱਦੇ 'ਤੇ ਸੀ, ਜਿਸ ਵਿਚ ਰੂਸ, ਚੀਨ ਅਤੇ ਹੋਰ ਦੇਸ਼ਾਂ 'ਤੇ ਵੀ ਚਰਚਾ ਹੋਈ, ਪਰ ਭਾਰਤ 'ਤੇ ਜ਼ਿਆਦਾ ਫੋਕਸ ਸੀ।

ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਭਾਰਤ ਵੱਲੋਂ ਸਿੱਖਾਂ 'ਤੇ ਹੋ ਰਹੀਆਂ ਜ਼ਿਆਦਤੀਆਂ, ਜਿਵੇਂ ਕਿ ਗੁਰਪਤਵੰਤ ਸਿੰਘ ਪਨੂੰ 'ਤੇ ਹਮਲੇ ਦੀ ਸਾਜ਼ਿਸ਼, ਹਰਦੀਪ ਸਿੰਘ ਨਿੱਜਰ ਦਾ ਕਤਲ ਅਤੇ ਅਮਰੀਕਾ ਵਿਚ ਕੁੱਝ ਹੋਰ ਚੋਣਵੇਂ ਸਿੱਖ ਆਗੂਆਂ ਨੂੰ ਨਿਸ਼ਾਨੇ 'ਤੇ ਲੈ ਕੇ ਵਾਰਦਾਤ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਖੁੱਲ੍ਹ ਕੇ ਵਿਚਾਰ-ਚਰਚਾ ਹੋਈ। ਉਨ੍ਹਾਂ ਦੱਸਿਆ ਕਿ ਐੱਫ.ਬੀ.ਆਈ. ਨੇ ਇਨ੍ਹਾਂ ਚੋਣਵੇਂ ਸਿੱਖ ਆਗੂਆਂ ਨੂੰ ਪਹਿਲਾਂ ਹੀ ਹਮਲੇ ਬਾਰੇ ਅਗਾਹ ਕਰ ਦਿੱਤਾ ਸੀ ਅਤੇ ਇਥੇ ਮੌਜੂਦ ਸਾਰੇ ਕਾਂਗਰਸਮੈਨਾਂ ਨੇ ਇਕਸੁਰ ਹੋ ਕੇ ਕਿਹਾ ਕਿ ਕਿਸੇ ਵੀ ਮੁਲਕ ਵੱਲੋਂ ਅਜਿਹੀਆਂ ਕਾਰਵਾਈਆਂ ਨਾਬਰਦਾਸ਼ਤ ਯੋਗ ਹਨ। ਉਨ੍ਹਾਂ ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੀ ਵੀ ਹਮਾਇਤ ਕੀਤੀ।

ਇਸ ਮੀਟਿੰਗ ਵਿਚ ਸਿੱਖ ਕਾਕਸ ਦੇ ਕੋ-ਚੇਅਰ ਕਾਂਗਰਸ ਮੈਂਬਰ ਡੇਵਿਡ ਵਾਲਾਡਾਓ ਅਤੇ ਮੈਰੀ ਗੇਅ ਸਕੈਨਲੋਨ ਤੋਂ ਬਿਨਾਂ ਹਾਊਸ ਮਾਇਨੋਰਿਟੀ ਵਿਪ ਕੈਥਰੀਨ ਕਲਾਰਕ, ਕਾਂਗਰਸਮੈਨ ਡੋਨਲਡ ਨੋਰਕਰੋਸ, ਕਾਂਗਰਸਮੈਨ ਪੀਟ ਸੈਸ਼ਨ, ਕਾਂਗਰਸਮੈਨ ਜਿਮ ਕੋਸਟਾ ਵੀ ਸ਼ਾਮਲ ਹੋਏ। ਐਕਸਪਰਟ ਪੈਨਲ ਵਿਚ ਯੂ.ਐੱਨ. ਅੰਡਰ ਸੈਕਟਰੀ ਜਨਰਲ ਬੀਬੀ ਦਰਿਤੋ, ਪਾਲਿਸੀ ਐਂਡ ਫਰੀਡਮ ਹਾਊਸ ਦੀ ਡਿਪਟੀ ਡਾਇਰੈਕਟਰ ਕੈਟੀ ਲਾਰਕਿਊ, ਯੂ.ਐੱਨ. ਗਲੋਬਲ ਸਟੀਅਰਿੰਗ ਕਮੇਟੀ ਦੇ ਮੈਂਬਰ ਡਾ. ਇਕਤਿਦਾਰ ਚੀਮਾ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੀਟਿੰਗ ਦਾ ਮੁੱਖ ਮੁੱਦਾ ਭਾਰਤ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਟਰਾਂਸਨੈਸ਼ਨਲ ਰਿਪਰੈਸ਼ਨ ਦੀਆਂ ਕਾਰਵਾਈਆਂ ਸਨ। ਬੁਲਾਰਿਆਂ ਨੇ ਭਾਰਤ ਵੱਲੋਂ ਵੱਖ-ਵੱਖ ਮੁਲਕਾਂ ਵਿਚ ਸਿੱਖਾਂ ਨੂੰ ਕਤਲ ਕੀਤੇ ਜਾਣ ਜਾਂ ਕਤਲ ਕਰਨ ਦੀਆਂ ਕੋਸ਼ਿਸ਼ਾਂ ਕੀਤੇ ਜਾਣ ਬਾਰੇ ਸਖਤ ਟਿੱਪਣੀਆਂ ਕੀਤੀਆਂ।

ਇਸ ਮੀਟਿੰਗ ਵਿਚ ਅਮਰੀਕਾ ਦੀਆਂ ਦੋਵੇਂ ਮੁੱਖ ਪਾਰਟੀਆਂ ਰਿਪਬਲਿਕਨ ਅਤੇ ਡੈਮੋਕ੍ਰੇਟਸ ਵੱਲੋਂ ਵੀ ਮੈਂਬਰ ਸ਼ਾਮਲ ਹੋਏ। ਅਮਰੀਕਨ ਸਿੱਖ ਕਾਕਸ ਦੇ ਕੋ-ਚੇਅਰ ਕਾਂਗਰਸਮੈਂਬਰ ਡੇਵਿਡ ਵਾਲਾਡਾਓ ਅਤੇ ਮੈਰੀ ਗੇਅ ਸਕੈਨਲੇਨ ਦੇ ਸਹਿਯੋਗ ਨਾਲ ਇਹ ਬਰੀਫਿੰਗ ਕਰਵਾਈ ਗਈ। ਇਸ ਮੀਟਿੰਗ ਦਾ ਪ੍ਰਬੰਧ ਕਰਨ ਵਿਚ ਵਿਸ਼ੇਸ਼ ਤੌਰ 'ਤੇ ਜੁਗਰਾਜ ਸਿੰਘ, ਹਰਜਿੰਦਰ ਸਿੰਘ ਅਤੇ ਯਾਦਵਿੰਦਰ ਸਿੰਘ ਦਾ ਵਿਸ਼ੇਸ਼ ਯੋਗਦਾਨ ਸੀ। ਹਮੇਸ਼ਾ ਦੀ ਤਰ੍ਹਾਂ ਯੂ.ਐੱਨ. ਦੀ ਗਲੋਬਲ ਸਟੀਅਰਿੰਗ ਕਮੇਟੀ ਦੇ ਮੈਂਬਰ ਡਾ. ਇਕਤਿਦਾਰ ਚੀਮਾ ਦੀ ਭੂਮਿਕਾ ਅਹਿਮ ਸੀ। ਇਸ ਅਹਿਮ ਪ੍ਰੋਗਰਾਮ ਵਿਚ ਸ਼ਾਮਲ ਹੋਏ ਸਭ ਨੁਮਾਇੰਦਿਆਂ ਦਾ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਕਨਵੀਨਰ ਡਾ. ਪ੍ਰਿਤਪਾਲ ਸਿੰਘ ਨੇ ਧੰਨਵਾਦ ਕੀਤਾ।





# ਆਈ. ਪੀ. ਐਸ. ਅਧਿਕਾਰੀ ਨੂੰ ਭਾਜਪਾ ਕਾਰਕੁੰਨਾਂ ਨੇ ਕਿਹਾ 'ਖਾਲਿਸਤਾਨੀ'



ਕੋਲਕਾਤਾ : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਨੇਤਾ ਸ਼ੁਭੇਂਦੂ ਅਧਿਕਾਰੀ ਨੂੰ ਪੱਛਮੀ ਬੰਗਾਲ 'ਚ ਉੱਤਰੀ 24 ਪਰਗਨਾ ਜ਼ਿਲੇ ਦੇ ਅਸ਼ਾਂਤ ਸੰਦੇਸ਼ਖਾਲੀ ਦਾ ਦੌਰਾ ਕਰਨ ਤੋਂ ਰੋਕਣ ਲਈ ਧਮਖਾਲੀ 'ਚ ਤਾਇਨਾਤ ਇਕ ਸਿੱਖ ਆਈ. ਪੀ. ਐਸ. ਅਧਿਕਾਰੀ ਨੂੰ ਭਾਜਪਾ ਕਾਰਕੁੰਨਾਂ ਦੇ ਇਕ ਗਰੁੱਪ ਵਲੋਂ ਕਥਿਤ ਤੌਰ 'ਤੇ 'ਖਾਲਿਸਤਾਨੀ' ਕਿਹਾ ਗਿਆ, ਜਿਸ ਨਾਲ ਅਧਿਕਾਰੀ ਗੁੱਸੇ 'ਚ ਆ ਗਏ। ਅਧਿਕਾਰੀ ਦੇ ਨਾਲ ਮੌਜੂਦ ਭਾਜਪਾ ਵਿਧਾਇਕ ਅਗਨੀਮਿੱਤਰ ਪਾਲ ਨੇ ਦਾਅਵਾ ਕੀਤਾ ਕਿ ਪੁਲਸ ਅਧਿਕਾਰੀ ਆਪਣੀ ਡਿਊਟੀ ਸਹੀ ਤਰ੍ਹਾਂ ਨਹੀਂ ਨਿਭਾਅ ਰਹੇ ਸਨ ਅਤੇ ਇਸ ਦੋਸ਼ ਨੂੰ ਖਾਰਿਜ ਕਰ ਦਿੱਤਾ ਕਿ ਭਾਜਪਾ ਸਮਰਥਕਾਂ ਵੱਲੋਂ ਉਨ੍ਹਾਂ ਨੂੰ 'ਖਾਲਿਸਤਾਨੀ' ਕਿਹਾ ਸੀ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਭਾਜਪਾ ਦੀ ਵੰਡ ਪਾਊ ਰਾਜਨੀਤੀ ਨੇ ਬੜੀ ਹੀ ਬੇਸ਼ਰਮੀ ਨਾਲ ਸੰਵਿਧਾਨਕ ਹੱਦਾਂ ਪਾਰ ਕਰ ਦਿੱਤੀਆਂ ਹਨ।

ਬੈਨਰਜੀ ਨੇ ਸਿੱਖਾਂ ਦੇ ਮਾਣ ਨੂੰ ਢਾਹ ਲਾਉਣ ਦੀ ਕੋਝੀ ਕੋਸ਼ਿਸ਼ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਸਾਡੇ ਦੇਸ਼ ਲਈ ਉਨ੍ਹਾਂ ਦੀ ਕੁਰਬਾਨੀ ਅਤੇ ਅਟੁੱਟ ਦ੍ਰਿੜ ਸੰਕਲਪ ਲਈ ਸਤਿਕਾਰ ਦਿੱਤਾ ਜਾਂਦਾ ਹੈ।

**ਸਰਨਾ ਨੇ ਆਈ. ਟੀ. ਸੈੱਲ ਦੀ ਕੀਤੀ ਤਿੱਖੀ ਆਲੋਚਨਾ** : ਦਿੱਲੀ ਅਕਾਲੀ ਦਲ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਪੱਛਮੀ ਬੰਗਾਲ 'ਚ ਇਕ ਸਿੱਖ ਆਈ. ਪੀ. ਐੱਸ. ਅਧਿਕਾਰੀ ਦਾ ਅਪਮਾਨ ਕਰਨ ਦੇ ਮੁੱਦੇ 'ਤੇ ਭਾਜਪਾ ਦੇ ਆਨਲਾਈਨ ਈਕੋਸਿਸਟਮ, ਖਾਸ ਤੌਰ 'ਤੇ ਆਈ. ਟੀ. ਸੈੱਲ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਨੇ ਪੱਛਮੀ ਬੰਗਾਲ 'ਚ ਸਿੱਖ ਆਈ. ਪੀ. ਐੱਸ. ਅਧਿਕਾਰੀ ਜਸਪ੍ਰੀਤ ਸਿੰਘ ਦੇ ਮਾਮਲੇ ਨੂੰ ਇਸ ਜ਼ਹਿਰੀਲੇ ਸੱਭਿਆਚਾਰ ਦੇ ਮਾੜੇ ਪ੍ਰਭਾਵ ਦੀ ਇਕ ਜਿਊਂਦੀ ਉਦਾਹਰਨ ਦੱਸਿਆ।

ਸਰਨਾ ਨੇ ਸਪੱਸ਼ਟ ਤੌਰ 'ਤੇ ਕਿਹਾ, "ਜਸਪ੍ਰੀਤ ਸਿੰਘ ਨਾਲ ਹੋਇਆ ਦੁਰਵਿਹਾਰ ਇਸ ਬਦਨਾਮ ਆਈ. ਟੀ. ਸੈੱਲ ਵੱਲੋਂ ਪੈਦਾ ਕੀਤੇ ਗਏ ਜ਼ਹਿਰੀਲੇ ਗੰਦੇ ਪਾਣੀ ਦਾ ਪ੍ਰਤੱਖ ਨਤੀਜਾ ਹੈ।" ਸਰਨਾ ਅਨੁਸਾਰ, ਸੈੱਲ ਲਗਾਤਾਰ ਸਿੱਖਾਂ ਪ੍ਰਤੀ ਨਫ਼ਰਤ, ਅਪਮਾਨ ਅਤੇ ਕੱਟੜਤਾ ਨੂੰ ਉਤਸ਼ਾਹ ਦਿੰਦਾ ਹੈ, ਜਿਸ ਦਾ ਸਿੱਖਾਂ ਅਤੇ ਪਾਰਟੀ ਵਿਚਾਲੇ ਵਧਦੀ ਤਰੇੜ 'ਚ ਯੋਗਦਾਨ ਹੁੰਦਾ ਹੈ।

# ਮਮਤਾ ਬੈਨਰਜੀ ਸਿੱਖ ਪੁਲਿਸ ਅਫ਼ਸਰ ਨੂੰ ਵਰਤ ਕੇ ਸਿਆਸਤ ਕਰ ਰਹੀ : ਮਨਜਿੰਦਰ ਸਿੰਘ ਸਿਰਸਾ

ਨਵੀਂ ਦਿੱਲੀ : ਭਾਜਪਾ ਦੇ ਸੀਨੀਅਰ ਆਗੂ ਸ੍ਰ. ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਸਿੱਖ ਪੁਲਿਸ ਅਫ਼ਸਰ ਨੂੰ ਵਰਤ ਕੇ ਸਿਆਸਤ ਕਰ ਰਹੀ ਹੈ। ਮਮਤਾ ਬੈਨਰਜੀ ਦੇ ਰਾਜ ਵਿਚ ਔਰਤਾਂ ਦੀ ਜੋ ਗੁਰਗਤੀ ਹੋਈ ਉਹ ਘਟਨਾ ਸਾਹਮਣੇ ਆਈ। ਟੀਐਮਸੀ ਦੇ ਅਧਿਕਾਰੀ ਇਸ ਤਰ੍ਹਾਂ ਔਰਤਾਂ ਨਾਲ ਦੁਰਵਿਵਹਾਰ ਕਰ ਰਹੇ ਹਨ। ਉਨ੍ਹਾਂ ਦਾ ਸ਼ੋਸ਼ਣ ਕਰ ਰਹੇ ਹਨ। ਉਨ੍ਹਾਂ ਦੇ ਨਾਲ ਬਲਾਤਕਾਰ ਕਰ ਰਹੇ ਹਨ। ਜਦੋਂ ਇਸ ਲਈ ਬੀਜੇਪੀ ਅਧਿਕਾਰੀ ਅਵਾਜ਼ ਉਠਾਉਂਦੇ ਹਨ ਤਾਂ ਮਮਤਾ ਜੀ ਇਕ ਸਿੱਖ ਅਫ਼ਸਰ ਦੇ ਸਾਹਮਣੇ ਖੜ੍ਹੇ ਹੋ ਕੇ ਉਸ ਨੂੰ ਇਹ ਕਹਿੰਦੀ ਹੈ ਕਿ ਇਹ ਖਾਲਿਸਤਾਨੀ ਹੈ। ਸਿਰਸਾ ਨੇ ਕਿਹਾ ਕਿ ਮੈਂ ਆਪ ਜੀ ਦੇ ਬਾਰੇ ਵੀ ਜਾਣਦਾ ਹਾਂ ਸਿੱਖਾਂ ਦੇ ਤੁਸੀਂ ਕਿੰਨੀ ਹਿਤੈਸ਼ੀ ਹੋ ਇਹ ਵੀ ਜਾਣਦਾ ਹਾਂ। 2020



ਵਿਚ ਆਪ ਜੀ ਦੀ ਸਰਕਾਰ ਅਤੇ ਆਪ ਜੀ ਦੀ ਪੁਲਿਸ ਨੇ ਇਕ ਸਿੱਖ ਸਕਿਊਰਿਟੀ ਅਫ਼ਸਰ ਨੂੰ ਉਸ ਦੇ ਵਾਲਾਂ ਨੂੰ ਖਿੱਚਿਆ ਅਤੇ ਉਸ ਦੀ ਦਸਤਾਰ ਉਤਾਰ ਕੇ ਉਸ ਨੂੰ ਬਾਜ਼ਾਰ ਵਿਚ ਘੁੰਮਾਇਆ ਅਸੀਂ ਉਹ ਲੜਾਈ ਲੜੀ। ਮੈਂ ਇਹ ਵੀ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਆਪ ਜੀ ਦੇ ਵਰਕਰਾਂ ਨੇ ਗੁਰਦੁਆਰੇ ਅੰਦਰ ਜਾ ਬੇਅਦਬੀ ਕੀਤੀ ਅਤੇ ਇਹ ਵੀ ਯਾਦ ਕਰਵਾਉਣਾ ਚਾਹੁੰਦਾ ਹਾਂ 1984 ਦਾ ਸਿੱਖ ਕਤਲੇਆਮ ਜਿਸ ਦਾ ਆਪ ਹਿੱਸਾ ਨਹੀਂ ਹੋ 1984 ਵਿਚ ਜਦੋਂ ਤੁਸੀਂ ਮੈਂਬਰ ਪਾਰਲੀਮੈਂਟ ਸੀ ਉਥੇ ਤੁਸੀਂ ਯੂਥ ਦੇ ਜਨਰਲ ਸੈਕਟਰੀ ਵੀ ਸੀ ਪਰ ਤੁਸੀਂ ਸਿੱਖਾਂ ਲਈ ਇਕ ਵੀ ਅਵਾਜ਼ ਨਹੀਂ ਉਠਾਈ। ਹੋਰ ਤਾਂ ਹੋਰ ਸਿੱਖ ਕਾਤਲਾਂ ਦੇ ਨਾਲ ਤੁਸੀਂ ਬੈਠਦੇ ਰਹੇ। ਉਨ੍ਹਾਂ ਨਾਲ ਸਟੇਜ ਸਾਂਝੀ ਕਰਦੇ ਰਹੇ। ਅੱਜ ਤੱਕ ਤੁਸੀਂ ਉਨ੍ਹਾਂ ਦੇ ਨਾਲ ਖੜ੍ਹੇ ਹੋ। ਪਰ ਤੁਸੀਂ ਅੱਜ ਸਾਡੇ ਧਰਮ ਨੂੰ ਖਾਲਿਸਤਾਨੀ ਦਾ ਨਾਮ ਦੇ ਕੇ ਸਾਨੂੰ ਬਦਨਾਮ ਕਰਨਾ ਚਾਹੁੰਦੀ ਹੋ। ਮੈਂ ਉਸ ਪੁਲਿਸ ਅਫ਼ਸਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੀ ਡਿਊਟੀ ਕਰੋ ਇਨ੍ਹਾਂ ਸਿਆਸੀ ਲੋਕਾਂ ਵਿਚ ਆਪਣੀ ਦਸਤਾਰ ਦਾ ਮੁੱਦਾ ਬਣਾ ਕੇ ਆਪਣੇ ਧਰਮ ਨੂੰ ਇਸ ਵਿਚ ਨਾ ਲੈ ਕੇ ਆਓ।

# ਪੱਛਮੀ ਬੰਗਾਲ ਵਿਚ ਸਿੱਖ IPS ਅਧਿਕਾਰੀ ਵਿਰੁਧ ਟਿੱਪਣੀ ਨੂੰ ਲੈ ਕੇ ਪੁਲਿਸ ਵਲੋਂ ਕਾਰਵਾਈ ਸ਼ੁਰੂ

ਕੋਲਕਾਤਾ : ਪੱਛਮੀ ਬੰਗਾਲ ਪੁਲਿਸ ਨੇ ਇਕ ਸਿੱਖ ਅਧਿਕਾਰੀ ਨੂੰ 'ਖਾਲਿਸਤਾਨੀ' ਦੱਸੇ ਜਾਣ ਦੇ ਮਾਮਲੇ ਨੂੰ 'ਅਪਰਾਧਿਕ ਕਾਰਵਾਈ' ਕਰਾਰ ਦਿਤਾ ਹੈ। ਇਕ ਬਿਆਨ ਵਿਚ ਪੁਲਿਸ ਨੇ ਕਿਹਾ, "ਇਸ ਵੀਡੀਉ ਨੂੰ ਸਾਂਝਾ ਕਰਦਿਆਂ ਸਾਨੂੰ ਬਹੁਤ ਦੁੱਖ ਹੋ ਰਿਹਾ ਹੈ, ਜਿਸ ਵਿਚ ਸਾਡੇ ਅਪਣੇ ਹੀ ਇਕ ਅਧਿਕਾਰੀ ਨੂੰ ਸੂਬੇ ਦੇ ਵਿਰੋਧੀ ਧਿਰ ਦੇ ਆਗੂ ਦੁਆਰਾ 'ਖਾਲਿਸਤਾਨੀ' ਕਿਹਾ ਗਿਆ। ਉਨ੍ਹਾਂ ਦਾ 'ਕਸੂਰ' ਇਹ ਹੈ ਕਿ ਉਹ ਇਕ ਮਾਣਮੱਤਾ ਸਿੱਖ ਅਤੇ ਇਕ ਕਾਬਲ ਪੁਲਿਸ ਅਫਸਰ ਹੈ, ਜੋ ਕਾਨੂੰਨ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।'

ਸਥਾਨਕ ਪੁਲਿਸ ਨੇ ਇਕ ਬਿਆਨ ਵਿਚ ਕਿਹਾ, 'ਇਹ ਟਿੱਪਣੀ ਜਿੰਨੀ ਖਤਰਨਾਕ ਅਤੇ ਨਸਲੀ ਹੈ, ਓਨੀ ਹੀ ਫਿਰਕੂ ਭੜਕਾਊ ਵੀ ਹੈ। ਇਹ ਇਕ ਅਪਰਾਧਿਕ ਕਾਰਵਾਈ ਹੈ। ਅਸੀਂ ਇਕ ਵਿਅਕਤੀ ਦੀ ਧਾਰਮਿਕ ਪਛਾਣ ਅਤੇ ਵਿਸ਼ਵਾਸਾਂ 'ਤੇ ਇਸ ਅਸਵੀਕਾਰਨਯੋਗ ਹਮਲੇ ਦੀ ਸਪੱਸ਼ਟ ਤੌਰ 'ਤੇ ਨਿੰਦਾ ਕਰਦੇ ਹਾਂ। ਇਸ ਦਾ ਉਦੇਸ਼ ਲੋਕਾਂ ਨੂੰ ਭੜਕਾਉਣਾ ਹੈ। ਹਿੰਸਾ ਕਰਨ ਅਤੇ ਕਾਨੂੰਨ ਤੋੜਨ ਵਾਲਿਆਂ ਵਿਰੁਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।'

ਜ਼ਿਕਰਯੋਗ ਹੈ ਕਿ ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਆਗੂ ਸ਼ੁਭੇਂਦੂ ਅਧਿਕਾਰੀ ਨੂੰ ਅਸ਼ਾਂਤ ਸੰਦੇਸ਼ਖਾਲੀ ਜਾਣ ਤੋਂ ਰੋਕਣ ਲਈ ਧਮਖਾਲੀ 'ਚ ਤਾਇਨਾਤ ਇਕ ਸਿੱਖ ਆਈਪੀਐਸ ਅਧਿਕਾਰੀ ਨੂੰ ਭਾਜਪਾ ਵਰਕਰਾਂ ਦੇ ਇਕ ਸਮੂਹ ਨੇ ਕਥਿਤ ਤੌਰ 'ਤੇ ਖਾਲਿਸਤਾਨੀ ਕਹਿ ਦਿਤਾ, ਜਿਸ ਤੋਂ ਬਾਅਦ ਅਧਿਕਾਰੀ ਗੁੱਸੇ 'ਚ ਆ ਗਏ। ਇਸ ਮਗਰੋਂ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਵੀਡੀਉ ਕਲਿੱਪ ਸਾਂਝੀ ਕੀਤੀ ਅਤੇ ਕਿਹਾ, "ਅੱਜ ਭਾਜਪਾ ਦੀ ਵੰਡਪਾਊ ਸਿਆਸਤ ਬੇਸ਼ਰਮੀ ਨਾਲ ਸੰਵਿਧਾਨਕ ਹੱਦਾਂ ਪਾਰ ਕਰ ਗਈ ਹੈ। ਭਾਜਪਾ ਮੁਤਾਬਕ ਪੱਗ ਬੰਨ੍ਹਣ ਵਾਲਾ ਹਰ ਕੋਈ ਖਾਲਿਸਤਾਨੀ ਹੈ। ਮੈਂ ਸਾਡੇ ਸਿੱਖ ਭਰਾਵਾਂ ਅਤੇ ਭੈਣਾਂ ਦੀ ਸਾਖ ਨੂੰ ਖਰਾਬ ਕਰਨ ਦੀ ਇਸ ਕੋਸ਼ਿਸ਼ ਦੀ ਸਖ਼ਤ ਨਿੰਦਾ ਕਰਦੀ ਹਾਂ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਸਾਡੇ ਦੇਸ਼ ਲਈ ਅਟੁੱਟ ਦ੍ਰਿੜਤਾ ਲਈ ਸਨਮਾਨਿਤ ਕੀਤਾ ਜਾਂਦਾ ਹੈ।"

ਮੁੱਖ ਮੰਤਰੀ ਨੇ ਅੱਗੇ ਕਿਹਾ, "ਅਸੀਂ ਬੰਗਾਲ ਦੀ ਸਮਾਜਕ ਸਦਭਾਵਨਾ ਦੀ ਰਾਖੀ ਕਰਨ ਲਈ ਦ੍ਰਿੜ ਹਾਂ ਅਤੇ ਇਸ ਨੂੰ ਭੰਗ ਕਰਨ ਦੀ ਕਿਸੇ ਵੀ ਕੋਸ਼ਿਸ਼ ਵਿਰੁਧ ਸਖਤ ਕਾਨੂੰਨੀ ਕਦਮ ਚੁੱਕਾਂਗੇ।" ਹਾਲਾਂਕਿ, ਭਾਜਪਾ ਨੇ ਦੋਸ਼ਾਂ ਨੂੰ ਖਾਰਜ ਕਰ ਦਿਤਾ ਅਤੇ ਪੁਲਿਸ ਅਧਿਕਾਰੀ 'ਤੇ ਸੰਵਿਧਾਨ ਅਨੁਸਾਰ ਅਪਣੀ ਡਿਊਟੀ ਨਾ ਨਿਭਾਉਣ ਦਾ ਦੋਸ਼ ਲਾਇਆ।

# ਅਮਰੀਕਾ 'ਚ ਇਕ ਹੋਰ ਭਾਰਤੀ ਵਿਅਕਤੀ ਦੀ ਮੌਤ

*ਫੁੱਟਪਾਥ 'ਤੇ ਸ਼ੱਕੀ ਵਿਅਕਤੀ ਨੇ ਉਸ ਦਾ ਸਿਰ ਫੁੱਟਪਾਥ ਤੇ ਮਾਰਿਆ ਹਮਲਾਵਰ ਦੀ ਵੀਡੀਓ ਵੀ ਆਈ ਸਾਹਮਣੇ*

ਨਿਊਯਾਰਕ, (ਰਾਜ ਗੋਗਨਾ) : ਅਮਰੀਕਾ ਦੇ ਵਾਸ਼ਿੰਗਟਨ ਵਿੱਚ ਇੱਕ ਰੈਸਟੋਰੈਂਟ ਦੇ ਬਾਹਰ ਹੋਏ ਝਗੜੇ ਤੋਂ ਬਾਅਦ ਇਕ ਭਾਰਤੀ -ਅਮਰੀਕੀ ਗੰਭੀਰ ਰੂਪ ਵਿੱਚ ਜ਼ਖਮੀ ਪਾਏ ਜਾਣ ਤੋਂ ਕੁਝ ਦਿਨ ਬਾਅਦ ਉਸ ਦੀ ਮੌਤ ਹੋ ਗਈ ਹੈ। ਪੁਲਿਸ ਰਿਪੋਰਟ ਦੇ ਅਨੁਸਾਰ ਵਰਜੀਨੀਆ ਰਾਜ ਦਾ ਰਹਿਣ ਵਾਲਾ ਭਾਰਤੀ ਵਿਵੇਕ ਤਨੇਜਾ ਲੰਘੀ 2 ਫਰਵਰੀ ਨੂੰ 2 ਸਿਸਟਰਜ਼ ਨਾਮਕ ਇੱਕ ਜਾਪਾਨੀ ਰੈਸਟੋਰੈਂਟ ਗਿਆ ਸੀ। ਉੱਥੇ, ਇੱਕ ਸ਼ੱਕੀ ਨੇ ਉਸ ਨੂੰ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਫੁੱਟਪਾਥ 'ਤੇ ਉਸ ਦਾ ਸਿਰ ਮਾਰਿਆ। ਇਹ ਮਾਮਲਾ ਉਦੋਂ ਸਾਹਮਣੇ ਆਇਆ ਹੈ। ਜਦੋਂ ਅਮਰੀਕਾ ਵਿੱਚ ਲਗਾਤਾਰ ਇੱਕ ਤੋਂ ਬਾਅਦ ਇੱਕ ਭਾਰਤੀ ਵਿਦਿਆਰਥੀਆਂ ਦੀ ਹੱਤਿਆ ਜਾਂ ਹਮਲੇ ਹੋ ਰਹੇ ਹਨ। ਤਾਜ਼ਾ ਮਾਮਲੇ 'ਚ ਹਮਲੇ 'ਚ ਸ਼ਾਮਲ ਸ਼ੱਕੀ ਹਮਲਾਵਰ ਦੀ ਵੀਡੀਓ ਵੀ ਸਾਹਮਣੇ ਆਈ ਹੈ ਅਤੇ ਉਸ ਦੀ ਭਾਲ ਜਾਰੀ ਹੈ। ਮ੍ਰਿਤਕ ਦੀ ਪਹਿਚਾਣ 41 ਸਾਲਾ ਵਿਵੇਕ ਤਨੇਜਾ ਵਜੋਂ ਹੋਈ ਹੈ। ਜੋ ਸਵੇਰੇ 2 ਵਜੇ ਦੇ ਕਰੀਬ ਰੈਸਟੋਰੈਂਟ ਤੋਂ ਬਾਹਰ ਨਿਕਲਿਆ ਅਤੇ ਉਸੇ ਸਮੇਂ ਨਜ਼ਦੀਕੀ ਸੜਕ 'ਤੇ ਉਸ ਉੱਤੇ ਹਮਲਾ ਕੀਤਾ ਗਿਆ। ਪੁਲਿਸ ਨੇ ਕਿਹਾ ਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਹਮਲਾ ਕਿਉਂ ਕੀਤਾ ਗਿਆ? ਹਮਲੇ ਤੋਂ ਬਾਅਦ ਵਿਵੇਕ ਬੇਹੋਸ਼ੀ ਦੀ ਹਾਲਤ 'ਚ ਉਥੇ ਹੀ ਢਹਿ ਢੇਰੀ ਹੋ ਗਿਆ ਅਤੇ ਗੰਭੀਰ ਸੱਟਾਂ ਦੇ ਕਾਰਨ ਉਸ ਨੂੰ ਜਲਦੀ ਹਸਪਤਾਲ ਰੈਫਰ ਕਰ ਦਿੱਤਾ ਗਿਆ।ਜਿੱਥੇ ਉਸ ਦੀ ਮੌਤ ਹੋ



ਗਈ।ਪੁਲਸ ਨੇ ਦੱਸਿਆ ਕਿ ਵਿਵੇਕ ਤਨੇਜਾ ਨੇ ਬੀਤੇਂ ਦਿਨ ਬੁੱਧਵਾਰ ਨੂੰ ਹਸਪਤਾਲ 'ਚ ਆਖਰੀ ਸਾਹ ਲਿਆ। ਸੀਸੀਟੀਵੀ ਦੇ ਆਧਾਰ 'ਤੇ ਹਮਲਾ ਕਰਨ ਵਾਲੇ ਸ਼ੱਕੀ ਦਾ ਪਤਾ ਲਗਾਇਆ ਜਾ ਰਿਹਾ ਹੈ। ਹਮਲਾਵਰ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ।

# ਆਈਪੀਐੱਸ ਅਧਿਕਾਰੀ ਨੂੰ ਖ਼ਾਲਿਸਤਾਨੀ ਕਹਿਣ ਖ਼ਿਲਾਫ਼ ਕੋਲਕਾਤਾ 'ਚ ਸਿੱਖਾਂ ਨੇ ਭਾਜਪਾ ਦਫ਼ਤਰ ਬਾਹਰ ਪ੍ਰਦਰਸ਼ਨ ਕੀਤਾ

ਕੋਲਕਾਤਾ : 200 ਦੇ ਕਰੀਬ ਸਿੱਖਾਂ ਨੇ ਅੱਜ ਇਥੇ ਭਾਜਪਾ ਦਫ਼ਤਰ ਦੇ ਬਾਹਰ ਆਈਪੀਐੱਸ ਅਧਿਕਾਰੀ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਪ੍ਰਦਰਸ਼ਨ ਕੀਤਾ। ਆਈਪੀਐੱਸ ਅਧਿਕਾਰੀ ਦਾ ਦੋਸ਼ ਹੈ ਕਿ ਭਾਜਪਾ ਆਗੂ ਸ਼ੁਭੇਂਦੂ ਅਧਿਕਾਰੀ ਨੇ ਉਨ੍ਹਾਂ ਨੂੰ 'ਖਾਲਿਸਤਾਨੀ' ਕਿਹਾ ਸੀ। ਸ਼ੁਭੇਂਦੂ ਅਧਿਕਾਰੀ ਨੇ ਭਾਜਪਾ ਦੇ ਇਕ ਹੋਰ ਆਗੂ ਅਗਨੀਮਿੱਤਰਾ ਪਾਲ ਨਾਲ ਮਿਲ ਕੇ ਦਾਅਵਾ ਕੀਤਾ ਕਿ ਆਈਪੀਐੱਸ ਅਧਿਕਾਰੀ ਜਸਪ੍ਰੀਤ ਸਿੰਘ ਆਪਣੀ ਡਿਊਟੀ ਨਹੀਂ ਨਿਭਾਅ ਰਹੇ ਪਰ ਉਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਕਿ ਪਾਰਟੀ ਦੇ ਕਿਸੇ ਵੀ ਵਰਕਰ ਨੇ ਆਈਪੀਐੱਸ ਅਧਿਕਾਰੀ ਨੂੰ 'ਖ਼ਾਲਿਸਤਾਨੀ' ਕਿਹਾ ਸੀ। ਅਗਨੀਮਿੱਤਰਾ




ਪਾਲ ਨੇ ਦਾਅਵਾ ਕੀਤਾ, 'ਕਿਸੇ ਨੇ ਵੀ ਉਨ੍ਹਾਂ ਨਾਲ ਦੁਰਵਿਵਹਾਰ ਨਹੀਂ ਕੀਤਾ ਅਤੇ ਨਾ ਹੀ ਕਿਸੇ ਨੇ 'ਖਾਲਿਸਤਾਨੀ' ਸ਼ਬਦ ਦੀ ਵਰਤੋਂ ਕੀਤੀ ਹੈ।'

# 4 ਮਹੀਨੇ ਪਹਿਲਾਂ ਕੈਨੇਡਾ ਗਈ ਪੌਣੇ 2 ਸਾਲ ਦੇ ਬੱਚੇ ਦੀ ਮਾਂ ਦੀ ਮੌਤ



ਪਾਣੀਪਤ : ਕੈਨੇਡਾ ਦੇ ਓਨਟਾਰੀਓ ਸੂਬੇ ਦੇ ਕੈਂਬਰਿਜ ਸ਼ਹਿਰ 'ਚ ਕਾਰ ਦੀ ਲਪੇਟ 'ਚ ਆਉਣ ਨਾਲ ਪਾਣੀਪਤ ਜ਼ਿਲ੍ਹੇ ਦੇ ਜਾਤਲ ਰੋਡ ਦੀ ਨਿਵਾਸੀ ਵੈਸ਼ਾਲੀ ਹੁਰੀਆ ਦੀ ਮੌਤ ਹੋ ਗਈ। ਉਹ 4 ਮਹੀਨੇ ਪਹਿਲਾਂ ਹੀ ਸਟੱਡੀ ਵੀਜ਼ਾ 'ਤੇ ਕੈਨੇਡਾ ਗਈ ਸੀ। 15 ਮਾਰਚ ਨੂੰ ਉਨ੍ਹਾਂ ਦੇ ਵਿਆਹ ਦੀ ਤੀਜੀ ਵਰ੍ਹੇਗੰਢ ਸੀ। ਪਤੀ ਆਪਣੇ ਪੌਣੇ 2 ਸਾਲ ਦੇ ਪੁੱਤਰ ਨਾਲ ਕੈਨੇਡਾ ਜਾਣ ਦੀ ਤਿਆਰੀ ਕਰ ਰਿਹਾ ਸੀ ਪਰ ਇਸ ਹਾਦਸੇ ਨਾਲ ਪਤੀ ਅਤੇ ਉਸ ਦੇ ਪਰਿਵਾਰ ਦੇ ਸੁਫ਼ਨੇ ਚਕਨਾਚੂਰ ਹੋ ਗਏ। ਪਰਿਵਾਰ ਨੇ ਸੰਸਦ ਮੈਂਬਰ ਸੰਜੇ ਭਾਟੀਆ ਨੂੰ ਅਪੀਲ ਕੀਤੀ ਹੈ ਕਿ ਵੈਸ਼ਾਲੀ ਦੀ ਲਾਸ਼ ਨੂੰ ਉਨ੍ਹਾਂ ਦੇ ਸ਼ਹਿਰ ਪਾਣੀਪਤ ਲਿਆਂਦਾ ਜਾਵੇ। ਇਸ ਤੋਂ ਇਲਾਵਾ ਸੰਸਦ ਮੈਂਬਰ ਰਾਹੀਂ ਕੇਂਦਰ ਅਤੇ ਰਾਜ ਸਰਕਾਰ ਨੂੰ ਵੀ ਅਪੀਲ ਕੀਤੀ ਗਈ ਹੈ। ਜਾਤਲ ਰੋਡ ਦੇ ਰਹਿਣ ਵਾਲੇ ਨਿਤਿਨ ਹੁਰੀਆ ਨੇ ਦੱਸਿਆ ਕਿ ਉਸ ਦਾ ਵਿਆਹ 15 ਮਾਰਚ 2021 ਨੂੰ ਵੈਸ਼ਾਲੀ ਨਾਲ ਹੋਇਆ ਸੀ। ਉਨ੍ਹਾਂ ਦਾ ਪੌਣੇ 2 ਸਾਲ ਇੱਕ ਪੁੱਤਰ ਹੈ। ਵੈਸ਼ਾਲੀ 4 ਮਹੀਨੇ ਪਹਿਲਾਂ ਸਟੱਡੀ ਵੀਜ਼ਾ 'ਤੇ ਕੈਨੇਡਾ ਗਈ ਸੀ।

# ਸਿੱਖਾਂ ਨਾਲ ਬੇਇਨਸਾਨੀ ਦੇ ਪੂਰੀ ਦੁਨੀਆ ਵਿਚ ਚਰਚੇ

- 1947 ਤੋਂ ਬਾਅਦ ਭਾਰਤ 'ਚ ਸਿੱਖਾਂ ਨੂੰ ਕਦੇ ਇਨਸਾਫ਼ ਨਹੀਂ ਮਿਲਿਆ : ਡਾ. ਪ੍ਰਿਤਪਾਲ ਸਿੰਘ (ਏਜੀਪੀਸੀ)
- ਵਾਸ਼ਿੰਗਟਨ ਡੀ ਸੀ ਵਿਖੇ ਯੂ ਐਸ ਕਾਂਗਰਸਨਿਲ ਬਰੀਫਿੰਗ ਦੌਰਾਨ ਸਾਕਾ ਨਕੋਦਰ ਦੀ ਬੇਇਨਸਾਫ਼ੀ ਦਾ ਮੁੱਦਾ ਉੱਭਰਿਆ


Katie LaRoque Deputy Director for Policy and Advocacy, Freedom House


Congressman Donald Norcross


Dr. Harjinder Singh Litran Brother of Shaheed Bhai Ravinder Singh Littran


Dr. Pritpal Singh Coordinator AGPC


Pete Sessions Member of the U.S. House of Representatives from Texas


Dr. Iqtidar Cheema United Nations (UNO)


Congresswoman Mary Gay Scanlon


Katherine Clark Minority Whip of the United States House of Representatives


Alice Wairimu Nderitu Under-Secretary-General & Special Adviser to UN Secretary-General on the Prevention of Genocide.


Katie LaRoque Deputy Director for Policy and Advocacy, Freedom House


MARTINE MILLER Vice President. International Center for Religion and Diplomacy. D.C

14 ਫ਼ਰਵਰੀ 2024 ਨੂੰ ਵਾਸ਼ਿੰਗਟਨ ਡੀ ਸੀ ਵਿਖੇ ਟਰਾਂਸਨੈਸ਼ਨਲ ਰਿਪ੍ਰੇਸ਼ਨ ਤੇ ਯੂ ਐੱਸ ਕਾਂਗਰਸਨਿਲ ਬਰੀਫਿੰਗ ਹੋਈ। ਜਿਸ ਵਿੱਚ ਯੂ ਐੱਨ ਅੰਡਰ ਸੈਕਟਰੀ ਜਨਰਲ ਐਲਸ ਵੈਰਮੁ ਨਡੇਰਿਤੁ ਦੀ ਮੌਜਦੂਗੀ ਵਿੱਚ ਡਾ. ਇਕਤਿਦਾਰ ਚੀਮਾ ਮੈਂਬਰ ਯੂ ਐੱਨ ਗਲੋਬਲ ਸਟੇਅਰਿੰਗ ਕਮੇਟੀ ਵੱਲੋਂ ਸਾਕਾ ਨਕੋਦਰ ਦੀ ਬੇਇਨਸਾਫ਼ੀ ਦਾ ਮੁੱਦਾ ਬਹੁਤ ਜ਼ੋਰਦਾਰ ਤਰੀਕੇ ਨਾਲ ਉਭਾਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਪ ਬਣਾਏ ਉੱਚ ਅਦਾਲਤ ਦੇ ਸੇਵਾ ਮੁਕਤ ਜੱਜ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਵੱਲੋਂ ਕੀਤੀ ਅਦਾਲਤੀ ਜਾਂਚ ਜੋ ਕਿ ਸਰਕਾਰ ਨੂੰ 31 ਅਕਤੂਬਰ 1986 ਨੂੰ ਸੌਂਪ ਦਿੱਤੀ ਗਈ ਸੀ, ਨੂੰ ਨਾ ਤਾਂ ਅੱਜ ਤੱਕ ਜਨਤਕ ਕੀਤਾ ਗਿਆ ਹੈ ਤੇ ਨਾ ਹੀ ਇਸ ਤੇ ਵਿਧਾਨ ਸਭਾ ਵਿੱਚ ਚਰਚਾ ਕਰਵਾਈ ਅਤੇ ਨਾ ਹੀ ਅੱਜ ਤੱਕ ਇਸ 'ਤੇ ਕੋਈ ਕਾਰਵਾਈ ਰਿਪੋਰਟ ਕੀਤੀ ਗਈ ਹੈ, ਉਲਟਾ ਇਸ ਰਿਪੋਰਟ ਦਾ ਮਹੱਤਵਪੂਰਨ ਹਿੱਸਾ ਭੇਦ ਭਰੇ ਤਰੀਕੇ ਨਾਲ ਸਰਕਾਰੀ ਰਿਕਾਰਡਾਂ ਵਿੱਚੋਂ ਗਾਇਬ ਕਰਵਾ ਦਿੱਤਾ ਗਿਆ ਹੈ। ਡਾ. ਚੀਮਾ ਨੇ ਕਿਹਾ ਕਿ ਉਸ ਮੁਲਕ ਦੀਆਂ ਸਰਕਾਰਾਂ ਆਪਣੇ ਸੰਵਿਧਾਨ ਦੀ ਵੀ ਪਾਲਣਾ ਕਰਨ ਤੋਂ ਇਨਕਾਰੀ ਹਨ, ਉੱਥੋਂ ਦੇ ਕਾਨੂੰਨ ਮੁਤਾਬਿਕ ਅਦਾਲਤੀ ਜਾਂਚ ਰਿਪੋਰਟ ਮਿਲਣ ਉਪਰੰਤ ਇਸ ਨੂੰ 6 ਮਹੀਨਿਆਂ ਦੇ ਅੰਦਰ ਵਿਧਾਨ ਸਭਾ ਦੀ ਸਲੀਬ ਤੇ ਰੱਖ ਰਿਪੋਰਟ ਵਿਚਲੇ ਤੱਥਾਂ 'ਤੇ ਚਰਚਾ ਕਰਵਾ, ਉਸਤੇ ਕਾਰਵਾਈ ਰਿਪੋਰਟ ਜਾਰੀ ਕਰਕੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਚਾਰਾਜ਼ੋਈ ਕਰਨੀ ਹੁੰਦੀ ਹੈ, ਪਰ ਲਗਭਗ ਚਾਰ ਦਹਾਕਿਆਂ ਬਾਅਦ ਵੀ ਪ੍ਰੀਵਾਰਾਂ ਵੱਲੋਂ ਵਾਰ ਵਾਰ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਇਹ ਰਿਪੋਰਟ ਅਜੇ ਤੱਕ ਸਰਕਾਰਾਂ ਵੱਲੋਂ ਦੱਬੀ ਹੋਈ ਹੈ। ਜ਼ਿਕਰਯੋਗ ਹੈ ਕਿ ਕੈਲੀਫ਼ੋਰਨੀਆ ਦੇ ਸ਼ਹਿਰਾਂ ਸੈਨਹੋਜ਼ੇ, ਸੈਂਟਾ ਕਲਾਰਾ, ਮਨਟੀਕਾ, ਐਲਕ ਗਰੋਵ, ਲੈਥਰੋਪ, ਮਿਲਪੀਟਸ, ਲਿਵਿੰਗਸਟਨ, ਸਟਾਕਟਨ, ਲੋਡਾਈ ਤੇ ਕਰਮਨ ਵੱਲੋਂ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦਿੱਤੀ ਜਾ ਚੁੱਕੀ ਹੈ। ਯੂ ਐਸ ਕਾਂਗਰਸ ਵਲੋਂ ਵੀ ਮਤੇ 908 ਰਾਹੀਂ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦਿੱਤੀ ਹੋਈ ਹੈ। ਅਮਰੀਕਨ ਸਿੱਖ ਕਾਕੇਸ ਕਮੇਟੀ ਵਲੋਂ ਕਾਰਵਾਈ ਇਸ ਕਾਂਗਰਸਨਿਲ ਬਰੀਫਿੰਗ ਵਿੱਚ ਫਰੀਡਮ ਹਾਊਸ ਦੀ ਡਿਪਟੀ ਡਾਇਰੈਕਟਰ ਕੇਟੀ ਲਾਰੋਕ ਤੇ ਅੰਤਰਰਾਸ਼ਟਰੀ ਧਾਰਮਿਕ ਤੇ ਰਾਜਨੀਤਕ ਕੇਂਦਰ ਦੀ ਮੀਤ ਪ੍ਰਧਾਨ ਮਾਰਟਿਨ ਮਿੱਲਰ ਵੀ ਐਕਸਪਰਟ ਪੈਨਲ ਵਿੱਚ ਸ਼ਾਮਿਲ ਸਨ। ਕਾਂਗਰਸਮੇਨ ਡੇਵਿਡ ਵਾਲਾਡਾਓ, ਡੋਨਲਡ ਨੋਰਕਰੋਸ, ਪੀਟ ਸੈਸ਼ਨਜ਼, ਪੈਟਰਿਕ ਮਹਾਂਨ, ਵਿਰੋਧੀ ਧਿਰ ਦੀ ਆਗੂ ਕੈਥਰੀਨ ਕਲਾਰਕ ਤੇ ਸਿੱਖ ਕਾਕਸ ਕੋ ਚੇਅਰ ਮੇਰੀ ਗੇ ਸਕਾਨਲੋਂ ਦੇ ਨਾਲ ਸਥਾਨਕ ਸ਼ਖਸਸ਼ੀਅਤਾਂ ਤੇ ਸਿੱਖ ਆਗੂ ਵੀ ਸ਼ਾਮਿਲ ਹੋਏ। 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਡਾ. ਹਰਿੰਦਰ ਸਿੰਘ ਲਿੱਤਰਾਂ ਨੇ ਕਿਹਾ ਕਿ 1947 ਤੋਂ ਬਾਅਦ ਸਿੱਖਾਂ ਨੂੰ ਭਾਰਤ 'ਚ ਕਦੇ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸਾਕਾ ਨਕੋਦਰ ਦੇ ਸਿੱਖ ਨੌਜਵਾਨਾਂ ਨੂੰ ਉਸ ਸਮੇਂ ਭਾਰਤ ਦੀ ਜ਼ਾਲਮ ਸਰਕਾਰ ਵਲੋਂ ਬਿਨਾਂ ਕਿਸੇ ਭੜਕਾਹਟ ਦੇ ਬੇਰਹਿਮੀ ਨਾਲ ਕਤਲ ਕੀਤੇ ਗਏ। ਕਿਸੇ ਦੋਸ਼ੀ ਨੂੰ ਸਜ਼ਾ ਤਾਂ ਕੀ ਮਿਲਣੀ ਸੀ ਪਰ ਕਾਤਲ ਉਚ ਅਹੁਦਿਆਂ 'ਤੇ ਸਾਰੀ ਜ਼ਿੰਦਗੀ ਅਨੰਦ ਮਾਣਦੇ ਰਹੇ। ਉਨ੍ਹਾਂ ਕਿਹਾ ਕਿ ਭਾਵੇਂ ਸਿੱਖਾਂ ਨੂੰ ਭਾਰਤ 'ਚ ਇਨਸਾਫ਼ ਨਹੀਂ ਮਿਲਿਆ ਪਰ ਇਸ ਕਤਲ ਕਾਂਡ ਅਤੇ ਸਿੱਖਾਂ 'ਤੇ ਹੋ ਰਹੇ ਜੁਲਮ ਦੇ ਚਰਚੇ ਪੂਰੀ ਦੁਨੀਆ 'ਚ ਹੋ ਰਹੇ ਹਨ। ਉਹ ਦਿਨ ਦੂਰ ਨਹੀਂ ਜਦੋਂ ਸਿੱਖ ਭਾਰਤ ਤੋਂ ਖਹਿੜਾ ਛੁਡਾ ਕੇ ਪੂਰਨ ਤੌਰ 'ਤੇ ਅਜ਼ਾਦ ਹੋਣਗੇ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਕਾਕਸ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਵਲੋਂ ਆਈਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਗਿਆ।



Mayor Gary Singh & City Council Members of City of Manteca, Dr Harinder Singh, Mandeep Singh Jakara, Gurman Singh from Congressman Josh Harder's office.

# ਪਿਛਲੇ 40 ਸਾਲ ਤੋਂ ਲਗਾਤਾਰ ਸਮਾਜ ਸੇਵਾ ਨੂੰ ਸਮਰਪਿਤ ਹੈ ਸ਼੍ਰੀ ਸੁਰਿੰਦਰ ਅਗਰਵਾਲ ਤੇ ਸ਼੍ਰੀਮਤੀ ਸ਼ਕੁੰਤਲਾ ਅਗਰਵਾਲ ਬਹੁਤ ਹੀ ਮਿੱਠ ਬੋਲੜੇ, ਮਿਲਾਪੜੇ ਸੁਭਾਅ ਦੇ ਮਾਲਿਕ ਹਨ

## ਸਮਾਜ ਦੇ ਹਰ ਵਰਗ ਦੇ ਜ਼ਰੂਰਤਮੰਦ ਲੋਕਾਂ ਦੀ ਸੇਵਾ ਦੀ ਗੁੜ੍ਹਤੀ ਮਾਤਾ ਪਿਤਾ ਤੋਂ ਵਿਰਾਸਤ ਵਿੱਚ ਮਿਲੀ : ਸੁਰਿੰਦਰ ਅਗਰਵਾਲ
















ਅਸੀਂ ਅਕਸਰ ਦੇਖਦੇ ਹਾਂ ਕਿ ਇਸ ਸਵਾਰਥੀ ਸਮੇ ਦੌਰਾਨ ਬਹੁਤ ਸਾਰੇ ਲੋਕ ਆਪਣੇ ਸਵਾਰਥ ਦੀ ਪੂਰਤੀ ਲਈ ਆਪਣੇ ਸਕੇ ਸੰਬੰਧੀ, ਕਰੀਬੀ ਲੋਕਾਂ ਨਾਲ ਵੀ ਦੂਰੀਆਂ ਬਣਾ ਲੈਂਦੇ ਹਨ ਖਾਸ ਕਰ ਉਸ ਸਮੇਂ ਜਦੋਂ ਕੋਈ ਦੋਸਤ ਮਿੱਤਰ ਰਿਸ਼ਤੇਦਾਰ ਕਿਸੇ ਮੁਸ਼ਕਲ ਜਾਂ ਫਿਰ ਮਜ਼ਬੂਰੀ ਵਿੱਚ ਹੋਵੇ ਪਰ ਇਸਦੇ ਉਲਟ ਕੁੱਝ ਲੋਕ ਇਸ ਤਰ੍ਹਾਂ ਦੇ ਹੁੰਦੇ ਹਨ ਜੋਂ ਬਿਲਕੁਲ ਨਿਸਵਾਰਥ ਭਾਵ ਨਾਲ ਬਿਨਾਂ ਕਿਸੇ ਜਾਣ ਪਹਿਚਾਣ ਦੇ ਬਿਨਾਂ ਹਾਣ ਲਾਭ ਤੋਂ ਜ਼ਰੂਰਤ ਮੰਦ ਜਾਂ ਕਿਸੇ ਮੁਸ਼ਕਲ ਵਿਚ ਗ੍ਰਸਤ ਵਿਆਕਤੀ ਦੇ ਸਹਾਇਤਾ ਲਈ ਆਣ ਖੜ੍ਹਦੇ ਹਨ ਤੇ ਉਨਾਂ ਲੋਕਾਂ ਦੀ ਸ਼ਖ਼ਸੀਅਤ ਲਈ ਫਿਰ ਕੋਈ ਸ਼ਬਦ ਨਹੀਂ ਹੁੰਦੇ ਕਿ ਕਿਸ ਤਰ੍ਹਾਂ ਉਨ੍ਹਾਂ ਵਲੋਂ ਕੀਤੇ ਜਾ ਰਹੇ ਕਾਰਜ ਨੂੰ ਬਿਆਨ ਕੀਤਾ ਜਾ ਸਕੇ।

ਸੋ ਅੱਜ ਇਸੇ ਤਰ੍ਹਾਂ ਦੀ ਸ਼ਖ਼ਸੀਅਤ ਸੁਰਿੰਦਰ ਅਗਰਵਾਲ ਜੀ ਨੂੰ ਮਿਲਣ ਦਾ ਮੌਕਾ ਮਿਲਿਆ ਜਿੱਥੇ ਉਨ੍ਹਾਂ ਨੇ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਤੋਂ ਛਪਦੇ ਹਫਤਾਵਾਰੀ ਅਖਬਾਰ 'ਸਾਡੇ ਲੋਕ' ਦੇ ਬਿਊਰੋ ਚੀਫ਼ ਦਲਜੀਤ ਅਜਨੋਹਾ ਨਾਲ ਗੱਲਬਾਤ ਕਰਦਿਆਂ ਆਪਣੇ ਪਰਿਵਾਰ ਆਪਣੇ ਸਮਾਜ ਵਾਰੇ ਦੱਸਿਆ ਉਥੇ ਉਨ੍ਹਾਂ ਨੇ ਆਪਣੇ ਵਲੋਂ ਕੀਤੇ ਜਾ ਰਹੇ ਨਿਸਵਾਰਥ ਭਾਵ ਨਾਲ ਕਾਰਜਾਂ ਸੰਬੰਧੀ ਵੀ ਦੱਸਿਆ ਜਿਸ ਨੂੰ ਹਰ ਹਫ਼ਤੇ ਦੀ ਤਰ੍ਹਾਂ ਇਸ ਹਫਤੇ ਵੀ ਕੀਤੀ ਗਈ ਗੱਲਬਾਤ ਅੱਖਰਾਂ ਦੇ ਰੂਪ ਵਿੱਚ ਆਪਣੇ ਪਾਠਕਾਂ ਦੇ ਸਨਮੁੱਖ ਕਰਨ ਦਾ ਉਪਰਾਲਾ ਕਰ ਰਿਹਾ ਹਾਂ

ਸ਼੍ਰੀ ਸੁਰਿੰਦਰ ਅਗਰਵਾਲ ਜੀ ਨਾਲ ਕੀਤੀ ਗਈ ਗੱਲਬਾਤ ਤੋਂ ਪਹਿਲਾਂ ਆਪਣੇ ਪਾਠਕਾਂ ਨੂੰ ਦੱਸਣਾ ਬਣਦਾ ਹੈ ਕਿ ਸ਼੍ਰੀ ਸੁਰਿੰਦਰ ਅਗਰਵਾਲ ਜਿੱਥੇ ਬਹੁਤ ਹੀ ਮਿੱਠ ਬੋਲੜੇ ਤੇ ਮਿਲਾਪੜੇ ਸੁਭਾਅ ਦੇ ਮਾਲਿਕ ਹਨ ਉਥੇ ਆਪਣੇ ਅਸੂਲਾਂ ਦੇ ਪੱਕੇ ਤੇ ਸਾਹਮਣੇ ਬੈਠੇ ਵਿਅਕਤੀ ਦੇ ਵਿਆਕਤੀ ਤਵ ਦੀ ਪਰਖ ਵੀ ਕਰਦੇ ਹਨ

ਫਿਰੋਜ਼ਪੁਰ ਕੈਂਟ ਨਿਵਾਸੀ ਲਾਲਾ ਤਾਰਾ ਚੰਦ ਜੀ ਅਗਰਵਾਲ ਤੇ ਸ਼੍ਰੀਮਤੀ ਕਲਾਵਤੀ ਅਗਰਵਾਲ ਜੀ ਦੇ ਗ੍ਰਹਿ 21/11/1959 ਨੂੰ ਜਨਮੇ ਸੁਰਿੰਦਰ ਅਗਰਵਾਲ ਹੋਰਾਂ ਨੇ ਆਪਣੀ ਮੁੱਢਲੀ ਪੜ੍ਹਾਈ ਫਿਰੋਜ਼ਪੁਰ ਕੈਂਟ ਦੇ ਡੀ ਸੀ ਐਮ ਜੈਨ ਸੀਨੀਅਰ ਸੈਕੰਡਰੀ ਸਕੂਲ ਤੋਂ ਕੀਤੀ ਆਪਣੇ ਪਰਿਵਾਰ ਵਿੱਚ ਸਭ ਤੋਂ ਛੋਟੇ ਹੋਣ ਕਰਕੇ ਕਾਫੀ ਲਾਡਲੇ ਰਹੇ ਤੇ ਸੰਨ 1980 ਵਿੱਚ ਬੀ ਕਾਮ ਆਰ ਐਸ ਡੀ ਕਾਲਜ ਫਿਰੋਜ਼ਪੁਰ ਸਿਟੀ ਤੋਂ ਕੀਤੀ। ਉਪਰੰਤ ਇਨ੍ਹਾਂ ਦੇ ਪਿਤਾ ਜੀ ਦਾ ਅਪਣਾ ਕਾਰੋਬਾਰ ਸੀ ਬੇਸ਼ੱਕ ਪੜ੍ਹਾਈ ਤੋਂ ਬਾਅਦ ਸੁਰਿੰਦਰ ਅਗਰਵਾਲ ਹੋਰਾਂ ਨੂੰ ਬੈਂਕ ਦੀ ਨੌਕਰੀ ਵੀ ਮਿਲੀ ਪਰ ਆਪਣਾ ਕਾਰੋਬਾਰ ਹੋਣ ਕਰਕੇ ਬੀ ਐੱਸ ਐੱਫ ਤੇ ਆਰਮੀ ਵਿੱਚ ਠੇਕੇ ਤੇ ਕੰਮ ਸ਼ੁਰੂ ਕਰ ਦਿੱਤਾ ਜਿਸ ਨਾਲ ਕਾਰੋਬਾਰ ਕਾਫੀ ਵੱਡਾ ਹੋਣ ਕਰਕੇ ਵੱਡੇ ਅਧਿਕਾਰੀਆਂ ਨਾਲ ਸੰਪਰਕ ਵੀ ਕਾਫੀ ਹੋ ਗਿਆ ਤੇ ਇਸੇ ਦੌਰਾਨ 2 ਜੁਲਾਈ 1983 ਨੂੰ ਪਰਿਵਾਰ ਵਲੋਂ ਆਪਜੀ ਦੀ ਸ਼ਾਦੀ ਸਿਰਸਾ ਹਰਿਆਣਾ ਦੇ ਰਾਨੀਆ ਨਿਵਾਸੀ ਸ਼੍ਰੀਮਤੀ ਸ਼ਕੁੰਤਲਾ ਅਗਰਵਾਲ ਨਾਲ ਹੋ ਗਈ ਜਿਹੜੇ ਐਮ ਏ ਇੰਗਲਿਸ਼ ਤੇ ਉਸ ਸਮੇਂ ਦੇ ਬਹੁਤ ਉੱਘੇ ਪਰਿਵਾਰ ਨਾਲ ਸਬੰਧਤ ਸਨ ਤੇ ਉਨ੍ਹਾਂ ਦੇ ਪਰਿਵਾਰ ਵਿੱਚ ਆਉਣ ਨਾਲ ਹੋਰ ਵੀ ਖੁਸ਼ੀਆਂ ਖੇੜੇ ਆ ਗਏ ਪਰਿਵਾਰ ਵਿੱਚ ਪੜ੍ਹੀ ਲਿਖੀ ਬਹੂ ਆਉਣ ਨਾਲ ਰਿਸ਼ਤੇਦਾਰਾਂ ਤੇ ਸਮਾਜ ਵਿੱਚ ਹੋਰ ਵੀ ਮਾਣ ਸਤਿਕਾਰ ਵਧਿਆ। ਸੁਰਿੰਦਰ ਅਗਰਵਾਲ ਹੋਰਾਂ ਦੱਸਿਆ ਕੇ ਸਭ ਤੋਂ ਵੱਧ ਖੁਸ਼ੀ ਉਨ੍ਹਾਂ ਦੇ ਪਿਤਾ ਜੀ ਨੂੰ ਉਸ ਸਮੇਂ ਹੋਈ ਜਦੋਂ ਉਨ੍ਹਾਂ ਨੇ ਆਪਣੀ ਨੂੰਹ (ਸ਼ਕੁੰਤਲਾ ਅਗਰਵਾਲ) ਤੋਂ ਚਿੱਠੀ (ਉਸ ਸਮੇਂ ਚਿੱਠੀਆ ਰਾਹੀਂ ਹੀ ਰਿਸ਼ਤੇਦਾਰਾਂ ਦੀ ਸੁਖ ਸਾਂਦ ਪੁੱਛੀ ਜਾਂਦੀ ਸੀ ਤੇ ਚਿੱਠੀ ਲਿਖਣ ਵਾਲੇ ਬਹੁਤ ਘੱਟ ਹੁੰਦੇ ਸਨ) ਲਿਖਵਾ ਕੇ ਆਪਣੇ ਰਿਸ਼ਤੇਦਾਰਾਂ ਨੂੰ ਮੁੰਬਈ ਭੇਜੀ ਤਾਂ ਉਨ੍ਹਾਂ ਦਾ ਜਵਾਬ ਆਇਆ ਕੇ ਚਿੱਠੀ ਬਹੁਤ ਹੀ ਵਧੀਆ ਤੇ ਸੁੰਦਰ ਲਿਖਾਵਟ ਸੀ ਤੇ ਪਿਤਾ ਜੀ ਬਹੁਤ ਖੁਸ਼ ਹੋਏ ਇਸੇ ਦੌਰਾਨ ਸੁਰਿੰਦਰ ਅਗਰਵਾਲ ਹੋਰਾਂ ਦੇ ਘਰ 16 ਜਨਵਰੀ 1985 ਨੂੰ ਬੇਟੀ ਨਿਸ਼ੂ ਅਗਰਵਾਲ ਨੇ ਜਨਮ ਲਿਆ। ਸਮਾਂ ਆਪਣੀ ਚਾਲੇ ਚੱਲਦਾ ਗਿਆ ਤੇ 6/4/1988 ਨੂੰ ਬੇਟੇ ਹਿਮਾਂਸ਼ੂ ਅਗਰਵਾਲ ਨੇ ਜਨਮ ਲਿਆ। ਸ਼੍ਰੀ ਸੁਰਿੰਦਰ ਅਗਰਵਾਲ ਹੋਰਾਂ ਦੱਸਿਆ ਕੇ ਉਨ੍ਹਾਂ ਨੇ ਆਪਣੀ ਧਰਮ ਪਤਨੀ ਸ੍ਰੀਮਤੀ ਸ਼ਕੁੰਤਲਾ ਅਗਰਵਾਲ ਹੋਰਾਂ ਨੂੰ ਦੋਨਾਂ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣ ਲਈ ਕਿਹਾ ਤੇ ਉਹ ਖੁਦ ਪੜ੍ਹੇ ਲਿਖੇ ਇੰਗਲਿਸ਼ ਦੇ ਐਮ ਏ ਹਨ ਤੇ ਉਨ੍ਹਾਂ ਨੇ ਬੱਚਿਆਂ ਨੂੰ ਬਹੁਤ ਮਿਹਨਤ ਤੇ ਲਗਨ ਨਾਲ ਪੜ੍ਹਾਇਆ ਤੇ ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਸਮੇਂ ਅਗਰਵਾਲ ਦੰਪਤੀ ਵਲੋਂ ਆਪਣੇ ਦੋਨਾਂ ਬੱਚਿਆਂ ਦੇ ਨਾਲ ਨਾਲ ਹਰ ਸਾਲ 5 ਬੱਚੇ ਜ਼ਰੂਰਤਮੰਦ ਵੀ ਅਡੋਪਟ ਕਰਦੇ ਸਨ ਜਿਨ੍ਹਾ ਦਾ ਸਕੂਲ ਦੀ ਫੀਸ, ਵਰਦੀ ਕਾਪੀਆਂ ਤੇ ਕਿਤਾਬਾਂ ਸ਼ਾਮਲ ਹੁੰਦੀਆਂ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਧਰਮ ਪਤਨੀ ਆਪਣੇ ਬੱਚਿਆਂ ਨੂੰ ਪੜ੍ਹਾਉਣ ਨਾਲ ਉਨ੍ਹਾਂ ਬੱਚਿਆ ਨੂੰ ਪੜ੍ਹਾ ਕੇ ਬਹੁਤ ਖੁਸ਼ ਹੁੰਦੇ ਤੇ ਇਸ ਤਰ੍ਹਾਂ ਸਮੇਂ ਦੇ ਨਾਲ ਨਾਲ ਉਨ੍ਹਾਂ ਨੇ ਆਪਣੀ ਬੇਟੀ ਨਿਸ਼ੂ ਅਗਰਵਾਲ ਨੂੰ ਬੀ ਐਸ ਸੀ, ਐਮ ਐਸ ਸੀ, ਐਮ ਫਿਲ, ਬੀ ਐਡ ਦੀ ਪੜ੍ਹਾਈ ਕਰਵਾਈ ਤੇ ਉਨ੍ਹਾਂ ਦੀ ਸ਼ਾਦੀ ਐਡਵੋਕੇਟ ਤਰੁਣ ਜਿੰਦਲ ਹੋਰਾਂ ਨਾਲ ਹੋਈ ਤੇ ਉਨ੍ਹਾਂ ਨੇ ਵਿਆਹ ਤੋਂ ਬਾਅਦ ਪੀ ਐੱਚ ਡੀ ਕਰ ਰਹੇ ਹਨ ਤੇ ਅੱਜ ਕੱਲ ਉਹ ਦਾਸ ਬਰਾਊਨ ਸਕੂਲ ਫਿਰੋਜ਼ਪੁਰ ਵਿਖੇ ਵਾਈਸ ਪ੍ਰਿੰਸੀਪਲ ਵਜੋ ਆਪਣੀਆਂ ਸੇਵਾਵਾਂ ਦੇ ਰਹੇ ਹਨ ਜਦ ਉਨ੍ਹਾਂ ਦੇ ਪਤੀ ਤਰੁਣ ਜਿੰਦਲ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿੱਚ ਵਕੀਲ ਹਨ।



ਉਨ੍ਹਾਂ ਦੇ ਬੇਟੇ ਹਿਮਾਂਸ਼ੂ ਅਗਰਵਾਲ ਜੋ ਪੜ੍ਹਾਈ ਵਿਚ ਫਸਟ ਤੋਂ ਹੀ ਪਹਿਲੇ ਨੰਬਰ 'ਤੇ ਰਹੇ ਉਨ੍ਹਾਂ ਨੇ ਆਪਣੀ ਮੁੱਢਲੀ ਪੜ੍ਹਾਈ ਡੀਸੀਐਮ ਮਾਡਲ ਸਕੂਲ ਤੋਂ ਸ਼ੁਰੂ ਕਰਕੇ ਵੱਖ ਵੱਖ ਵਿਦਿਅਕ ਅਦਾਰਿਆਂ ਤੋਂ ਉੱਚ ਸਿੱਖਿਆ ਪ੍ਰਾਪਤ ਕੀਤੀ ਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਤੋਂ ਐਮ ਬੀ ਬੀ ਐਸ ਕੀਤੀ ਤੇ ਬਤੌਰ ਮੈਡੀਕਲ ਅਫ਼ਸਰ ਤਿੰਨ ਸਾਲ ਨੌਕਰੀ ਕੀਤੀ ਤੇ 2014 ਵਿੱਚ ਆਈਏਐਸ ਕੀਤੀ। ਇਸੇ ਦੌਰਾਨ ਹਿਮਾਂਸ਼ੂ ਅਗਰਵਾਲ ਹੋਰਾਂ ਦੀ ਸ਼ਾਦੀ 23/2/2015 ਨੂੰ ਆਈਏਐਸ ਕੋਮਲ ਮਿੱਤਲ ਨਾਲ ਹੋਈ ਇਸ ਤਰ੍ਹਾਂ ਪਰਿਵਾਰ ਦੀ ਜ਼ੁੰਮੇਵਾਰੀ ਨਿਭਾਉਂਦਿਆਂ ਹੀ ਸੁਰਿੰਦਰ ਅਗਰਵਾਲ ਹੋਰਾਂ ਨੇ 1998 ਵਿੱਚ ਲੋਕਾਂ ਦੀ ਸੇਵਾ ਕਰ ਨੈਸ਼ਨਲ ਸੋਸਾਇਟੀ ਭਾਰਤ ਵਿਕਾਸ ਪ੍ਰੀਸ਼ਦ ਵਿੱਚ ਸ਼ਾਮਲ ਹੋਏ ਜਿਸ ਦੌਰਾਨ ਉਨ੍ਹਾਂ ਨੂੰ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਦਿਆਂ ਕਈ ਥਾਵਾਂ 'ਤੇ ਜਾਣ ਦਾ ਮੌਕੇ ਮਿਲਿਆ ਤੇ 2005 ਵਿੱਚ ਅਖਿਲ ਭਾਰਤੀਯ ਅਗਰਵਾਲ ਸੰਮੇਲਨ ਰਜਿ. ਵਿੱਚ ਸ਼ਾਮਲ ਹੋ ਗਏ ਜਿਸ ਦੌਰਾਨ 5 ਸਾਲ ਸਮਾਜ ਦੀ ਸੇਵਾ ਬਤੌਰ ਸੈਕਟਰੀ ਕੀਤੀ ਤੇ 2 ਸਾਲ ਪੰਜਾਬ ਦੇ ਪ੍ਰਧਾਨ ਰਹੇ ਤੇ ਸਟੇਟ ਐਗਜੈਕਟਿਵ ਮੈਂਬਰ, ਰਾਸ਼ਟਰੀ ਐਗਜੈਕਟਿਵ ਮੈਂਬਰ ਹਨ ਤੇ ਮੌਜੂਦਾ ਸਮੇਂ ਵਿੱਚ ਵੀ ਪਿਛਲੇ 3 ਸਾਲ ਤੋਂ ਪੰਜਾਬ ਪ੍ਰਧਾਨ ਦੇ ਤੌਰ ਸੁਰਿੰਦਰ ਅਗਰਵਾਲ ਹੋਰਾਂ ਵਲੋਂ ਅਗਰਵਾਲ ਸਮਾਜ ਲਈ ਆਪਣੀ ਟੀਮ ਦੇ ਸਹਿਯੋਗ ਨਾਲ ਦਿਨ ਰਾਤ ਕੰਮ ਹੁਣ ਤੱਕ ਲਗਾਤਾਰ ਕਰ ਰਹੇ ਹਨ ਉਹ ਪ੍ਰਸ਼ੰਸਾ ਯੋਗ ਗਿਆ ਉਨ੍ਹਾਂ ਦੱਸਿਆ ਕਿ ਸਮਾਜ ਵਲੋਂ ਸਮੇਂ ਸਮੇਂ ਤੇ ਕਿਸੇ ਵੀ ਵਰਗ ਦਾ ਕੋਈ ਵੀ ਜ਼ਰੂਰਤਮੰਦ ਵਿਆਕਤੀ ਕਿਸੇ ਤਰ੍ਹਾਂ ਦੀ ਸਹਾਇਤਾ ਲਈ ਉਨ੍ਹਾਂ ਨਾਲ ਸੰਪਰਕ ਕਰਦਾ ਹੈ ਤਾਂ ਉਸਦੀ ਦੀ ਹਰ ਸੰਭਵ ਸਹਾਇਤਾ ਕਰਦੇ ਹਨ ਜਿਨ੍ਹਾਂ ਵਿੱਚ ਮੈਡੀਕਲ ਕੈਂਪ ਲਗਾਉਣੇ, ਪੜ੍ਹਾਈ ਨੂੰ ਪ੍ਰਮੋਟ ਕਰਨਾ, ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ 1000 ਬੱਚਿਆਂ ਦਾ ਟੂਰਨਾਮੈਂਟ ਕਰਵਾਇਆ, ਕਿਸੇ ਤਰ੍ਹਾਂ ਦੀ ਕੋਈ ਕੁਦਰਤੀ ਆਫਤ ਦੇ ਪੀੜਤ ਲੋਕਾਂ ਦੀ ਸਹਾਇਤਾ ਕਰਨਾ ਆਦਿ ਸ਼ਾਮਲ ਹਨ ਜਿਸ ਦੌਰਾਨ ਪਿਛਲੇ ਹੜ ਪੀੜਤਾਂ ਲਈ 2000 ਪੈਕੇਟ ਖਾਣ ਪੀਣ ਦੇ ਸਮਾਨ ਦੇ ਵੰਡੇ। ਉਨ੍ਹਾਂ ਦੱਸਿਆ ਕਿ ਅਗਰਵਾਲ ਸੰਮੇਲਨ 1975 ਵਿੱਚ ਰਜਿਸਟਰਡ ਹੋਈ ਸੀ ਤੇ ਮੌਜੂਦਾ ਸਮੇਂ ਵਿੱਚ ਭਾਰਤ ਵਿੱਚ ਕਰੀਬ ਢਾਈ ਲੱਖ ਮੈਂਬਰ ਹਨ ਤੇ ਪੰਜਾਬ ਵਿੱਚ 15 ਤੋਂ 20 ਹਜ਼ਾਰ ਤੱਕ ਮੈਂਬਰ ਹਨ ਤੇ ਸਲਾਨਾ ਸਮਾਗਮ ਸਰਦੀਆਂ ਵਿੱਚ ਪਹਿਲੇ ਨਵਰਾਤਰੇ ਮਨਾਇਆ ਜਾਂਦਾ ਹੈ ਇਸ ਮੌਕੇ ਉਨ੍ਹਾਂ ਦੱਸਿਆ ਕਿ ਅਗਰੋਹਾ (ਹਿਸਾਰ) ਹਰਿਆਣਾ ਵਿਖੇ ਮੰਦਿਰ ਬਣ ਰਿਹਾ ਹੈ ਜਿਹੜਾ ਅਯੁੱਧਿਆ ਰਾਮ ਮੰਦਿਰ ਦੇ ਵਾਂਗ ਹੀ ਹੈ ਤੇ ਉਸਨੂੰ ਬਣਾਉਣ ਵਾਲਾ ਆਰਕੀਟੈਕਟ ਸੀ ਬੀ ਸੋਮਪਰਾ ਇਕ ਹੀ ਹੈ ਜਿਸ ਦੇ ਦਰਸ਼ਨਾਂ ਨਾਲ ਜੀ ਜੀਵਨ ਦੀ ਕਾਇਆ ਕਲਪ ਬਦਲ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਮੰਦਿਰ ਵਿੱਚ 58 ਅਲੱਗ ਅਲੱਗ ਵਿਭੂਤੀਆਂ ਪੂਜਾ ਅਰਚਨਾ ਤੋਂ ਬਾਅਦ ਸਥਾਪਤ ਕੀਤੀਆਂ ਗਈਆਂ ਹਨ ਅਤੇ ਇਥੇ ਬਣੇ ਸਰੋਵਰ ਵਿੱਚ 108 ਨਦੀਆਂ ਦਾ ਪਵਿੱਤਰ ਜਲ ਮਿਲਾ ਕੇ ਸਥਾਪਤ ਕੀਤਾ ਗਿਆ ਹੈ ਇਹ ਅਸਥਾਨ ਲੋਕਾਂ ਲਈ ਆਸਥਾ ਦਾ ਕੇਂਦਰ ਹੈ ਜਿੱਥੇ ਸੰਗਤਾਂ ਦੀਆਂ ਹਰ ਸ਼ੁਭ ਭਾਵਨਾਵਾਂ ਪੂਰੀਆਂ ਹੁੰਦੀਆਂ ਹਨ ਤੇ 12 ਏਕੜ ਵਿੱਚ ਵੱਡੀ ਗਊਸ਼ਾਲਾ ਹੈ ਤੇ ਭਗੀਰਥ ਗੰਗਾ ਦੀ ਇਕ ਵੱਡੀ ਮਾਤਾ ਲਕਸ਼ਮੀ ਜੀ ਦੀ ਪ੍ਰਤਿਮਾ ਬਣੀ ਹੋਈ ਤੇ ਇੱਥੇ 100 ਕਮਰਿਆਂ ਦੀ ਧਰਮਸ਼ਾਲਾ ਹੈ ਤੇ ਵੱਡੀ ਗੱਲ ਉਥੇ 216 ਕਿਲੋਗ੍ਰਾਮ ਚਾਂਦੀ ਦੀ ਮੂਰਤੀ ਬਣੀ ਹੋਈ ਹੈ ਜਿਸ ਵਿਚ 108 ਕਿਲੋਗ੍ਰਾਮ ਦਾ ਬੇਸ ਹੈ ਤੇ 108 ਕਿਲੋਗ੍ਰਾਮ ਦੀ ਮੂਰਤੀ ਜੋਂ ਬਣ ਰਹੀ ਹੈ ਇਸ ਬਾਰੇ ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਜਦੋਂ ਚਾਂਦੀ ਦੀ ਮੂਰਤੀ ਬਣਾਉਣ ਦੀ ਗੱਲ ਹੋਈ ਤਾਂ 216 ਕਿਲੋ ਚਾਂਦੀ ਸਿਰਫ ਕੁਝ ਮਿੰਟਾਂ ਵਿੱਚ ਹੀ ਸੰਗਤਾਂ ਵਲੋ ਸੇਵਾ ਵਿੱਚ ਦਾਨ ਉਨ੍ਹਾਂ ਆਪਣੀ ਆਉਣ ਵਾਲੀ ਯੋਜਨਾ ਬਾਰੇ ਦੱਸਦਿਆਂ ਕਿਹਾ ਕਿ ਬੱਚਿਆ ਵਿੱਚ ਬਹੁਤ ਪ੍ਰਤਿਭਾ ਹੈ ਜਿਸ ਨੂੰ ਉਜਾਗਰ ਕਰਨ ਲਈ ਮਾਰਚ 2024 ਤੱਕ ਪ੍ਰੋਗਰਾਮ ਟੈਲੇਂਟ ਹੰਟ ਹੁਸ਼ਿਆਰਪੁਰ ਵਿਖੇ ਕਰਵਾਇਆ ਜਾਵੇਗਾ। ਉਨ੍ਹਾਂ ਵਲੋਂ ਐਨ ਸੀ ਸੀ ਦੇ ਬੱਚੇ ਵੀ ਅਡੋਪਟ ਕੀਤੇ ਗਏ ਹਨ ਤੇ ਸਮੇਂ ਸਮੇਂ ਤੇ ਉਨ੍ਹਾਂ ਵਲੋਂ ਲੋਕਾਂ ਨੂੰ ਮੌਸਮ ਮੁਤਾਬਕ ਕੱਪੜੇ, ਕੰਬਲ ਆਦਿ ਵੀ ਦਿੱਤੇ ਜਾਂਦੇ ਰਹਿੰਦੇ ਹਨ ਤੇ ਵਿਸੇਸ਼ ਰੂਪ ਵਿਚ ਟੀ ਬੀ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਲਈ ਡਾਇਟ ਵੀ ਦਿੱਤੀ ਜਾਂਦੀ ਰਹਿੰਦੀ ਹੈ। ਉਨ੍ਹਾਂ ਦੱਸਿਆ ਕਿ ਅਖਿਲ ਭਾਰਤੀਯ ਅਗਰਵਾਲ ਸੰਮੇਲਨ ਕਿਸੇ ਵੀ ਵਰਗ ਦੇ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਲਈ ਹਮੇਸ਼ਾ ਤਤਪਰ ਰਹਿੰਦਾ ਹੈ ਤੇ ਅੱਗੇ ਵੀ ਇਸੇ ਤਰ੍ਹਾਂ ਸਹਾਇਤਾ ਕਰਦਾ ਰਹੇਗਾ।

ਦਲਜੀਤ ਸਿੰਘ ਅਜਨੋਹਾ
ਬਿਊਰੋ ਚੀਫ਼
98721-83601

















# ਲੜਾਈ ਫਸਲਾਂ ਦੀ ਨਹੀਂ ਨਸਲਾਂ ਦੀ ਅਤੇ ਸਿੱਖਾਂ ਦੀ ਹੋਂਦ ਦੀ ਹੈ

- ਸਿੱਖ ਧਰਮ ਨੂੰ ਇੱਕ ਵੱਖਰੇ ਵੱਖਰੇ ਧਰਮ ਵਜੋਂ ਮਾਨਤਾ ਦੇਣ ਲਈ ਭਾਰਤੀ ਸੰਵਿਧਾਨ ਵਿੱਚ ਸੋਧ ਕੀਤੀ ਜਾਵੇ
- ਅਮਰੀਕਾ ਦੇ ਸਿੱਖਾਂ ਦੀਆਂ ਸਿਰਮੌਰ ਜਥੇਬੰਦੀਆਂ ਵਲੋਂ ਕਿਸਾਨ ਮੋਰਚੇ ਦੀ ਤਨ ਮਨ ਧੰਨ ਨਾਲ ਹਮਾਇਤ



ਨਿਊਯਾਰਕ : ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸਸੀਸੀਈਸੀ) ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਦੇ ਸੱਦੇ 'ਤੇ ਅੱਜ ਭਾਰਤ ਵਿੱਚ ਕਿਸਾਨ ਸੰਘਰਸ਼ (ਫਾਰਮਰਜ਼ ਪ੍ਰੋਟੈਸਟ-2024) ਦੀ ਹਮਾਇਤ ਵਿੱਚ ਅਮਰੀਕਾ ਦੇ ਗੁਰਦੁਆਰਿਆਂ, ਕਿਸਾਨ ਹਮਾਇਤੀਆਂ ਅਤੇ ਪੰਥਕ ਜੱਥੇਬੰਦੀਆਂ ਦੀ ਇੱਕ ਵਿਸ਼ਾਲ ਕਨਵੈਨਸ਼ਨ ਗੁਰਦੁਆਰਾ ਦਸਮੇਸ਼ ਦਰਬਾਰ ਕਾਰਟਰੇਟ, ਨਿਊਜਰਸੀ ਵਿਖੇ ਹੋਈ। ਇਸ ਵਿੱਚ ਅਮਰੀਕਾ ਦੇ ਸਿੱਖ ਨੁਮਾਇੰਦਿਆਂ ਤੇ ਕਿਸਾਨ ਸਮਰਥਕਾਂ ਨੇ ਸਾਂਝੇ ਤੌਰ 'ਤੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿੱਚ ਡੱਟ ਕੇ ਖੜ੍ਹੇ ਹੋਣ ਦਾ ਭਰੋਸਾ ਦਿੱਤਾ। ਅੱਜ ਦੀ ਇਸ ਵਿਸ਼ਾਲ ਕਨਵੈਨਸ਼ਨ 'ਚ ਸ਼ਾਮਲ ਬੁਲਾਰਿਆਂ ਵਿੱਚ ਡਾ. ਪ੍ਰਿਤਪਾਲ ਸਿੰਘ, ਹਿੰਮਤ ਸਿੰਘ, ਹਰਜਿੰਦਰ ਸਿੰਘ, ਬੂਟਾ ਸਿੰਘ ਖੜੌਦ, ਰਾਜਭਿੰਦਰ ਸਿੰਘ ਬਦੇਸ਼ਾ, ਨਰਿੰਦਰ ਸਿੰਘ, ਰਜਿੰਦਰ ਸਿੰਘ, ਬਲਵਿੰਦਰ ਸਿੰਘ ਚੱਠਾ, ਧਰਮ ਸਿੰਘ, ਬਲਜਿੰਦਰ ਸਿੰਘ, ਪ੍ਰਿਤਪਾਲ ਸਿੰਘ ਖਾਲਸਾ, ਜਸਬੀਰ ਸਿੰਘ, ਡਾ. ਬਖਸ਼ੀਸ਼ ਸਿੰਘ, ਦਵਿੰਦਰ ਸਿੰਘ ਦਿਓ, ਗੁਰਮੇਲ ਸਿੰਘ, ਗੁਰਨਿੰਦਰ ਸਿੰਘ, ਬਖਸ਼ੀਸ਼ ਸਿੰਘ, ਸਤਨਾਮ ਸਿੰਘ ਵਿਰਕ, ਗੁਰਇੱਕਪ੍ਰੀਤ ਸਿੰਘ, ਪ੍ਰਧਾਨ ਇੰਦਰਜੀਤ ਸਿੰਘ, ਸਕੱਤਰ ਸਰਵਣ ਸਿੰਘ ਤੋਂ ਇਲਾਵਾ ਸ਼ਾਮਲ ਪਤਵੰਤਿਆਂ ਵਿਚ ਬਰਜਿੰਦਰ ਸਿੰਘ ਬਰਾੜ, ਜੁਗਰਾਜ ਸਿੰਘ, ਕੇਵਲ ਸਿੰਘ ਸੰਧੂ, ਸਰਬਜੀਤ ਸਿੰਘ, ਪ੍ਰਦੀਪ ਸਿੰਘ, ਹਰਮਿੰਦਰ ਸਿੰਘ ਆਹਲੂਵਾਲੀਆ, ਪਿਆਰਾ ਸਿੰਘ ਅਤੇ ਇਸ ਤੋਂ ਇਲਾਵਾ ਬਹੁਤ ਭਾਰੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ।

**ਇਕੱਤਰਤਾ ਵਿਚ ਹੇਠ ਲਿਖੇ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ:**

ਕਿਸਾਨ ਲੋਕਾਈ ਦੀ ਸ਼ਾਨ ਅਤੇ ਜਾਨ ਹਨ। 'ਜੇ ਕਿਸਾਨ ਨਹੀਂ -ਤਾਂ ਭੋਜਨ ਨਹੀਂ'। ਕਿਸਾਨਾਂ ਦੇ ਪੁੱਤਰ ਅਤੇ ਧੀਆਂ ਤੁਹਾਡੀਆਂ ਸਰਹੱਦਾਂ ਦੀ ਰਾਖੀ ਕਰਦੇ ਹਨ। ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਨਾ ਬੰਦ ਕਰੋ ਅਤੇ ਉਨ੍ਹਾਂ ਦੀਆਂ ਹੇਠ ਲਿਖੀਆਂ ਜਾਇਜ਼ ਮੰਗਾਂ ਨੂੰ ਪ੍ਰਵਾਨ ਕੀਤਾ ਜਾਵੇ।

ਮਿਥੀਆਂ ਗਈਆਂ 23 ਫਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ ਤੇ ਨਾਲ ਹੀ + 50% ਓਵਰਹੈੱਡ ਪ੍ਰੀਮੀਅਮ ਨੂੰ ਕਵਰ ਕਰਨ ਲਈ MSP ਨੂੰ ਕਾਨੂੰਨੀ ਮਾਨਤਾ ਦੇਣ ਦਾ ਕੰਮ ਫੌਰੀ ਤੌਰ 'ਤੇ ਕੀਤਾ ਜਾਵੇ।

ਉਸ ਕੇਂਦਰੀ ਮੰਤਰੀ ਨੂੰ ਬਰਖਾਸਤ ਕਰੋ ਜਿਸ ਦੇ ਪੁੱਤਰ ਉੱਤੇ ਅਕਤੂਬਰ 2021 ਵਿੱਚ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲ੍ਹੇ ਵਿੱਚ ਕਿਸਾਨਾਂ ਉੱਤੇ ਆਪਣੀ ਕਾਰ ਚੜ੍ਹਾਉਣ ਦਾ ਦੋਸ਼ ਹੈ।

ਲਖੀਮਪੁਰ ਖੀਰੀ ਕਾਂਡ ਦੇ ਸ਼ਿਕਾਰ ਕਿਸਾਨਾਂ ਵਿਰੁੱਧ ਦਰਜ ਸਾਰੇ ਝੂਠੇ ਅਪਰਾਧਿਕ ਕੇਸ ਵਾਪਸ ਲਏ ਜਾਣ।

ਪੰਜਾਬ ਅਤੇ ਰਾਜਸਥਾਨ ਦਾ ਬਾਰਡਰ ਜੋ ਕਿ ਪਾਕਿਸਤਾਨ ਨਾਲ ਲਗਦਾ ਉਥੋਂ ਗੁਜਰਾਤ ਦੀ ਤਰ੍ਹਾਂ ਹੀ ਵਪਾਰ ਦੀ ਖੁੱਲ ਦਿੱਤੀ ਜਾਵੇ ਤਾਂ ਜੋ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਅਤੇ ਹੋਰ ਕਾਰੋਬਾਰੀਆਂ ਨੂੰ ਵੀ ਵੱਡਾ ਆਰਥਿਕ ਫਾਇਦਾ ਹੋ ਸਕੇ।

ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਹੇਠ ਜਨਮਤ ਸੰਗ੍ਰਹਿ ਦੇ ਨਾਲ ਪੰਜਾਬ ਨੂੰ ਸਵੈ-ਨਿਰਣੇ ਦਾ ਅਧਿਕਾਰ ਹੈ।

ਸਾਡੀ ਜ਼ਮੀਨ, ਪਾਣੀ ਅਤੇ ਕੁਦਰਤੀ ਸੋਮਿਆਂ 'ਤੇ ਪਹਿਲਾ ਹੱਕ ਪੰਜਾਬ ਦੇ ਲੋਕਾਂ ਦਾ ਹੈ ਜੋ ਕਿ ਉਹਨਾਂ ਨੂੰ ਦਿੱਤਾ ਜਾਵੇ ।

ਡਾਇਸਪੋਰਾ ਵਿਚ ਸਿੱਖ ਸ਼ੰਘਰਸ਼ ਦੇ ਨੇਤਾਵਾਂ ਦੇ ਨੂੰ ਖਤਮ ਕਰਨ ਤੇ ਹਮਲੇ ਕਰਨ ਵਾਲੇ ਅੰਤਰ-ਰਾਸ਼ਟਰੀ ਜਬਰ (TNR) ਨੂੰ ਰੋਕੋ।

ਸਾਰੇ ਬੰਦੀ ਸਿੰਘਾਂ (ਸਿੱਖ ਸਿਆਸੀ ਕੈਦੀਆਂ) ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਬੰਦ ਕੀਤੀ ਜਾਵੇ। ਸਿੱਖ ਧਾਰਮਿਕ ਸਥਾਨਾਂ ਦੀ ਬੇਅਦਬੀ ਅਤੇ ਬਰਬਾਦੀ ਕਰਨ ਦੀਆਂ ਕਾਰਵਾਈਆਂ ਤੋਂ ਭਾਰਤ ਬਾਜ਼ ਆਵੇ।

ਸਿੱਖ ਧਰਮ ਨੂੰ ਇੱਕ ਵੱਖਰੇ ਵੱਖਰੇ ਧਰਮ ਵਜੋਂ ਮਾਨਤਾ ਦੇਣ ਲਈ ਭਾਰਤੀ ਸੰਵਿਧਾਨ ਵਿੱਚ ਸੋਧ ਕੀਤੀ ਜਾਵੇ।

ਪੱਖਪਾਤੀ ਦੋ-ਪੱਧਰੀ ਭਾਰਤੀ ਨਿਆਂਪ੍ਰਣਾਲੀ ਨੂੰ ਬੰਦ ਕਰੋ ਜੋ ਬਹੁਗਿਣਤੀ ਹਿੰਦੂ ਭਾਈਚਾਰੇ ਦਾ ਪੱਖ ਪੂਰਦੀ ਹੈ ਅਤੇ ਘੱਟ ਗਿਣਤੀਆਂ ਨੂੰ ਸਜ਼ਾਵਾਂ ਤੇ ਤਸ਼ੱਦਦ ਦਾ ਸ਼ਿਕਾਰ ਬਣਾਉਂਦੀ ਹੈ। ਪੰਜਾਬ ਵਿੱਚ ਇੰਟਰਨੈੱਟ ਸੇਵਾ ਤੁਰੰਤ ਬਹਾਲ ਕੀਤੀ ਜਾਵੇ।



# ਭਾਜਪਾ ਨੇ ਅਧਿਆਪਕ ਭਰਤੀ 'ਚ ਦਲਿਤਾਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਹੱਕ ਖੋਹੇ: ਰਾਹੁਲ ਗਾਂਧੀ








ਨਵੀਂ ਦਿੱਲੀ: ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਅੱਜ ਦੋਸ਼ ਲਗਾਇਆ ਕਿ ਉੱਤਰ ਪ੍ਰਦੇਸ਼ 'ਚ ਭਾਜਪਾ ਸਰਕਾਰ ਨੇ ਅਧਿਆਪਕਾਂ ਦੀ ਭਰਤੀ ਵਿੱਚ ਦਲਿਤਾਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਹੱਕ ਖੋਹੇ ਹਨ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ 69,000 ਅਧਿਆਪਕਾਂ ਦੀ ਭਰਤੀ ਦਾ ਘੁਟਾਲਾ ਭਾਜਪਾ ਦੀ ਰਾਖਵਾਂਕਰਨ ਵਿਰੋਧੀ ਮਾਨਸਿਕਤਾ ਦਾ ਸਬੂਤ ਹੈ। ਗਾਂਧੀ ਨੇ 'ਐਕਸ' ਉੱਤੇ ਹਿੰਦੀ ਵਿੱਚ ਪਾਈ ਇਕ ਪੋਸਟ 'ਚ ਦੋਸ਼ ਲਗਾਇਆ, "ਮੁੱਢਲੀ ਸਿੱਖਿਆ (ਅਧਿਆਪਕ) ਸੇਵਾ ਨਿਯਮ 1981 ਅਤੇ ਸੇਵਾਵਾਂ (ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਰਾਖਵਾਂਕਰਨ) ਐਕਟ 1984 ਨੂੰ ਅਣਗੌਲਿਆਂ ਕਰ ਕੇ ਭਾਜਪਾ ਸਰਕਾਰ ਨੇ ਦਲਿਤਾਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਹੱਕ ਖੋਹੇ ਹਨ।

# ਪੁਲਿਸ ਨੇ ਵਾਟਰ ਕੈਨਨ ਦੀ ਵਰਤੋਂ ਕਰਦੇ ਹੋਏ ਯੂਥ ਕਾਂਗਰਸ ਵਰਕਰਾਂ ਦੇ ਰੋਸ ਮਾਰਚ ਨੂੰ ਰਾਜਸਥਾਨ ਦੇ ਮੁੱਖ ਮੰਤਰੀ ਦੀ ਰਿਹਾਇਸ਼ ਤੱਕ ਘੇਰਾਓ





ਜੈਪੁਰ: ਰਾਜੀਵ ਗਾਂਧੀ ਯੁਵਾ ਮਿੱਤਰ ਯੋਜਨਾ ਤਹਿਤ ਕੰਮ ਕਰ ਰਹੇ ਲੋਕਾਂ ਨੂੰ ਮੁੜ ਰੁਜ਼ਗਾਰ ਦੇਣ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀ ਯੂਥ ਕਾਂਗਰਸ ਵਰਕਰਾਂ ਨੂੰ ਖਿੰਡਾਉਣ ਲਈ ਪੁਲਿਸ ਨੇ ਬੁੱਧਵਾਰ ਨੂੰ ਪਾਣੀ ਦੀਆਂ ਤੋਪਾਂ ਦੀ ਵਰਤੋਂ ਕੀਤੀ ਅਤੇ ਲਾਠੀਚਾਰਜ ਕੀਤਾ। ਭਾਜਪਾ ਸਰਕਾਰ ਨੇ ਰਾਜਸਥਾਨ ਵਿੱਚ ਸੱਤਾ ਵਿੱਚ ਆਉਣ ਤੋਂ ਹਫ਼ਤੇ ਬਾਅਦ ਰਾਜੀਵ ਗਾਂਧੀ ਯੁਵਾ ਮਿੱਤਰ ਸਕੀਮ, ਪਿਛਲੀ ਕਾਂਗਰਸ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਸੀ। ਇਸ ਸਕੀਮ ਤਹਿਤ 'ਯੁਵਾ ਮਿੱਤਰਾਂ' ਨੂੰ ਸਰਕਾਰੀ ਸੇਵਾਵਾਂ ਪ੍ਰਤੀ ਜਾਗਰੂਕ ਕਰਨ ਲਈ ਲਗਾਇਆ ਗਿਆ ਅਤੇ ਵਜੀਫੇ ਦਿੱਤੇ ਗਏ। ਸ਼ਹੀਦ ਸਮਾਰਕ ਵਿਖੇ ਮੀਟਿੰਗ ਕਰਨ ਤੋਂ ਬਾਅਦ ਯੂਥ ਕਾਂਗਰਸ ਦੇ ਵਰਕਰਾਂ ਨੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਦੀ ਰਿਹਾਇਸ਼ ਦਾ ਘਿਰਾਓ ਕਰਨ ਲਈ ਮਾਰਚ ਸ਼ੁਰੂ ਕੀਤਾ। ਪ੍ਰਦਰਸ਼ਨਕਾਰੀਆਂ ਨੂੰ ਪੁਲੀਸ ਕਮਿਸ਼ਨਰੇਟ ਨੇੜੇ ਰੋਕ ਲਿਆ ਗਿਆ। ਜਦੋਂ ਉਨ੍ਹਾਂ ਨੇ ਚੇਤਾਵਨੀ ਵੱਲ ਧਿਆਨ ਨਹੀਂ ਦਿੱਤਾ, ਤਾਂ ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ ਅਤੇ ਪਾਣੀ ਦੀਆਂ ਤੋਪਾਂ ਦੀ ਵਰਤੋਂ ਕੀਤੀ। ਧਰਨੇ ਵਿੱਚ ਸ਼ਾਮਲ ਹੋਏ ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਬੀਵੀ ਸ੍ਰੀਨਿਵਾਸ ਨੇ ਕਿਹਾ ਕਿ 5000 ਰਾਜੀਵ ਗਾਂਧੀ ਯੁਵਾ ਮਿੱਤਰ ਨੂੰ ਮੁੜ ਰੁਜ਼ਗਾਰ ਦਿੱਤਾ ਜਾਵੇ।

ਉਨ੍ਹਾਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਜਪਾ ਨੇ ਝੂਠੇ ਵਾਅਦੇ ਕਰਕੇ ਸਰਕਾਰ ਬਣਾਈ ਹੈ। ਕੇਂਦਰ ਨੇ ਇੱਕ ਵੀ ਵਾਅਦਾ ਪੂਰਾ ਨਾ ਕਰਨ ਦਾ ਦਾਅਵਾ ਕਰਦਿਆਂ ਸ੍ਰੀਨਿਵਾਸ ਨੇ ਕਿਹਾ ਕਿ ਭਾਜਪਾ ਨੇ ਹਰੇਕ ਨਾਗਰਿਕ ਦੇ ਬੈਂਕ ਖਾਤਿਆਂ ਵਿੱਚ 15 ਲੱਖ ਰੁਪਏ ਜਮ ?ਹਾਂ ਕਰਵਾਉਣ ਦਾ ਵਾਅਦਾ ਕੀਤਾ ਸੀ ਪਰ ਅਜਿਹਾ ਨਹੀਂ ਹੋਇਆ। ਸ੍ਰੀਨਿਵਾਸ ਨੇ ਇਹ ਵੀ ਕਿਹਾ ਕਿ ਸਰਕਾਰ ਨੂੰ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ।

ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਅਭਿਮਨਿਊ ਪੂਨੀਆ ਨੇ ਕਿਹਾ ਕਿ ਰਾਜ ਸਰਕਾਰ ਸਿਰਫ਼ ਢਾਈ ਮਹੀਨਿਆਂ ਵਿੱਚ ਹੀ ਆਪਣਾ ਭਰੋਸਾ ਗੁਆ ਚੁੱਕੀ ਹੈ। ਉਨ੍ਹਾਂ ਕਿਹਾ, 'ਸਰਕਾਰ ਨੌਜਵਾਨਾਂ ਅਤੇ ਕਿਸਾਨਾਂ ਨਾਲ ਕੀਤੇ ਵਾਅਦਿਆਂ 'ਤੇ ਖਰੀ ਨਹੀਂ ਉਤਰ ਰਹੀ ਹੈ। ਸੂਬੇ ਵਿੱਚ ਬੇਰੁਜ਼ਗਾਰ ਨੌਜਵਾਨਾਂ ਲਈ ਕੋਈ ਨੌਕਰੀ ਦਾ ਪ੍ਰਬੰਧ ਨਹੀਂ ਕੀਤਾ ਗਿਆ।'

# ਮਿਲਾਨ 2024 ਦੇ ਉਦਘਾਟਨੀ ਸਮਾਰੋਹ ਵਿੱਚ ਰਾਜਨਾਥ ਸਿੰਘ






ਵਿਸ਼ਾਖਾਪਟਨਮ : ਰੱਖਿਆ ਮੰਤਰੀ ਰਾਜਨਾਥ ਸਿੰਘ ਬੁੱਧਵਾਰ ਨੂੰ ਵਿਸ਼ਾਖਾਪਟਨਮ ਵਿੱਚ ਮਿਲਾਨ 2024 ਦੇ ਉਦਘਾਟਨੀ ਸਮਾਰੋਹ ਵਿੱਚ ਭਾਰਤੀ ਜਲ ਸੈਨਾ ਦੇ ਮੁਖੀ ਐਡਮਿਰਲ ਆਰ ਹਰੀ ਕੁਮਾਰ ਅਤੇ ਹੋਰ ਪਤਵੰਤਿਆਂ ਨਾਲ ਇੱਕ ਸਮੂਹ ਤਸਵੀਰ ਲਈ ਪੋਜ਼ ਦਿੰਦੇ ਹੋਏ।

# ਜੈਤੋ ਮੋਰਚਾ : ਸਿੱਖੀ-ਸਿਦਕ ਤੇ ਕੁਰਬਾਨੀ ਦੀ ਅਨੂਠੀ ਦਾਸਤਾਨ

**ਡਾ. ਮਹਿੰਦਰ ਸਿੰਘ**



ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਅਜ਼ਾਦ ਕਰਾਉਣ ਲਈ ਸਿਦਕੀ ਸਿੱਖਾਂ ਵਲੋਂ ਚਲਾਈ ਗਈ ਗੁਰਦੁਆਰਾ ਸੁਧਾਰ ਲਹਿਰ, ਜਿਸ ਨੂੰ ਅਸੀਂ ਅਕਾਲੀ ਲਹਿਰ ਵੀ ਆਖਦੇ ਹਾਂ; ਦੇ ਦੌਰਾਨ ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਗੰਗ ਸਾਹਿਬ ਜੈਤੋ ਵਿਖੇ ਸ਼ਹੀਦ ਹੋਏ ਸਿੰਘ ਸਿੰਘਣੀਆਂ ਦਾ ਸਿੱਖ ਇਤਿਹਾਸ ਵਿਚ ਇਕ ਮਹੱਤਵਪੂਰਨ ਸਥਾਨ ਹੈ। ਇਹ ਸਿਦਕ ਤੇ ਕੁਰਬਾਨੀ ਦੀ ਇਕ ਅਦੁੱਤੀ ਮਿਸਾਲ ਹੈ, ਜਿਸ ਨੂੰ ਅਸੀਂ ਨਿਤਾਪ੍ਰਤੀ ਅਰਦਾਸ ਵਿਚ ਯਾਦ ਕਰਦੇ ਹਾਂ। ਜੈਤੋ ਦਾ ਸ਼ਹੀਦੀ ਸਾਕਾ ਮਹਾਰਾਜਾ ਰਿਪੁਦਮਨ ਸਿੰਘ ਨੂੰ ਉਸ ਦੀ ਗੱਦੀ ’ਤੇ ਬਹਾਲ ਕਰਨ ਲਈ ਅਕਾਲੀਆਂ ਵਲੋਂ ਚਲਾਏ ਗਏ ਮੋਰਚੇ ਦੌਰਾਨ ਨਾਭਾ ਰਿਆਸਤ ਦੀ ਪੁਲਿਸ ਵਲੋਂ ਨਿਹੱਥੇ ਤੇ ਸ਼ਾਂਤਮਈ ਜਥੇ ’ਤੇ ਚਲਾਈਆਂ ਗਈਆਂ ਗੋਲੀਆਂ ਦਾ ਨਤੀਜਾ ਸੀ। 21 ਫਰਵਰੀ, 1921 ਦੇ ਨਨਕਾਣੇ ਦੇ ਸ਼ਹੀਦੀ ਸਾਕੇ ਦੇ ਜ਼ਖ਼ਮ ਅਜੇ ਅੱਲੇ ਹੀ ਸਨ ਕਿ ਠੀਕ 3 ਸਾਲਾਂ ਬਾਅਦ 21 ਫਰਵਰੀ, 1924 ਨੂੰ ਜੈਤੋ ਦੇ ਮੋਰਚੇ ਸਮੇਂ ਪੁਲਿਸ ਵਲੋਂ ਕੀਤੀ ਗਈ ਤਸ਼ੱਦਦ ਨੇ ਜ਼ਖ਼ਮ ਮੁੜ ਕੁਰੇਦ ਦਿੱਤੇ। ਜੈਤੋ ਮੋਰਚੇ ਦਾ ਜ਼ਿਕਰ ਕਰਨ ਤੋਂ ਪਹਿਲਾਂ ਨਾਭੇ ਦੀ ਸਿੱਖ ਰਿਆਸਤ ਵਿਚ ਅੰਗਰੇਜ਼ੀ ਹਕੂਮਤ ਵਲੋਂ ਕੀਤੀਆਂ ਗਈਆਂ ਵਧੀਕੀਆਂ ਤੇ ਪਿਛੋਕੜ ਦਾ ਵਰਨਣ ਜ਼ਰੂਰੀ ਹੋਵੇਗਾ।

ਸਿੱਖ ਰਿਆਸਤਾਂ ਵਿਚ ਅਕਾਲੀ ਲਹਿਰ-ਮਹਾਰਾਜਾ ਰਿਪੁਦਮਨ ਸਿੰਘ ਦੀ ਸਿੱਖ ਭਾਈਚਾਰੇ ਦੇ ਗਰਮ-ਖਿਆਲ ਹਲਕੇ ਦੀ ਹਮਾਇਤ ਪ੍ਰਾਪਤ ਕਰਨ ਦੀ ਉਤਸੁਕਤਾ, ਅਤੇ ਉਸ ਦੀ ਬਹਾਲੀ ਦੇ ਸਵਾਲ ਨੂੰ ਹੱਥ ਵਿਚ ਲੈਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹੁੰਗਾਰੇ ਦਾ ਸਿੱਟਾ-ਬਰਤਾਨਵੀ ਸਾਮਰਾਜ ਵਿਰੁੱਧ ਅਕਾਲੀ ਸੰਗਰਾਮ ਦਾ ਇਕ ਮਹੱਤਵਪੂਰਨ ਦੌਰ ਹੈ। ਇਸ ਹਕੀਕਤ ਤੋਂ ਇਲਾਵਾ ਕਿ ਦੋ ਅਹਿਮ ਸਿੱਖ ਰਿਆਸਤਾਂ ਦੇ ਹਾਕਮ-ਪਟਿਆਲੇ ਦਾ ਭੂਪਿੰਦਰ ਸਿੰਘ ਅਤੇ ਨਾਭੇ ਦਾ ਰਿਪੁਦਮਨ ਸਿੰਘ-ਇਕ ਜਾਂ ਦੂਜੇ ਤਰੀਕੇ ਨਾਲ ਲਹਿਰ ਦੇ ਠੀਕ ਜਨਮ ਤੋਂ ਹੀ ਇਸ ਦੇ ਅਖ਼ੀਰ ਤੱਕ ਨੇੜਿਓਂ ਜੁੜੇ ਰਹੇ। ਸਿੱਖ ਰਿਆਸਤਾਂ ਵਿਚ ਹੀ ਅਕਾਲੀ ਆਗੂਆਂ ਨੇ, ਕੁੰਜੀਆਂ ਦੇ ਮੋਰਚੇ ਤੇ ਗੁਰੂ ਕਾ ਬਾਗ਼ ਮੋਰਚੇ ਵਿਚ ਆਪਣੀਆਂ ਮੁਢਲੀਆਂ ਸਫਲਤਾਵਾਂ ਮਗਰੋਂ ਅਨਿਸਚਿਤ ਪ੍ਰਾਸੰਗਿਕਤਾ ਦੇ ਇਕ ਮਸਲੇ ਉਤੇ ਹਾਕਮਾਂ ਨੂੰ ਨਵੇਂ ਸਿਰੇ ਤੋਂ ਵੰਗਾਰਿਆ। ਸਿੱਖ ਰਿਆਸਤਾਂ ਵਿਚ ਉਨ੍ਹਾਂ ਦੇ ਅੰਦੋਲਨ ਦੌਰਾਨ ਹੀ ਅਕਾਲੀਆਂ ਨੂੰ ਬਰਤਾਨਵੀ ਅਧਿਕਾਰੀਆਂ ਵਲੋਂ ਅਤਿ ਕਰੜੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਇਨ੍ਹਾਂ ਨਾਲ ਜੁੜੇ ਹੋਏ ਭਿੰਨ-ਭਿੰਨ ਜਥਿਆਂ ਨੂੰ ਗ਼ੈਰ ਕਾਨੂੰਨੀ ਸੰਸਥਾਵਾਂ’ ਗਰਦਾਨ ਕੇ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਕਾਰਗਰ ਤਰੀਕੇ ਨਾਲ ਰੋਕਣ ਦਾ ਫ਼ੈਸਲਾ ਕੀਤਾ। ਫਿਰ ਇਨ੍ਹਾਂ ਰਿਆਸਤਾਂ ਵਿਚ ਹੀ ਸਿੱਖ ਮਹਾਰਾਜੇ, ਸਿੱਖ ਫ਼ੌਜਾਂ, ਸਿੱਖ ਸੁਧਾਰ ਤੇ ਜ਼ਿਲ੍ਹਾ ਕਮੇਟੀਆਂ ਅਤੇ ਭਾਈਚਾਰੇ ਵਿਚਲੇ ਦੂਜੇ ਸੁਆਰਥੀ ਹਿੱਤ ਲੋਕ ਜਮਹੂਰੀ ਲਹਿਰ ਨੂੰ ਕਮਜ਼ੋਰ ਕਰਨ ਲਈ ਸਰਕਾਰ ਦੁਆਲੇ ਇਕੱਠੇ ਹੋਏ।

ਕਿਉਂਕਿ ਸਿੱਖ ਰਿਆਸਤਾਂ ਵਿਚ ਅਕਾਲੀ ਲਹਿਰ ਦਾ ਵਿਸਤ੍ਰਿਤ ਇਤਿਹਾਸ (ਜੋ ਅਸਲ ਵਿਚ ਆਪਣੇ ਹਾਕਮਾਂ ਦੇ ਅਤਿਆਚਾਰਾਂ ਦੇ ਖ਼ਿਲਾਫ਼ ਰਿਆਸਤੀ ਪਰਜਾ ਦੇ ਸੰਗਰਾਮ ਦਾ ਸਮ-ਅਰਥੀ ਬਣ ਗਿਆ ਸੀ ਅਤੇ ਇਸ ਲਈ ਜੋ ਇਕ ਸੁਤੰਤਰ ਅਧਿਐਨ ਦਾ ਵਿਸ਼ਾ ਬਣ ਸਕਦਾ ਹੈ) ਹਥਲੀ ਕਿਰਤ ਦੇ ਦਾਇਰੇ ਅੰਦਰ ਨਹੀਂ ਆਉਂਦਾ, ਇਸ ਕਾਂਡ ਨੂੰ ਮੁੱਖ ਰੂਪ ਵਿਚ ਦੋ ਅਹਿਮ ਸਿੱਖ ਰਿਆਸਤਾਂ-ਨਾਭਾ ਤੇ ਪਟਿਆਲਾ-ਵਿਚ ਅਕਾਲੀ ਸਰਗਰਮੀਆਂ ਤੱਕ ਸੀਮਿਤ ਰੱਖਿਆ ਗਿਆ ਹੈ।

**ਨਾਭੇ ਦੇ ਮਾਮਲੇ ਵਿਚ ਅਕਾਲੀਆਂ ਦਾ ਦਖ਼ਲ**

ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਦੀ ਦਸਤਬਰਦਾਰੀ ਅਤੇ ਇਸ ਮਾਮਲੇ ਵਿਚ ਅਕਾਲੀ ਦਖ਼ਲਅੰਦਾਜ਼ੀ ਅਕਾਲੀ ਲਹਿਰ ਦੇ ਅਤਿ ਵਿਵਾਦਗ੍ਰਸਤ ਮਾਮਲਿਆਂ ਵਿਚੋਂ ਇਕ ਹੈ। ਮਹਾਰਾਜਾ ਨੂੰ ਜਿਹੜਾ 20 ਦਸੰਬਰ, 1911 ਨੂੰ ਤਖ਼ਤ ਉਤੇ ਬੈਠਾ ਸੀ, 9 ਜੁਲਾਈ, 1923 ਨੂੰ ਉਸ ਦੇ ਨਾਬਾਲਗ਼ ਪੁੱਤਰ ਪ੍ਰਤਾਪ ਸਿੰਘ ਦੇ ਪੱਖ ਵਿਚ ਗੱਦੀਓਂ ਲਾਹ ਦਿੱਤਾ ਗਿਆ।

ਮਹਾਰਾਜੇ ਦੀ ਦਸਤਬਰਦਾਰੀ ਅਤੇ ਉਸ ਨੂੰ ਦੇਹਰਾਦੂਨ ਭੇਜੇ ਜਾਣ ਦੀ ਖ਼ਬਰ ਜਿਵੇਂ ਹੀ ਲੋਕਾਂ ਵਿਚ ਪੁੱਜੀ, ਸਥਾਨਕ ਅਖ਼ਬਾਰਾਂ, ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਤੇ ਰਾਸ਼ਟਰੀ ਆਗੂਆਂ ਵਿਚ ਤਿੱਖਾ ਪ੍ਰਤੀਕਰਮ ਹੋਇਆ। ਅਕਾਲੀ ਪੱਖੀ ਅਖ਼ਬਾਰਾਂ ਨੇ, ਜਿਹੜੇ ਪਹਿਲਾਂ ਹੀ ਰਿਪੁਦਮਨ ਸਿੰਘ ਦੇ ਹੱਕ ਵਿਚ ਪ੍ਰਚਾਰ ਕਰ ਰਹੇ ਸਨ, ਦੋਹਰਾ ਪ੍ਰਤੀਕਰਮ ਦਿਖਾਇਆ: 1. ਨਾਭਾ ਵਿਚ ਸਰਕਾਰੀ ਦਖ਼ਲ ਵਿਰੁੱਧ ਜ਼ਬਰਦਸਤ ਰੋਸ ਅਤੇ 2. ਮਹਾਰਾਜੇ ਦੀ ਹੋਰ ਜ਼ਿਆਦਾ ਮਹਿਮਾ। ਇਨ੍ਹਾਂ ਅਖ਼ਬਾਰਾਂ ਨੇ ਇਸ ਸਰਕਾਰੀ ਦਾਅਵੇ ਨੂੰ ਚੁਣੌਤੀ ਦਿੱਤੀ ਕਿ ਮਹਾਰਾਜਾ ਆਪਣੇ ਆਪ ਦਸਤਬਰਦਾਰ ਹੋਇਆ ਹੈ ਅਤੇ ਐਲਾਨ ਕੀਤਾ ਕਿ ਸਰਕਾਰ ਵਲੋਂ ਜਾਰੀ ਕੀਤੇ ਬਿਆਨ ਝੂਠੇ ਤੇ ਗੁੰਮਰਾਹ ਕਰਨ ਵਾਲੇ ਹਨ। 13 ਅਗਸਤ, 1923 ਨੂੰ ਅਕਾਲੀ ਅਖ਼ਬਾਰ ਨੇ ਲਿਖਿਆ: ਉਸ ਦੇ ਖ਼ਿਲਾਫ਼ ਲਾਏ ਗਏ ਦੋਸ਼ ਗੰਭੀਰ ਹਨ ਅਤੇ ਉਨ੍ਹਾਂ ਦਾ ਮੂੰਹ ਤੋੜ ਜਵਾਬ ਦੇਣਾ ਜ਼ਰੂਰੀ ਹੈ, ਵਰਨਾ ਚੁੱਪ ਦਾ ਇਹ ਅਰਥ ਲਿਆ ਜਾਵੇਗਾ ਕਿ ਉਹ ਠੀਕ ਤੱਥਾਂ ’ਤੇ ਆਧਾਰਿਤ ਹਨ।

ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂਆਂ, ਜਿਹੜੇ ਵੈਸੇ ‘ਮਹਾਰਾਜੇ ਦੇ ਹਮਾਇਤੀ ਨਹੀਂ ਸਨ, ਨੇ ਵੀ ਉਸ ਨੂੰ ‘ਰਾਸ਼ਟਰਵਾਦੀ ਸ਼ਹਿਜ਼ਾਦਾ’ ਆਖ ਕੇ ਵਡਿਆਇਆ ਅਤੇ ਕਿਹਾ ਕਿ ਉਸ ਨੂੰ ਉਹ ਦੀਆਂ ਤਰੁੱਟੀਆਂ ਕਾਰਨ ਨਹੀਂ, ਸਗੋਂ ਉਹਦੇ ਗੁਣਾਂ ਕਾਰਨ ਗੱਦੀਓਂ ਲਾਹਿਆ ਗਿਆ ਹੈ।’

ਇਉਂ ਇਕ ਮਜ਼ਬੂਤ ਲੋਕ ਰਾਇ ਬਣ ਜਾਣ ਉੱਤੇ, ਗਰਮ-ਖ਼ਿਆਲ ਅਕਾਲੀ ਆਗੂ, ਮਾਸਟਰ ਤਾਰਾ ਸਿੰਘ ਨੇ ਨਾਭੇ ਦੇ ਮਹਾਰਾਜਾ ਦੀ ਬਹਾਲੀ ਲਈ ਅਕਾਲੀ ਸੰਗਰਾਮ ਲਈ ਮੁਢਲੀ ਤਿਆਰੀ ਦਾ ਕੰਮ ਕੀਤਾ। ਦੋ ਅਕਾਲੀ ਦੈਨਿਕ ਪੱਤਰਾਂ, ਅਕਾਲੀ ਅਤੇ ਅਕਾਲੀ ਤੇ ਪਰਦੇਸੀ ਵਿਚ ਲੜੀਵਾਰ ਪੁਰਜ਼ੋਰ ਲੇਖਾਂ ਰਾਹੀਂ, ਉਸਨੇ ਪੰਜਾਬ ਵਿਚੋਂ ਮਹਾਰਾਜਾ ਦਲੀਪ ਸਿੰਘ ਨੂੰ ਹਟਾਏ ਜਾਣ ਦੀ ਯਾਦ ਤਾਜ਼ਾ ਕਰਾ ਕੇ ਤੇ ਇਸ ਤਰ੍ਹਾਂ ਦੋਹਾਂ ਘਟਨਾਵਾਂ ਵਿਚ ਸਮਾਨਤਾ ਦਰਸਾ ਕੇ ਸਿੱਖ ਭਾਵਨਾਵਾਂ ਉਭਾਰਨ ਦਾ ਯਤਨ ਕੀਤਾ। ਅਕਾਲੀ ਤੇ ਪਰਦੇਸੀ ਦੇ ਇਕ ਪਰਚੇ ਵਿਚ ਉਸ ਨੇ ਲਿਖਿਆ ਸੀ:

ਪੰਥ ਪ੍ਰੇਮੀਓ, ਕੀ ਤੁਸੀਂ ਮਹਾਰਾਜਾ ਦਲੀਪ ਸਿੰਘ ਦੇ ਰਖਵਾਲਿਆਂ ਨੂੰ ਨਾਭਾ ਦੇ ਟਿੱਕਾ ਸਾਹਿਬ ਨੂੰ ਸੰਭਾਲਣ ਦੀ ਆਗਿਆ ਦੇਵੋਗੇ। ਉਠੋ, ਦੀਵਾਨ ਲਾਓ ਤੇ ਤਕਰੀਰਾਂ ਕਰੋ। ਹਰ ਸਿੱਖ ਸੰਸਥਾ ਨੂੰ ਇਸ ਧੋਖਾਧੜੀ ਦੇ ਖ਼ਿਲਾਫ਼ ਜੱਦੋ-ਜਹਿਦ ਦਾ ਤੂਫ਼ਾਨ ਖੜ੍ਹਾ ਕਰਨਾ ਚਾਹੀਦਾ ਹੈ...ਨਿਡਰ ਹੋ ਕੇ ਮੈਦਾਨ ਵਿਚ ਨਿਤਰੋ...।

ਰਿਪੁਦਮਨ ਸਿੰਘ ਨੂੰ ਨਾਭੇ ਦੇ ਤਖ਼ਤ ਉਤੇ ਮੁੜ ਬਿਠਾਉਣ ਦੇ ਸਵਾਲ ਨੂੰ ਚੁੱਕਣ ਸੰਬੰਧੀ ਅਕਾਲੀ ਆਗੂਆਂ ਦੇ ਫ਼ੈਸਲੇ ਨਾਲ, ਉਸਦੀ ਦਸਤਬਰਦਾਰੀ ਦਾ ਮਸਲਾ ਵਿਸ਼ਾਲ ਪਾਸਾਰ ਧਾਰਨ ਕਰ ਗਿਆ ਅਤੇ ਵਿਵਾਦ ਦਾ ਖੇਤਰ ਚੌੜਾ ਹੋ ਗਿਆ। ਸ਼ੁਰੂ ਵਿਚ ਇਸ ਸਵਾਲ ਪ੍ਰਤੀ ਉਨ੍ਹਾਂ ਦੀ ਨੀਤੀ ਬਾਰੇ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੀਆਂ ਰਾਵਾਂ ਵੱਖ ਵੱਖ ਸਨ। ਨਰਮ-ਖਿਆਲ ਮੈਂਬਰ ਮਹਿਸੂਸ ਕਰਦੇ ਸਨ ਕਿ ਦਸਤਬਰਦਾਰੀ ਇਕ ’ਰਾਜਸੀ ਸਵਾਲ’ ਹੈ ਅਤੇ ਇਸ ਲਈ, ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਇਕ ਧਾਰਮਿਕ ਅਦਾਰਾ ਹੈ, ਮਹਾਰਾਜੇ ਦੀ ਬਹਾਲੀ ਦੇ ਸਵਾਲ ਨੂੰ ਹੱਥ ਵਿਚ ਲੈਣ ਦੀ ਅਧਿਕਾਰੀ ਨਹੀਂ। ਇਨ੍ਹਾਂ ਮੈਂਬਰਾਂ ਦੀ ਦਲੀਲ ਸੀ ਕਿ ਜੇ ਅਕਾਲੀ ਆਗੂ ਇਹ ਮਹਿਸੂਸ ਕਰਦੇ ਹਨ ਕਿ ਮਹਾਰਾਜੇ ਨੂੰ ਗੱਦੀ ਤੋਂ ਲਾਹ ਕੇ ਸਰਕਾਰ ਨੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਜ਼ਖ਼ਮੀ ਕੀਤੀਆਂ ਹਨ, ਤਾਂ ਸਿੱਖਾਂ ਦੇ ਰਾਜਨੀਤਕ ਸੰਗਠਨ, ਸਿੱਖ ਲੀਗ ਨੂੰ ਇਹ ਸਵਾਲ ਹੱਥ ਵਿਚ ਲੈਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਬਹੁਤੇ ਮੈਂਬਰ ‘ਹਾਲਾਤ ਉਤੇ ਨਜ਼ਰ ਰੱਖਣ ਅਤੇ ਨਰਮ-ਖਿਆਲ ਰਸਤਾ ਅਖ਼ਤਿਆਰ ਕਰਨ’ ਦੇ ਹੱਕ ਵਿਚ ਸਨ। ਅਕਾਲੀ ਆਗੂਆਂ ਨੇ ਰਸਮੀ ਤੌਰ ’ਤੇ 9 ਜੁਲਾਈ 1923 ਨੂੰ ਇਕ ਕਮਿਊਨਿਕੇ ਜਾਰੀ ਕਰਕੇ ਮਹਾਰਾਜਾ ਦੀ ਬਹਾਲੀ ਦਾ ਸਵਾਲ ਉਠਾਇਆ। ਇਸ ਵਿਚ ਲਿਖਿਆ ਸੀ ਕਿ ਭਾਰਤ ਦੀ ਸਰਕਾਰ ਨੇ ਨਾਭੇ ਦੇ ਜੱਦੀ ਵਾਰਿਸ ਹਾਕਮ ਨੂੰ ਅਨਿਆਈਂ ਤੇ ਜ਼ਬਰਦਸਤੀ ਉਸ ਦੀ ਰਿਆਸਤ ਦੇ ਪ੍ਰਸ਼ਾਸਨ ਤੋਂ ਅਲੱਗ ਕਰ ਦਿੱਤਾ ਹੈ। ਇਸ ਵਿਚ ਸਰਕਾਰ ਉਤੇ ਮਹਾਰਾਜੇ ਨਾਲ ਆਪਹੁਦਰਾ ਸਲੂਕ ਕਰਨ ਦਾ ਵੀ ਇਲਜ਼ਾਮ ਲਾਇਆ ਗਿਆ ਸੀ। 29 ਜੁਲਾਈ ਮਹਾਰਾਜੇ ਦੀ ਬਹਾਲੀ ਲਈ ਅਰਦਾਸ ਕਰਨ ਦਾ ਦਿਨ ਮਿਥਿਆ ਗਿਆ ਅਤੇ 9 ਸਤੰਬਰ ਨੂੰ ਦਿੱਲੀ ਦੇ ਵੱਡੇ ਬਾਜ਼ਾਰਾਂ ਤੇ ਪੰਜਾਬ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਨੰਗੇ ਪੈਰੀਂ ਰੋਸ ਮਾਰਚ ਕਰਨਾ ਮਿਥਿਆ ਗਿਆ। ਅਜਿਹੇ ਮੌਕਿਆਂ ’ਤੇ ਸੰਗਤ ਨੂੰ ਬੇਨਤੀ ਕੀਤੀ ਗਈ ਕਿ ਸਰਕਾਰ ਤੇ ਰਾਜ ਪ੍ਰਤੀਨਿਧ ਦੀ ਕਾਰਵਾਈ ਦੀ ਨਿਖੇਧੀ ਦੇ ਮਤੇ ਪਾਸ ਕੀਤੇ ਜਾਣ ਅਤੇ ਮਹਾਰਾਜੇ ਨੂੰ ਜਿਥੇ ਵੀ ਭੇਜਿਆ ਗਿਆ ਹੋਵੇ ਉਥੇ ਹੀ ਹਮਦਰਦੀ ਦੀਆਂ ਤਾਰਾਂ ਭੇਜੀਆਂ ਜਾਣ। 10 ਜੁਲਾਈ, 1923 ਨੂੰ ਜਾਰੀ ਕੀਤੇ ਗਏ ਇਕ ਹੋਰ ਕਮਿਊਨਿਕੇ ਵਿਚ ਕਿਹਾ ਗਿਆ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਇਹ ਵਿਸ਼ਵਾਸ ਕਰਨ ਦਾ ਨਿੱਗਰ ਆਧਾਰ ਹੈ ਕਿ ਮਹਾਰਾਜਾ ਆਪਣੀ ਮਰਜ਼ੀ ਨਾਲ ਦਸਤਬਰਦਾਰ ਨਹੀਂ ਹੋਇਆ, ਸਗੋਂ ਸਰਕਾਰ ਵਲੋਂ ਦਬਾਅ ਪਾ ਕੇ ਉਸ ਨੂੰ ਤਖ਼ਤੋਂ ਲਾਹਿਆ ਗਿਆ ਹੈ। ਇਹ ਵੀ ਕਿਹਾ ਗਿਆ ਸੀ ਕਿ ਨਾਭਾ ਨੂੰ ਕਮਜ਼ੋਰ ਕਰਨਾ ਸਿਖ ਭਾਈਚਾਰੇ ਦੇ ਇਕ ਅਹਿਮ ਹਿੱਸੇ ਦੇ ਖ਼ਿਲਾਫ਼ ਕਈ ਹੋਰ ਤਬਦੀਲੀਆਂ ਦਾ ਮੁੱਢ ਹੈ।

ਸਰਕਾਰੀ ਹੁਕਮਾਂ ਦਾ ਉਲੰਘਣ ਕਰਕੇ, ਅਕਾਲੀਆਂ ਨੇ ਨਾਭਾ ਰਿਆਸਤ ਦੇ ਵੱਖ-ਵੱਖ ਹਿੱਸਿਆਂ ਵਿਚ ਦੀਵਾਨ ਲਾ ਕੇ ਸਰਕਾਰੀ ਕਾਰਵਾਈ ਉਤੇ ਵਿਚਾਰਾਂ ਵੀ ਕੀਤੀਆਂ ਤੇ ਇਸ ਦੀ ਨਿਖੇਧੀ ਵੀ ਕੀਤੀ। ਇਸੇ ਕਿਸਮ ਦਾ ਇਕ ਦੀਵਾਨ 25 ਅਗਸਤ, 1923 ਨੂੰ ਜੈਤੋ ਵਿਖੇ ਲਾਇਆ ਗਿਆ। ਦੀਵਾਨ ਦੇ ਪਹਿਲੇ ਦਿਨ ਇਕ ਵਿਸ਼ਾਲ ਜਲੂਸ ਕੱਢਿਆ ਗਿਆ। ਤੀਜੇ ਦਿਨ, 27 ਅਗਸਤ, ਨੂੰ ਕੁਝ ਮਤੇ ਪਾਸ ਕੀਤੇ ਗਏ ਜਿਨ੍ਹਾਂ ਦੁਆਰਾ ਮਹਾਰਾਜਾ ਨਾਲ ਹਮਦਰਦੀ ਪ੍ਰਗਟ ਕਰਨ ਤੋਂ ਇਲਾਵਾ ਰਿਆਸਤੀ ਪੁਲਿਸ ਦੀ ਕਾਰਵਾਈ ਦੀ, ਧਰੋਹੀ ਰਿਆਸਤੀ ਅਧਿਕਾਰੀਆਂ ਅਤੇ ਪਟਿਆਲਾ ਦੀ ਗੁਆਂਢੀ ਰਿਆਸਤ ਵਿਚ ਅਕਾਲੀਆਂ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ ਗਈ। ਸਹਾਇਕ ਪ੍ਰਸ਼ਾਸਕ, ਗੁਰਦਿਆਲ ਸਿੰਘ ਦੇ ਹੁਕਮਾਂ ਨਾਲ ਰਿਆਸਤੀ ਪੁਲਿਸ ਨੇ ਪ੍ਰਬੰਧਕਾਂ ਨੂੰ, ਇੰਦਰ ਸਿੰਘ ਤੇ ਹੋਰ ਅਕਾਲੀਆਂ ਨੂੰ ‘ਰਾਜਸੀ ਤਕਰੀਰਾਂ’ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ। ਇਹ ਘਟਨਾ ਅਕਾਲੀਆਂ ਲਈ ਇਕ ਵੰਗਾਰ ਸੀ ਅਤੇ ਸ਼ੁਰੂ ਵਿਚ ਤਿੰਨ ਦਿਨ ਲਈ ਲਾਇਆ ਗਿਆ ਦੀਵਾਨ, ਜਿਹੜਾ 27 ਅਗਸਤ ਨੂੰ ਖ਼ਤਮ ਹੋ ਜਾਣਾ ਸੀ, ਅਨਿਸਚਿਤ ਸਮੇਂ ਲਈ ਵਧਾ ਦਿੱਤਾ ਗਿਆ। ਪਹਿਲਾਂ ਜੈਤੋ ਦਾ ਅਕਾਲੀ ਦੀਵਾਨ ਇਕ




ਸ਼ੰਘਾਈ ਤੋਂ ਆਇਆ ਸਿੰਘਾਂ ਦਾ ਸ਼ਹੀਦੀ ਜਥਾ ਜੈਤੋਂ ਵੱਲ ਜਾਂਦਾ ਹੋਇਆ।

ਸਥਾਨਕ ਮਾਮਲਾ ਸੀ, ਕਿਉਂਕਿ ਬਾਹਰ ਤੋਂ ਅਜੇ ਕੋਈ ਅਕਾਲੀ ਨਹੀਂ ਸੀ ਆਇਆ। ਪਰ ਨਾਭਾ ਪ੍ਰਸ਼ਾਸਨ ਦੀ ਕਾਰਵਾਈ ਨੇ ਰਿਆਸਤ ਤੋਂ ਬਾਹਰ ਦੇ ਅਕਾਲੀ ਆਗੂਆਂ ਦਾ ਧਿਆਨ ਖਿੱਚ ਲਿਆ। ਦੀਵਾਨ ਚਾਲੂ ਰੱਖਣ ਲਈ ਅਤੇ ਸ਼ਾਇਦ ਬਾਹਰੋਂ ਲੋਕਾਂ ਨੂੰ ਖਿੱਚਣ ਲਈ ਪ੍ਰਬੰਧਕਾਂ ਨੇ ਜੈਤੋ ਵਿਖੇ ਅਖੰਡ ਪਾਠ ਸ਼ੁਰੂ ਕਰ ਦਿੱਤਾ। ਨਾਭਾ ਪੁਲਿਸ ਨੇ ਅਕਾਲੀਆਂ ਨੂੰ ਸਮੇਤ ਪਾਠੀ ਸਿੰਘ ਦੇ, ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਤੇ ਇਸ ਤਰ੍ਹਾਂ ਅਖੰਡ ਪਾਠ ਭੰਗ ਹੋਇਆ ਮੰਨ ਲਿਆ ਗਿਆ। ਇਹ ਗੱਲ ਅਕਾਲੀਆਂ ਵਿਚ ਵੱਡੀ ਹਲਚਲ ਦਾ ਕਾਰਨ ਬਣੀ, ਜਿਹੜੇ ਪਹਿਲਾਂ ਹੀ ਮਹਾਰਾਜੇ ਦੀ ਜਬਰੀ ਦਸਤਬਰਦਾਰੀ ਅਤੇ ਦੀਵਾਨ ਦੇ ਪ੍ਰਬੰਧਕਾਂ ਦੀ ਗ੍ਰਿਫ਼ਤਾਰੀ 'ਤੇ ਪ੍ਰੇਸ਼ਾਨ ਸਨ।

29 ਸਤੰਬਰ, 1923 ਨੂੰ ਸ਼ ?ੋਮਣੀ ਕਮੇਟੀ ਨੇ ਇਕ ਲੰਮਾ ਚੌੜਾ ਮਤਾ ਪਾਸ ਕੀਤਾ, ਜਿਸ ਵਿਚ ਅਖੰਡ ਪਾਠ ਵਿਚ ਵਿਘਨ ਪਾਉਣ ਲਈ ਸਰਕਾਰੀ ਕਾਰਵਾਈ ਦੀ ਨਿਖੇਧੀ ਕੀਤੀ ਗਈ ਅਤੇ ਪੂਜਾ ਪਾਠ ਦੀ ਆਜ਼ਾਦੀ ਦੇ ਸਿੱਖਾਂ ਦੇ ਅਧਿਕਾਰ ਨੂੰ ਹਰ ਕੀਮਤ ਉਤੇ ਬਹਾਲ ਕਰਨ ਦੇ ਇਰਾਦੇ ਦਾ ਐਲਾਨ ਕੀਤਾ ਗਿਆ।

**ਜੈਤੋ ਵਿਖੇ ਅਕਾਲੀ ਸੰਗਰਾਮ**

ਇਸ ਤਰ੍ਹਾਂ ਨਾਭਾ ਰਿਆਸਤ ਦਾ ਛੋਟਾ ਜਿਹਾ ਕਸਬਾ ਜੈਤੋ ਜ਼ਬਰਦਸਤ ਅਕਾਲੀ ਮੋਰਚੇ ਦਾ ਦ੍ਰਿਸ਼ ਬਣ ਗਿਆ। ਸੁਤੰਤਰ ਪੂਜਾ ਪਾਠ ਦੇ ਆਪਣੇ ਅਧਿਕਾਰ ਨੂੰ ਪ੍ਰਮਾਣਿਤ ਕਰਨ ਅਤੇ ਮਹਾਰਾਜਾ ਦੀ ਬਹਾਲੀ ਦੀ ਦ੍ਰਿਸ਼ਟੀ ਤੋਂ ਸ਼੍ਰੋਮਣੀ ਕਮੇਟੀ ਨੇ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਤੋਂ ਹਰ ਰੋਜ਼ ਜੈਤੋ ਜਥੇ ਭੇਜਣ ਦਾ ਫ਼ੈਸਲਾ ਕੀਤਾ। ਸ਼ੁਰੂ ਵਿਚ, ਅਕਾਲ ਤਖ਼ਤ ਸਾਹਮਣੇ ਕਰਨੀ, ਕਥਨੀ ਤੇ ਚਿੰਤਨ ਵਿਚ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਰੋਜ਼ 25 ਮੈਂਬਰਾਂ 'ਤੇ ਆਧਾਰਿਤ ਜਥੇ ਜੈਤੋ ਜਾਣ ਲੱਗੇ। ਮਨੋਰਥ ਸੀ:

* ਗੰਗਸਰ, ਜੈਤੋ ਵਿਖੇ ਖੰਡਿਤ ਹੋਇਆ ਅਖੰਡ ਪਾਠ ਮੁੜ ਸ਼ੁਰੂ ਕਰਨਾ ਅਤੇ
* ਸਾਰੇ ਸਿੱਖ ਗੁਰਦੁਆਰਿਆਂ ਵਿਚ ਸੁਤੰਤਰ ਪੂਜਾ ਪਾਠ ਤੇ ਧਾਰਮਿਕ ਇਕੱਠ ਕਰਨ ਲਈ ਸਿੱਖਾਂ ਦੇ ਜਮਾਂਦਰੂ ਅਧਿਕਾਰ ਨੂੰ ਸਥਾਪਤ ਕਰਨ ਵਾਸਤੇ ਹੰਕਾਰੀ ਅਧਿਕਾਰੀਆਂ ਵਲੋਂ ਦਿੱਤੇ ਜਾਣ ਵਾਲੇ ਕਸ਼ਟ ਤੇ ਤਸੀਹੇ ਨਿਮਰਤਾ ਦੀ ਭਾਵਨਾ ਨਾਲ ਝੱਲਣੇ।

ਸੂਬੇ ਦੇ ਬਰਤਾਨਵੀ ਅਧਿਕਾਰੀਆਂ, ਜਿਹੜੇ ਅਕਾਲੀ ਆਗੂਆਂ ਦੀ ਵਧ ਰਹੀ ਤਾਕਤ ਤੇ ਸਾਖ਼ ਨੂੰ ਵਡੇਰੀ ਚਿੰਤਾ ਨਾਲ ਵੇਖ ਰਹੇ ਸਨ, ਨੇ ਵੇਖਿਆ ਕਿ ਇਸ ਨਾਲ ਗ਼ੈਰ-ਅਕਾਲੀ ਸਿੱਖਾਂ ਨੂੰ ਪ੍ਰਭਾਵਿਤ ਕਰਨ ਵਿਚ ਸ਼ ?ੋਮਣੀ ਕਮੇਟੀ ਦੀ ਇਸ ਅਪੀਲ ਦੀ ਸਫਲਤਾ ਵਿਚ ਵਾਧਾ ਹੋ ਰਿਹਾ ਹੈ ਕਿ ਇਹ ਨਿਰੋਲ ਧਾਰਮਿਕ ਪ੍ਰੋਗਰਾਮ ਹੈ। ਅਧਿਕਾਰੀਆਂ ਨੂੰ ਖਾਸ ਚਿੰਤਾ ਇਸ ਗੱਲ ਦੀ ਸੀ ਕਿ ਅਕਾਲੀ ਜਥਿਆਂ ਦੀ ਜੈਤੋ ਵੱਲ ਯਾਤਰਾ ਇਕ ਜੇਤੂ ਜਲੂਸ ਵਰਗੀ ਹੋਵੇਗੀ, ਜਿਸ ਨਾਲ ਅਕਾਲੀਆਂ ਦੇ ਵਕਾਰ ਵਿਚ ਹੋਰ ਵਾਧਾ ਹੋਵੇਗਾ। ਉਚੇਰੇ ਅਧਿਕਾਰੀਆਂ ਦਾ ਸੁਝਾਓ ਸੀ ਕਿ ਸਮੇਂ ਸਿਰ ਕੀਤੀ ਕਾਰਵਾਈ ਨਾਲ ਅਕਾਲੀ ਸਰਗਰਮੀਆਂ ਨੂੰ ਠੱਲ੍ਹ ਹੀ ਨਹੀਂ ਪਵੇਗੀ, ਸਗੋਂ ਨੌਕਰ-ਸ਼ਾਹੀ ਦਾ ਵਕਾਰ ਵੀ ਬਹਾਲ ਹੋਵੇਗਾ। ਸੂਬੇ ਦੇ ਕੁਝ ਬਰਤਾਨਵੀ ਅਧਿਕਾਰੀ ਅਜਿਹੇ ਸਨ ਜਿਹੜੇ ਸਾਰੇ ਪ੍ਰਬੰਧਕਾਂ ਨੂੰ ਸ਼ਹਿ ਦੇਣ ਵਾਲੇ (ਅਕਾਲੀ ਲਹਿਰ ਦੇ) ਅਪਰਾਧੀਆਂ ਵਜੋਂ ਗ੍ਰਿਫ਼ਤਾਰ ਕਰਕੇ ਤੇ ਸਜ਼ਾਵਾਂ ਦੇ ਕੇ ਅਕਾਲੀ ਕਾਰਵਾਈਆਂ ਨੂੰ ਕਾਰਗਰ ਢੰਗ ਨਾਲ ਬੰਦ ਕਰਨ ਦੀ 'ਸੈਕਟਰੀ ਆਫ ਸਟੇਟ ਦੀ ਸਲਾਹ ਨੂੰ ਅਮਲੀ ਰੂਪ ਦੇਣ ਲਈ 'ਉਚਿਤ ਸਬੂਤ' ਦੀ ਉਡੀਕ ਵਿਚ ਸਨ। ਨਾਭੇ ਵੱਲ ਅਕਾਲੀ ਜਥਿਆਂ ਦੇ ਕੂਚ ਨੇ ਇਕ ਚੰਗਾ ਮੌਕਾ ਮੁਹੱਈਆ ਕਰ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਦੂਜੀਆਂ ਸੰਬੰਧਿਤ ਜਥੇਬੰਦੀਆਂ ਨੂੰ 'ਗ਼ੈਰ-ਕਾਨੂੰਨੀ ਸੰਸਥਾਵਾਂ' ਘੋਸ਼ਤ ਕੀਤਾ ਜਾ ਸਕੇ।

ਪਰੰਤੂ, 25 ਮੈਂਬਰੀ ਛੋਟੇ-ਛੋਟੇ ਜਥੇ ਜੈਤੋ ਭੇਜਣ ਅਤੇ ਨਾਭਾ ਰਿਆਸਤ ਦੇ ਅਧਿਕਾਰੀਆਂ ਵਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲੈਣ ਦੇ ਕੋਈ ਨਿੱਗਰ ਨਤੀਜੇ ਨਾ ਨਿਕਲੇ। ਅੰਦੋਲਨ ਨੂੰ ਹੋਰ ਤਿੱਖਾ ਕਰਨ ਲਈ, ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕੀਤਾ ਕਿ 21 ਫਰਵਰੀ, 1924 ਨੂੰ ਨਨਕਾਣੇ ਦੇ ਸਾਕੇ ਦੀ ਤੀਜੀ ਵਰ੍ਹੇਗੰਢ ਦੇ ਅਵਸਰ 'ਤੇ 500 ਅਕਾਲੀਆਂ ਦਾ ਇਕ ਵਡੇਰਾ ਸ਼ਹੀਦੀ ਜਥਾ ਜੈਤੋ ਪਹੁੰਚਣਾ ਚਾਹੀਦਾ ਹੈ। ਮੁਢਲੇ ਬੰਦੋਬਸਤ ਕਰਨ ਮਗਰੋਂ ਸ਼੍ਰੋਮਣੀ ਕਮੇਟੀ ਨੇ ਜਥਾ 9 ਫਰਵਰੀ, 1924 ਨੂੰ ਭੇਜਣ ਦਾ ਨਿਰਣਾ ਕਰ ਲਿਆ। ਇਸ ਜਥੇ ਵਿਚ ਪੰਜਾਬ ਦੇ ਕੋਨੇ ਕੋਨੇ ਤੋਂ ਵੱਖ-ਵੱਖ ਪੇਸ਼ਿਆਂ ਤੇ ਵਰਗਾਂ ਦੇ ਬੰਦੇ ਸ਼ਾਮਿਲ ਸਨ। ਜਥੇ ਦੀ ਰਵਾਨਗੀ ਤੋਂ ਪਹਿਲਾਂ ਅਕਾਲ ਤਖ਼ਤ ਦੇ ਜਥੇਦਾਰ ਨੇ 'ਕਰਨੀ, ਕਥਨੀ ਤੇ ਚਿੰਤਨ ਵਿਚ ਪੂਰੀ ਤਰ੍ਹਾਂ ਸ਼ਾਂਤ ਰਹਿਣ' ਲਈ ਸਾਵਧਾਨ ਕੀਤਾ'। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਰਿਪੋਰਟ ਅਨੁਸਾਰ, ਜਥੇ ਵਿਚ ਸ਼ਾਮਿਲ ਹੋਣ ਵਾਲੇ ਬਾਕਾਇਦਾ ਦਰਬਾਰ ਸਾਹਿਬ ਆਉਣ ਵਾਲੇ ਹੀ ਨਹੀਂ ਸਗੋਂ ਅਸਲ ਜਨੂੰਨੀ ਵੀ ਸਨ। ਬਾਅਦ ਵਿਚ ਡਾ. ਸੈਫੁਦ-ਦੀਨ ਕਿਚਲੂ, ਪੰਡਿਤ ਦੀਨਾ ਨਾਥ ਅਤੇ ਕਾਂਗਰਸ ਪਾਰਟੀ ਦੇ ਕੁਝ ਹੋਰ ਮੈਂਬਰ ਵੀ ਜਥੇ ਵਿਚ ਸ਼ਾਮਿਲ ਹੋਏ। ਸਰਕਾਰੀ ਰਿਪੋਰਟਾਂ ਅਨੁਸਾਰ ਅੰਮ੍ਰਿਤਸਰ ਦੇ ਘੰਟਾ ਘਰ ਤੋਂ ਕੋਈ 30,000 ਲੋਕਾਂ ਨੇ ਜਥਾ ਤੁਰਦਿਆਂ ਅੱਖੀਂ ਦੇਖਿਆ।

ਵੱਖ-ਵੱਖ ਪਿੰਡਾਂ ਵਿਚੋਂ ਦੀ ਲੰਘਦਾ ਅਤੇ ਮਾਲਵੇ ਦੀ ਸਿੱਖ ਕਿਸਾਨੀ ਵਲੋਂ ਭਰਵਾਂ ਹੁੰਗਾਰਾ ਪ੍ਰਾਪਤ ਕਰਦਾ ਜਥਾ, 20 ਫਰਵਰੀ ਨੂੰ ਬੜੇ ਜੋਸ਼-ਖ਼ਰੋਸ਼ ਨਾਲ ਬਰਗਾੜੀ ਪਹੁੰਚਾ।



ਇਹ ਪਿੰਡ ਜੈਤੋ ਤੋਂ ਕੋਈ 15 ਕਿਲੋਮੀਟਰ ਦੂਰ ਨਾਭਾ ਤੇ ਫਰੀਦਕੋਟ ਦੀ ਸਰਹੱਦ ਉਤੇ ਹੈ। 21 ਫਰਵਰੀ ਦੁਪਹਿਰੇ ਜਥਾ ਆਪਣੀ ਮੰਜ਼ਿਲ, ਜੈਤੋ ਦੇ ਗੁਰਦੁਆਰਾ ਗੰਗਸਰ ਲਈ ਰਵਾਨਾ ਹੋਇਆ। ਇਥੇ ਨਿਊਯਾਰਕ ਟਾਈਮਜ਼ ਦਾ ਪੱਤਰ ਪ੍ਰੇਰਕ ਮਿਸਟਰ ਜ਼ਿੰਮਡ ਵੀ ਜਥੇ ਵਿਚ ਸ਼ਾਮਿਲ ਹੋ ਗਿਆ। ਮਿਸਟਰ ਜ਼ਿੰਮਡ ਸਮੇਤ ਬਹੁਤ ਸਾਰੇ ਸੁਤੰਤਰ ਨਿਰੀਖਿਅਕਾਂ ਅਨੁਸਾਰ ਜਥਾ ਬਿਲਕੁਲ ਜ਼ਾਬਤੇ ਵਿਚ ਅਤੇ ਸ਼ਾਂਤਮਈ ਰਹਿ ਕੇ ਅੱਗੇ ਵਧ ਰਿਹਾ ਸੀ ਅਤੇ ਉਸ ਦੇ ਸੱਜੇ ਖੱਬੇ ਲੋਕਾਂ ਦੀਆਂ ਭੀੜਾਂ ਸਨ। ਅੱਗੇ ਪੰਜ ਨਿਸ਼ਾਨ ਸਾਹਿਬ ਸਨ ਅਤੇ ਅੱਧ-ਵਿਚਾਲੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ।

ਜਦੋਂ ਜਥਾ ਗੁਰਦੁਆਰਾ ਟਿੱਬੀ ਸਾਹਿਬ ਤੋਂ ਕੋਈ 150 ਮੀਟਰ ਦੇ ਫਾਸਲੇ 'ਤੇ ਆ ਗਿਆ ਤਾਂ ਨਾਭੇ ਦੇ ਪ੍ਰਸ਼ਾਸਕ ਮਿਸਟਰ ਵਿਲਸਨ ਜੌਨਸਟੋਨ ਨੇ ਆ ਕੇ ਇਸ ਨੂੰ ਰੋਕਣ ਦਾ ਹੁਕਮ ਦਿੱਤਾ। ਪਰ ਜਥੇ ਨੇ ਗੁਰਦੁਆਰਾ ਟਿੱਬੀ ਸਾਹਿਬ ਵੱਲ ਕੂਚ ਕਰਨਾ ਜਾਰੀ ਰੱਖਿਆ, ਕਿਉਂਕਿ ਉਸਨੇ ਅਕਾਲ ਤਖ਼ਤ ਦੇ ਸਾਹਮਣੇ ਖੰਡਿਤ ਅਖੰਡ ਪਾਠ ਨੂੰ ਹਰ ਹਾਲਤ ਵਿਚ ਮੁੜ ਆਰੰਭ ਕਰਨ ਦਾ ਪ੍ਰਣ ਲਿਆ ਹੋਇਆ ਸੀ ਅਤੇ ਉਹ ਆਪਣੇ ਨਿਸ਼ਾਨੇ ਦੀ ਪੂਰਤੀ ਬਿਨਾਂ ਵਾਪਸ ਨਾ ਜਾਣ ਲਈ ਦ੍ਰਿੜ੍ਹ ਸੀ। ਮਿਸਟਰ ਵਿਲਸਨ ਜੌਨਸਟੋਨ ਨੇ ਗੋਲੀ ਚਲਾਉਣ ਦਾ ਇਸ਼ਾਰਾ ਕਰ ਦਿੱਤਾ। ਮਿਸਟਰ ਜ਼ਿਮੰਡ ਅਨੁਸਾਰ:

ਦੁਪਹਿਰ ਦੇ 2 ਵੱਜ ਕੇ 25 ਮਿੰਟ ਹੋਏ ਸਨ, ਜਦੋਂ ਗੋਲੀ ਚਲਣੀ ਸ਼ੁਰੂ ਹੋਈ। ਗੋਲੀਆਂ ਦੀ ਬਾਕਾਇਦਾ ਬੁਛਾੜ ਹੁੰਦੀ ਰਹੀ ਅਤੇ ਇਕ ਵੀ ਗੋਲੀ ਨਿਸ਼ਾਨੇ ਤੋਂ ਨਹੀਂ ਖੁੰਝੀ। ਗੋਲੀਆਂ ਦਾ ਪਹਿਲਾ ਗੇੜ ਪੂਰੇ ਦੋ ਮਿੰਟ ਭਾਵ 2.45 ਤੋਂ 2.47 ਤੱਕ ਜਾਰੀ ਰਿਹਾ। ਦੂਜਾ ਗੇੜ 2.55 'ਤੇ ਸ਼ੁਰੂ ਹੋਇਆ ਤੇ ਪੂਰੇ ਤਿੰਨ ਮਿੰਟ ਜਾਰੀ ਰਿਹਾ। ਜਥਾ ਜਿਸ ਨੂੰ ਸ਼ੁਰੂ ਤੋਂ ਹੀ ਇਹ ਪਤਾ ਸੀ ਕਿ ਜੈਤੋ ਵੱਲ ਕੂਚ ਕਰਨਾ ਜਾਨ ਜੋਖ਼ਮ ਵਿਚ ਪਾਉਣਾ ਹੈ ਅਤੇ ਜਿਹੜਾ ਸ਼ਹੀਦੀ ਪਾਉਣ ਲਈ ਤਿਆਰ ਸੀ, ਗੋਲੀਆਂ ਦੇ ਵਰ੍ਹਦੇ ਮੀਂਹ ਤੋਂ ਰੁਕਿਆ ਨਹੀਂ, ਸਗੋਂ ਅੱਗੇ ਵਧਦਾ ਗਿਆ। ਜਥੇ ਵਿਚੋਂ ਕਈ ਮੌਤ ਦੀ ਝੋਲੀ ਜਾ ਪਏ ਤੇ ਕਈ ਜ਼ਖ਼ਮੀ ਹੋਏ ਪਰ ਉਨ੍ਹਾਂ ਨੂੰ ਚੁੱਕ ਕੇ ਬਾਕੀ ਦਾ ਜਥਾ ਸਿੱਧਾ ਟਿੱਬੀ ਸਾਹਿਬ ਵੱਲ ਵਧਦਾ ਗਿਆ।

ਜਿਸ ਵੇਲੇ ਜੈਤੋ ਦੇ ਗੋਲੀ ਕਾਂਡ ਦੀ ਸੁਤੰਤਰ ਪੜਤਾਲ ਦੀ ਮੰਗ ਕੀਤੀ ਜਾ ਰਹੀ ਸੀ, ਉਸ ਵੇਲੇ ਅਕਾਲੀ ਆਗੂ ਹੋਰ ਜਥੇ ਜੈਤੋ ਭੇਜ ਰਹੇ ਸਨ, ਭਾਵੇਂ ਕੁਝ ਰਾਸ਼ਟਰੀ ਆਗੂਆਂ ਨੇ ਉਨ੍ਹਾਂ ਨੂੰ ਆਪਣੀ ਲਹਿਰ ਮੁਲਤਵੀ ਕਰਨ ਦੀ ਸਲਾਹ ਦਿੱਤੀ ਸੀ, ਤਾਂ ਜੋ ਹਾਲਾਤ ਦਾ ਨਵੇਂ ਸਿਰੇ ਤੋਂ ਜਾਇਜ਼ਾ ਲਿਆ ਜਾ ਸਕੇ ਅਤੇ ਸਰਕਾਰ ਨੂੰ ਮਸਲੇ 'ਤੇ ਮੁੜ ਵਿਚਾਰ ਕਰਨ ਦਾ ਸਮਾਂ ਦਿੱਤਾ ਜਾ ਸਕੇ।


ਜੈਤੋ ਜਾਣ ਵਾਲੇ ਜਥਿਆਂ ਦੇ ਪ੍ਰੋਗਰਾਮ ਨੂੰ ਮੁਲਤਵੀ ਨਾ ਕਰਨ ਦੇ ਅਕਾਲੀ ਆਗੂਆਂ ਦੇ ਫ਼ੈਸਲੇ ਦੇ ਫਲਸਰੂਪ ਅਕਾਲੀ ਕੈਦੀਆਂ ਦੀ ਵਧ ਰਹੀ ਗਿਣਤੀ ਕਾਰਨ ਪੰਜਾਬ ਦੀ ਸਰਕਾਰ ਵੀ ਤੰਗ ਆਈ ਬੈਠੀ ਸੀ। ਅਕਾਲੀ ਕੈਦੀਆਂ ਦੀ ਵਧ ਰਹੀ ਗਿਣਤੀ ਨੂੰ ਸੰਭਾਲਣ ਦੀਆਂ ਵਿਹਾਰਕ ਮੁਸ਼ਕਿਲਾਂ ਤੋਂ ਇਲਾਵਾ, ਓਨੀਆਂ ਹੀ ਅਹਿਮ ਰਾਜਨੀਤਕ ਮਸਲਹਿਤਾਂ ਸਨ, ਜੋ ਪੰਜਾਬ ਸਰਕਾਰ ਨੂੰ ਜੈਤੋ ਦੇ ਮਸਲੇ ਦਾ ਹੱਲ ਲੱਭਣ ਲਈ ਮਜਬੂਰ ਕਰ ਰਹੀਆਂ ਸਨ। ਜੈਤੋ ਦੀ ਸਰਕਾਰੀ ਕਾਰਵਾਈ ਅਤੇ ਨਾਭਾ ਰਿਆਸਤ ਵਿਚ ਬਰਤਾਨਵੀ ਪਰਜਾ ਦੀ ਵੱਡੀ ਗਿਣਤੀ ਦੀ ਗ੍ਰਿਫ਼ਤਾਰੀ ਤੇ ਹਿਰਾਸਤ, ਉਹ ਵੀ ਬਿਨਾਂ ਮੁਕੱਦਮੇ ਚਲਾਇਆਂ, ਤੋਂ ਭਾਰਤੀ ਵਿਧਾਨ ਸਭਾ ਦੇ ਰਾਸ਼ਟਰਵਾਦੀ ਮੈਂਬਰਾਂ ਅਤੇ ਸਰਕਾਰ ਦੇ ਦੂਜੇ ਨੁਕਤਾਚੀਨਾਂ ਨੂੰ ਇਹ ਮੌਕਾ ਮਿਲ ਗਿਆ ਕਿ ਉਹ ਸਰਕਾਰੀ ਨੀਤੀ ਦੀਆਂ ਧੱਜੀਆਂ ਉਡਾ ਸਕਣ। ਅਕਾਲੀ ਸਮੱਸਿਆ ਦਾ ਹੱਲ ਲੱਭਣ ਵਿਚ ਅਤੇ ਇਸ ਮਨੋਰਥ ਲਈ ਬਿੱਲ ਪਾਸ ਕਰਾਉਣ ਦੀ ਸਹਿਮਤੀ ਹਾਸਿਲ ਕਰਨ ਵਿਚ ਸਰਕਾਰ ਦੀ ਅਸਫਲਤਾ ਤੋਂ ਕੇਂਦਰੀ ਵਿਧਾਨ ਸਭਾ ਵਿਚ ਗੁਰਦੁਆਰਾ ਬਿੱਲ ਪੇਸ਼ ਕਰਾਉਣ ਲਈ ਮੁਹੰਮਦ ਅਲੀ ਜਿਨਾਹ ਤੇ ਮਦਨ ਮੋਹਨ ਮਾਲਵੀਆ ਦੀਆਂ ਕੋਸ਼ਿਸ਼ਾਂ ਨੂੰ ਸ਼ਕਤੀ ਮਿਲੀ।

ਇਨ੍ਹਾਂ ਹਾਲਤਾਂ ਵਿਚ ਅਕਾਲੀ ਆਗੂਆਂ ਤੇ ਬਰਤਾਨਵੀ ਅਧਿਕਾਰੀਆਂ ਨੇ ਜੈਤੋ ਦੀ ਸਮੱਸਿਆ ਹੱਲ ਕਰਨ ਲਈ ਨਵੇਂ ਸਿਰੇ ਤੋਂ ਯਤਨ ਸ਼ੁਰੂ ਕੀਤੇ। ਜਿਥੇ ਹੁਣ ਸਰਕਾਰ ਪੰਡਿਤ ਮਦਨ ਮੋਹਨ ਮਾਲਵੀਆ ਤੇ ਭਾਈ ਜੋਧ ਸਿੰਘ ਰਾਹੀਂ ਅਕਾਲੀ ਆਗੂਆਂ ਨਾਲ ਸਮਝੌਤਾ ਕਰਨ ਲਈ ਤਿਆਰ ਸੀ, ਉਥੇ ਨਾਭੇ ਦੇ ਮਹਾਰਾਜਾ ਬਾਰੇ ਅਕਾਲੀ ਨੀਤੀ ਮੁੱਖ ਰੁਕਾਵਟ ਬਣੀ ਹੋਈ ਸੀ। ਜਿਥੇ ਸਰਕਾਰ ਨਿਸਚਿਤ ਸ਼ਰਤਾਂ ਉਤੇ ਖੰਡਿਤ ਅਖੰਡ ਪਾਠ ਸੰਪੂਰਨ ਕਰਨ ਲਈ ਅਕਾਲੀਆਂ ਨੂੰ ਆਗਿਆ ਦੇਣ ਲਈ ਰਾਜ਼ੀ ਸੀ, ਉਥੇ ਉਹ ਇਸ ਗੱਲ 'ਤੇ ਅੜੀ ਹੋਈ ਸੀ ਕਿ ਅਕਾਲੀ ਆਗੂ ਮਹਾਰਾਜੇ ਦੀ ਬਹਾਲੀ ਦੇ ਸਵਾਲ ਨੂੰ ਮੂਲੋਂ ਹੀ ਛੱਡ ਦੇਣ। ਅਕਾਲੀ ਆਗੂ ਇਸ ਪੜਾਅ ਉਤੇ ਇੰਜ ਕਰਨ ਲਈ ਤਿਆਰ ਨਹੀਂ ਸਨ। ਦੂਜੀ ਮੁਸ਼ਕਿਲ ਸੀ ਜੈਤੋ ਵਿਖੇ ਅਖੰਡ ਪਾਠ ਸੰਪੂਰਨ ਕਰਨ ਵਾਸਤੇ ਲੋੜੀਂਦਾ ਸਮਾਂ ਅਤੇ ਇਸ ਮਨੋਰਥ ਲਈ ਗੁਰਦੁਆਰੇ ਦੀ ਹਦੂਦ ਵਿਚ ਦਾਖ਼ਲੇ ਦੀ ਆਗਿਆ ਪ੍ਰਾਪਤ ਕਰਨ ਵਾਲੇ ਬੰਦਿਆਂ ਦੀ ਗਿਣਤੀ। ਜਿਥੇ ਪ੍ਰਸ਼ਾਸਨ ਵਧ ਤੋਂ ਵੱਧ ਇਕ ਹਜ਼ਾਰ ਬੰਦਿਆਂ ਨੂੰ ਨਾਭੇ ਵਿਚ ਦਾਖ਼ਲ ਹੋਣ ਦੀ ਆਗਿਆ ਦੇਣ ਲਈ ਰਜ਼ਾਮੰਦ ਸੀ, ਉਥੇ ਉਹ ਇਹ ਮਹਿਸੂਸ ਕਰਦਾ ਸੀ ਕਿ 101 ਅਖੰਡ ਪਾਠ ਸੰਪੂਰਨ ਕਰਨ ਲਈ ਰਾਜਨੀਤਕ ਆਧਾਰ ਉਤੇ ਦਸ ਮਹੀਨਿਆਂ ਦੇ ਲੰਮੇ ਸਮੇਂ ਦੀ ਆਗਿਆ ਨਹੀਂ ਸੀ ਦਿੱਤੀ ਜਾ ਸਕਦੀ।

ਇਧਰ ਨਾਭੇ ਦੇ ਅਧਿਕਾਰੀ ਅਤੇ ਅਕਾਲੀ ਆਗੂ ਵੱਖ-ਵੱਖ ਮਸਲਿਆਂ ਉਤੇ ਗੱਲਬਾਤ ਕਰਨ ਵਿਚ ਰੁੱਝੇ ਹੋਏ ਸਨ ਤੇ ਉਧਰ ਸਿੱਖ ਗੁਰਦੁਆਰਿਆਂ ਤੇ ਧਰਮ-ਅਸਥਾਨਾਂ ਬਾਰੇ ਬਿੱਲ ਪਾਸ ਹੋ ਜਾਣ ਨਾਲ ਜੈਤੋ ਤੇ ਦੂਜੇ ਮਸਲੇ ਆਪਣੇ ਆਪ ਹੀ ਨਜਿੱਠੇ ਗਏ।

*ਨਾਮੀ ਇਤਿਹਾਸਕਾਰ ਅਤੇ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਦੇ ਡਾਇਰੈਕਟਰ

ਡਾ. ਮਹਿੰਦਰ ਸਿੰਘ ਨੇ 1976 ਵਿਚ ਅਕਾਲੀ ਲਹਿਰ 'ਤੇ ਖੋਜ ਨਿਬੰਧ ਲਿਖਿਆ ਜਿਹੜਾ ਬਾਅਦ ਵਿਚ ਮੈਕਮਿਲਨ ਨੇ 1978 ਵਿਚ The Akali Movement ਸਿਰਲੇਖ ਹੇਠ ਪੁਸਤਕ ਰੂਪ 'ਚ ਛਾਪਿਆ। ਇਸ ਪ੍ਰਮਾਣਿਕ ਤੇ ਹਰਮਨ ਪਿਆਰੀ ਪੁਸਤਕ ਨੂੰ 2015 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪੰਜਾਬੀ ਤੇ ਅੰਗਰੇਜ਼ੀ ਵਿਚ ਅਤੇ ਨੈਸ਼ਨਲ ਬੁੱਕ ਟਰਸਟ ਨੇ ਇਸ ਦਾ ਸੰਖਿਪਤ ਰੂਪ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿਚ ਕਈ ਜਿਲਦਾਂ ਵਿਚ ਪ੍ਰਕਾਸ਼ਿਤ ਕੀਤਾ।



ਬੀਬੀਆਂ ਦਾ ਸ਼ਹੀਦੀ ਜਥਾ ਭੁਝੰਗੀਆਂ ਸਣੇ ਜੈਤੋਂ ਮੋਰਚੇ ਲਈ ਤਿਆਰ-ਬਰ-ਤਿਆਰ। ਇਸ ਜਥੇ ਦੀ ਬੇਮਿਸਾਲ ਸ਼ਹੀਦੀ ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ ਹੈ।

ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼

# ਸ੍ਰੀ ਗੁਰੂ ਹਰ ਰਾਇ ਸਾਹਿਬ ਜੀ




ਸ੍ਰੀ ਗੁਰੂ ਹਰ ਰਾਇ ਸਾਹਿਬ ਗੁਰੂ ਹਰਗੋਬਿੰਦ ਸਾਹਿਬ ਦੇ ਪੋਤਰੇ ਤੇ ਬਾਬਾ ਗੁਰਦਿੱਤਾ ਜੀ ਦੇ ਸਪੁਤਰ ਸਨ ।ਆਪ ਜੀ ਦਾ ਜਨਮ ਮਾਤਾ ਨਿਹਾਲ ਕੌਰ ਦੀ ਕੁੱਖੋਂ, ਸੀਸ਼ ਮਹਿਲ, ਕੀਰਤਪੁਰ, ਜ਼ਿਲਾ ਰੂਪ ਨਗਰ, ਵਿਚ ਹੋਇਆ ਉਨ੍ਹਾਂ ਦਾ ਜੀਵਨ ਬੜਾ ਥੋੜਾ, ਸਿਰਫ 31 ਸਾਲ ਦਾ ਸੀ ।ਓਨ੍ਹਾਂ ਦਾ ਜਨਮ ਕਾਫੀ ਅਸ਼ਾਂਤ ਵਾਤਾਵਰਣ ਵਿਚ ਹੋਇਆ। ਗੁਰੂ ਹਰਗੋਬਿੰਦ ਸਾਹਿਬ ਪਹਿਲੇ ਯੁਧਾਂ ਵਿਚ ਤੇ ਫਿਰ ਪਰਿਵਾਰਕ ਉਲਝਨਾ ਵਿਚ ਫਸੇ ਹੋਏ ਸਨ। 1628 ਵਿਚ ਅਟਲ ਰਾਇ, 1631 ਵਿਚ ਮਾਤਾ ਦਮੋਦਰੀ ਤੇ ਫਿਰ 1638 ਵਿਚ ਬਾਬਾ ਗੁਰਦਿਤਾ ਜੀ ਰਬ ਨੂੰ ਪਿਆਰੇ ਹੋ ਚੁੱਕੇ ਸਨ। ਅਨੀ ਰਾਇ ਨੂੰ ਵੈਸੇ ਵੀ ਗਦੀ ਦਾ ਕੋਈ ਹਾਖਰਾ ਨਹੀਂ ਸੀ ਮਸਤ ਮਲੰਗ ਤੇ ਮੌਜੀ ਤਬੀਅਤ ਦੇ ਇਨਸਾਨ ਸੀ। ਗੁਰੂ ਤੇਗ ਬਹਾਦਰ ਜੀ ਦੁਨੀਆ ਤੋ ਉਪਰਾਮ, ਹਮੇਸ਼ਾ ਸਮਾਧੀ ਵਿਚ ਜੁੜੇ ਰਹਿਣਾ, ਲਗਦਾ ਸੀ ਕਿਸੇ ਵਡੇ ਕਾਰਜ ਦੀ ਤਿਆਰੀ ਕਰ ਰਹੇ ਸਨ। ਸੂਰਜ ਮਲ ਦੁਨੀਆ ਦਾਰ ਜਿਆਦਾ ਸਨ ਉਨ੍ਹਾਂ ਦਾ ਸਜੂਸੀ ਸੁਭਾ ਗੁਰਗਦੀ ਲਈ ਰੁਕਾਵਟ ਬਣ ਗਿਆ।

ਬਾਬਾ ਗੁਰਦਿੱਤਾ ਦੇ ਚਲਾਣੇ ਤੋਂ ਬਾਅਦ ਹਰ ਰਾਇ ਸਾਹਿਬ 10 ਸਾਲ ਗੁਰੂ ਹਰਗੋਬਿੰਦ ਸਾਹਿਬ ਦੀ ਦੇਖ ਰੇਖ ਵਿਚ ਪਲੇ ਸਨ ਗੁਰੂ ਹਰਿਗੋਬਿੰਦ ਸਾਹਿਬ ਨੇ ਜਿਥੇ ਹਰ ਰਾਇ ਸਾਹਿਬ ਦੀ ਪੜ੍ਹਾਈ -ਲਿਖਾਈ ਵਲ ਵਿਸ਼ੇਸ਼ ਧਿਆਨ ਦਿੱਤਾ, ਉਥੇ ਸ਼ਸ਼ਤਰ ਵਿਦਿਆ, ਘੋੜ ਸਵਾਰੀ ਤੇ ਸਰੀਰਕ ਕਸਰਤ ਵੀ ਆਪਣੀ ਨਿਗਰਾਨੀ ਹੇਠ ਕਰਾਂਦੇ ਰਹੇ।

ਬਚਪਨ ਤੋਂ ਹੀ ਗੁਰੂ ਹਰ ਰਾਇ ਸਾਹਿਬ ਸੰਤ ਸੁਭਾ ਦੇ ਸਨ ਤੇ ਗੁਰੂ ਘਰ ਦੀ ਸੇਵਾ ਵਿਚ ਜੁੜੇ ਰਹਿੰਦੇ ਸਨ। ਓਹ ਸੁਲਤਾਨ ਵੀ ਸਨ ਤੇ ਦਰਵੇਸ਼ ਵੀ ਉਨ੍ਹਾਂ ਦਾ ਹਿਰਦਾ ਇਤਨਾ ਕੋਮਲ ਸੀ ਕਿ ਇਕ ਫੁਲ ਟੁਟਣ ਤੇ ਦੁਖੀ ਹੋ ਜਾਂਦੇ ਇਕ ਵਾਰੀ ਓਹ ਗੁਰੂ ਹਰਗੋਬਿੰਦ ਸਾਹਿਬ ਨਾਲ ਬਾਗ ਵਿਚ ਸੈਰ ਕਰਨ ਜਾ ਰਹੇ ਸੀ, ਅਚਾਨਕ ਇਕ ਫੁਲ ਉਨ੍ਹਾਂ ਦੇ ਚੋਲੇ ਨਾਲ ਅਟਕ ਕੇ ਟੁਟ ਗਿਆ। ਬਹੁਤ ਉਦਾਸ ਹੋ ਗਏ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ ਕਿ ਅਗਰ ਚੋਲਾ ਵਡਾ ਹੋਵੇ ਤਾਂ ਸੰਭਲਕੇ ਚਲਣਾ ਚਾਹੀਦਾ ਹੈ। ਜਿਸਦਾ ਮਤਲਬ ਸਾਫ਼ ਸੀ ਕਿ ਅਗਰ ਜ਼ਿੰਮੇਦਾਰੀਆਂ ਵੱਡੀਆਂ ਹੋਣ ਤਾਂ ਸੋਚ ਸਮਝ ਕੇ ਕਦਮ ਪੁਟਣਾ ਚਾਹੀਦਾ ਹੈ। ਬਸ ਇਸ ਸਿੱਖਿਆ ਨੂੰ ਉਨ੍ਹਾਂ ਨੇ ਉਮਰ ਭਰ ਯਾਦ ਰਖਿਆ ਤੇ ਸਾਰੀ ਉਮਰ ਆਪਣੇ ਸਮਰਥਾ ਤੇ ਸੋਚ ਦੀ ਸਮਝ ਕੇ ਵਰਤੋਂ ਕਰਦਿਆਂ ਭੁਲੇ ਭਟਕੇ ਵੀ ਕਿਸੇ ਨੂੰ ਦੁਖ ਤਕਲੀਫ਼ ਨਹੀਂ ਦਿੱਤੀ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਵਡੇ ਸਾਹਿਬਜ਼ਾਦੇ ਸ੍ਰੀ ਚੰਦ ਡੇਰਾ ਬਾਬਾ ਨਾਨਕ ਤੋਂ 18 ਮੀਲ ਦੀ ਦੂਰੀ ਤੇ ਉਤਰ ਪੂਰਬ ਵਲ ਪੈਂਦੇ ਪਿੰਡ ਬਰਾਨ ਵਿਚ ਨਿਵਾਸ ਕਰਦੇ ਸੀ। ਇਕ ਵਾਰੀ ਗੁਰੂ ਹਰਗੋਬਿੰਦ ਸਾਹਿਬ ਉਨ੍ਹਾਂ ਦੇ ਦਰਸ਼ਨਾ ਲਈ ਗਏ। ਬੜੇ ਪਿਆਰ ਨਾਲ ਮੇਲ-ਮਿਲਾਪ ਹੋਇਆ ਬਾਬਾ ਜੀ ਨੇ ਗੁਰੂ ਸਾਹਿਬ ਕੋਲੋਂ ਸਾਹਿਬਜ਼ਾਦਿਆਂ ਬਾਰੇ ਪੁੱਛਿਆ ਤਾਂ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਪੰਜ ਸਾਹਿਬਜਾਦਿਆਂ ਦਾ ਜਿਕਰ ਕੀਤਾ ਬਾਬਾ ਜੀ ਪ੍ਰਸੰਨ ਹੋਏ ਤੇ ਸਹਿਜ ਸੁਭਾਏ ਉਨ੍ਹਾਂ ਦੇ ਮੂੰਹੋਂ ਨਿਕਲ ਗਿਆ ਸਾਰੇ ਆਪਣੇ ਪਾਸ ਹੀ ਰਖਣੇ ਜੇ ਕਿ ਕੋਈ ਸਾਨੂੰ ਵੀ ਦਿਉਗੇ "ਗੁਰੂ ਸਾਹਿਬ ਨੇ ਬੜੇ ਸਤਿਕਾਰ ਨਾਲ ਕਿਹਾ" ਕੀ ਇਹ ਪੁਤ ਗੁਰਦਿਤਾ ਸਾਡੇ ਨਾਲ ਹੈ, ਆਪਜੀ ਦੀ ਸੇਵਾ ਲਈ ਹਾਜਰ ਹੈ ''ਬਾਬਾ ਸਿਰੀ ਚੰਦ ਨੇ ਦਸਤਾਰ ਬਾਬਾ ਗੁਰਦਿਤਾ ਜੀ ਨੂੰ ਭੇਟ ਕਰਦਿਆਂ ਬਚਨ ਕੀਤੇ" ਗੁਰਗਦੀ ਤਾਂ ਅਗੇ ਹੀ ਤੁਹਾਡੇ ਪਾਸ ਹੈ, ਸਾਡੇ ਪਾਸ ਥੋੜਾ ਜਿਹਾ ਤਪ ਤੇ ਫਕੀਰੀ ਹੈ ਇਹ ਵੀ ਲੈ ਲਵੋ"।

ਜਦੋਂ ਗੁਰੂ ਹਰਗੋਬਿੰਦ ਸਾਹਿਬ ਦਾ ਵਕਤ ਨਜਦੀਕ ਆਇਆ ਤਾਂ ਓਨ੍ਹਾਂ ਨੇ ਗੁਰਗਦੀ ਗੁਰਦਿੱਤਾ ਜੀ ਦੇ ਸਪੁਤਰ ਹਰਿ ਰਾਇ ਸਹਿਬ ਨੂੰ ਦੇਣ ਦਾ ਫੈਸਲਾ ਕਰ ਲਿਆ। ਪੁੱਤਰਾਂ ਵਿਚੋਂ ਕੋਈ ਵੀ ਗੁਰਗਦੀ ਦੀ ਮਹਾਨ ਜ਼ਿੰਮੇਦਾਰੀ ਨੂੰ ਸੰਭਾਲਣ ਲਈ ਤਿਆਰ ਨਹੀ ਸੀ। ਬਾਬਾ ਗੁਰਦਿਤਾ 1638 ਵਿਚ ਅਕਾਲ ਚਲਾਣਾ ਕਰ ਗਏ ਸੀ, ਬਾਬਾ ਅਟਲ ਰਾਇ ਨੇ ਕਰਾਮਾਤਾਂ ਦਿਖਾਣ ਦੇ ਪਛਤਾਵੇ ਕਰਕੇ ਆਪਣੀ ਜਾਨ ਦੇ ਦਿੱਤੀ। ਤੇਗ ਬਹਾਦਰ ਦੁਨੀਆ ਤੋਂ ਉਪਰਾਮ ਸਮਾਧੀ ਵਿਚ ਜੁੜੇ ਰਹਿੰਦੇ ਇਸ ਤੋਂ ਕੁਝ ਵੱਡਾ ਕਰਨ ਦੀ ਤਿਆਰੀ ਵਿਚ ਸਨ ਜੋ ਗੁਰੂ ਹਰਗੋਬਿੰਦ ਸਿੰਘ ਸਾਹਿਬ ਹੀ ਜਾਣਦੇ ਸਨ। ਸੂਰਜ ਮਲ ਤੇ ਅਨੀ ਰਾਇ ਦੁਨਿਆਵੀ ਝਮੇਲਿਆਂ ਦਾ ਸ਼ੌਕ ਨਹੀਂ ਸੀ ਰਖਦੇ ਸਿਰਫ਼ ਧੀਰਮਲ ਛੋਟਾ ਪੋਤਰਾ ਆਪਣੇ ਆਪ ਨੂੰ ਗੁਰਗਦੀ ਲਈ ਟਾਕਰੇ ਦਾ ਸਮਝਦਾ ਸੀ ਤੇ ਉਸਨੇ ਹਕ ਵੀ ਜਤਾਇਆ ਪਰ ਉਸਦੇ ਸਾਜਸੀ ਸੁਭਾ ਤੇ ਚਾਲਾਂ ਚਲਣ ਦੀ ਫਿਤਰਤ ਓਸਦੇ ਰਾਹ ਦੀ ਰੁਕਾਵਟ ਬਣ ਗਈ। ਇਹ ਸ਼ੁਰੂ ਤੋਂ ਹੀ ਗੁਰੂ ਘਰ ਦਾ ਵਿਰੋਧੀ ਸੀ, ਇਥੋਂ ਤੱਕ ਕਿ ਜੰਗਾ ਜੁਧਾਂ ਵਿਚ ਵੀ ਇਹ ਦੁਸ਼ਮਣ ਦਾ ਸਾਥ ਦਿੰਦਾ ਕਰਤਾਰਪੁਰ ਦੀ ਲੜਾਈ ਸਮੇਂ ਇਸਨੇ ਖੁੱਲੇ ਤੌਰ 'ਤੇ ਮੁਗਲ ਫੌਜ ਦੀ ਸਹਾਇਤਾ ਕੀਤੀ।

ਗੁਰੂ ਹਰ ਰਾਇ ਸਾਹਿਬ ਵਿਚ ਉਹ ਸਾਰੀਆਂ ਖੂਬੀਆਂ ਮੌਜੂਦ ਸਨ ਜੋ ਗੁਰਗੱਦੀ ਦੀਆਂ ਜਿੰਮੇਦਾਰੀਆਂ ਨਿਭਾਉਣ ਦੇ ਯੋਗ ਸਨ। ਆਪਣੇ ਦਾਦਾ ਵਾਂਗ ਸ਼ਿਕਾਰ ਦੇ ਬਹੁਤ ਸ਼ੌਕੀਨ ਸੀ ਪਰ ਜਾਨਵਰ ਨੂੰ ਮਾਰਨ ਦੀ ਬਜਾਇ ਫੜ ਕੇ ਲੈ ਆਉਂਦੇ ਤੇ ਆਪਣੇ ਬਾਗ ਵਿਚ ਉਸਦੀ ਪਾਲਣਾ ਕਰਦੇ ਜ਼ਖ਼ਮੀ ਜਾਨਵਰ ਜਾਂ ਬੀਮਾਰ ਜਾਨਵਰ ਹੁੰਦੇ ਤਾਂ ਉਨ੍ਹਾਂ ਦਾ ਇਲਾਜ ਆਪਣੀ ਨਿਗਰਾਨੀ ਹੇਠ ਕਰਕੇ ਫਿਰ ਖੁੱਲਾ ਛੋੜ ਦਿੰਦੇ ਉਹ ਸਾਰੀ ਜ਼ਿੰਦਗੀ ਤਾਣ ਹੁੰਦਿਆਂ ਵੀ ਨਿਤਾਣੇ ਤੇ ਮਾਨ ਹੁੰਦਿਆਂ ਵੀ ਨਿਮਾਣੇ ਰਹੇ। ਕਈ ਮੌਕੇ ਆਏ, ਵਿਰੋਧੀਆਂ

ਜੋਰਾਵਰ ਸਿੰਘ ਤਰਸਿੱਕਾ

ਨੇ ਹਲਾ ਵੀ ਬੋਲਿਆ, ਸ਼ਰਾਰਤਾਂ ਵੀ ਕੀਤੀਆਂ ਪਰ ਆਪਣੀ ਸੂਝ ਬੂਝ ਨਾਲ ਆਉਣ ਵਾਲੇ ਖਤਰੇ ਨੂੰ ਟਾਲਿਆ ਉਹ ਕਿਸੇ ਦਾ ਦਿਲ ਦੁਖਾਣਾ ਪਾਪ ਸਮਝਦੇ ਸੀ ਭਗਤ ਫਰੀਦ ਜੀ ਦਾ ਇਹ ਸਲੋਕ ਬੜੇ ਪਿਆਰ ਨਾਲ ਓਚਾਰਿਆ ਕਰਦੇ ਸੀ

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾਂ**
**ਜੋ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹਿ ਦਾ ॥(ਅੰਗ 1384)**

ਫ਼ਾਰਸੀ ਦਾ ਇਕ ਬੰਦ ਕਿਹਾ ਕਰਦੇ ਸਨ ਕਿ ਰਬ ਕਹਿੰਦਾ ਹੈ ਕਿ ਮੈਂ ਤੁਹਾਨੂੰ ਮੰਦਿਰ ਜਾਂ ਮਸਜਿਦ ਨੂੰ ਢਾਹੁਣ ਦੀ ਆਗਿਆ ਦੇ ਸਕਦਾ ਹਾਂ ਪਰ ਕਿਸੇ ਦੇ ਦਿਲ ਤੋੜਨ ਦੀ ਨਹੀਂ ਕਿਓਂਕਿ ਮੰਦਿਰ ਮਸਜਿਦਾਂ ਦੀ ਉਸਾਰੀ ਫਿਰ ਕੀਤੀ ਜਾ ਸਕਦੀ ਹੈ ਪਰ ਦਿਲ ਦੀ ਨਹੀਂ। ਆਪ ਸਾਰੀ ਉਮਰ ਇਕ ਪਾਸੇ ਨਿਰਭਓ ਤੇ ਸੂਰਬੀਰਤਾ ਦਾ ਤੇ ਦੂਜੇ ਪਾਸੇ ਤਰਸ ਦਇਆ, ਕੋਮਲਤਾ ਤੇ ਪ੍ਰੇਮ ਦੇ ਓਪਾਸ਼ਕ ਰਹੇ। ਕਹਿੰਦੇ ਹਨ ਹਰ ਵਿਅਕਤੀ ਦੀ ਸ਼ਖ਼ਸ਼ੀਅਤ ਵਿਚ ਕੋਈ ਖਾਸ ਗੁਣ ਹੁੰਦਾ ਹੈ ਜੋ ਉਸਦੀ ਪਹਿਚਾਣ ਬਣਦੀ ਹੈ। ਕੋਈ ਯੋਧਾ ਕੋਈ ਦੇਸ਼ ਭਗਤ, ਕੋਈ ਸਿਪਾਹੀ ਤੇ ਕੋਈ ਜਰਨੈਲ, ਕੋਈ ਨੀਤੀਵਾਨ ਤੇ ਕੋਈ ਵਿਦਵਾਨ, ਕੋਈ ਦਾਨੀ ਤੇ ਕੋਈ ਦਇਆਵਾਨ ਪਰ ਗੁਰੂ ਹਰਿ ਰਾਇ ਸਾਹਿਬ ਵਿਚ ਇਹ ਸਾਰੇ ਗੁਣ ਮੋਜੂਦ ਸਨ।

**ਵਿਆਹ :** ਅਨੂਪ ਨਗਰ, ਬੁਲੰਦ ਸ਼ਹਿਰ, ਯੂਪੀ ਦੇ ਨਿਵਾਸੀ ਦਾਇਆ ਰਾਮ ਦੀ ਸਪੁੱਤਰੀ ਮਾਤਾ ਸੁਲੱਖਣੀ ਜੀ ਨਾਲ ਜੂਨ 1640 ਵਿਚ ਹੋਇਆ ਜਿਨ੍ਹਾਂ ਦੀ ਕੁੱਖੋਂ ਦੋ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ, ਰਾਮ ਰਾਇ, ਹਰਕ੍ਰਿਸ਼ਨ ਜੀ ਤੇ ਬੀਬੀ ਅਨੂਪ ਕੌਰ ਮਾਤਾ ਸੁਲਖਣੀ ਨੂੰ ਕੋਟ ਕਲਿਆਣੀ ਤੇ ਤ੍ਰਿਵੇਣੀ ਵੀ ਕਿਹਾ ਜਾਂਦਾ ਸੀ ਕਿਉਂਕੀ ਉਹ ਕੋਟ ਕਲਿਆਣ ਪਿੰਡ ਦੇ ਰਹਿਣ ਵਾਲੇ ਸੀ ਤੇ ਤ੍ਰੈਣੀ ਇਸ ਕਰਕੇ ਕਿ ਉਨ੍ਹਾਂ ਦੇ ਤਿੰਨ ਬੱਚੇ ਸੀ।

ਜਦੋਂ ਛੇਵੇਂ ਪਾਤਸ਼ਾਹ ਨੂੰ ਲੱਗਾ ਕਿ ਉਨ੍ਹਾਂ ਦੇ ਜੋਤੀ ਜੋਤ ਸਮਾਣ ਦਾ ਵਕਤ ਆ ਚੁੱਕਾ ਹੈ ਤਾਂ ਗੁਰੂ ਹਰ ਰਾਇ ਸਾਹਿਬ ਹਰ ਪੱਖੋਂ ਕਾਬਲੀਅਤ ਜਾਣ ਕੇ, ਭਾਈ ਦਰਗਾਹ ਮਲ ਜੀ ਕੋਲੋਂ ਰਸਮ ਅਦਾ ਕਰਵਾਕੇ, 3 ਮਾਰਚ 1644, ਗੁਰਗੱਦੀ ਦੀ ਪਾਤਸ਼ਾਹੀ ਗੁਰੂ ਹਰ ਰਾਇ ਸਾਹਿਬ ਨੂੰ ਸੌਂਪ ਦਿੱਤੀ ਉਸ ਵੇਲੇ ਉਹ ਕੇਵਲ 14 ਸਾਲ ਦੇ ਸਨ। ਗੁਰਗੱਦੀ ਤੇ ਬੈਠਦਿਆਂ ਸਾਰ ਧਰਮ ਪ੍ਰਚਾਰ ਦੀ ਲਹਿਰ ਜਾਰੀ ਰੱਖਦਿਆਂ ਕਿਰਤ ਕਰਨਾ ਵੰਡ ਕੇ ਛਕਣਾ, ਸਿਮਰਨ ਤੇ ਸੇਵਾ ਕਰਨ ਲਈ ਸਿੱਖਾਂ ਨੂੰ ਉਤਸਾਹਿਤ ਕੀਤਾ ਤੇ ਇਸ ਉਦੇਸ਼ ਦੀ ਪੂਰਤੀ ਲਈ ਪ੍ਰਚਾਰਕਾਂ ਦੀ ਨਿਯੁਕਤੀ ਕੀਤੀ ਤੇ ਦੂਰ ਦੁਰਾਡੇ ਭੇਜਿਆ। ਗੁਰੂ ਘਰ ਦੇ ਲੰਗਰਖਾਨੇ ਵਾਸਤੇ ਵੀ ਆਦੇਸ਼ ਸੀ ਕਿ ਕੋਈ ਭੁੱਖਾ, ਲੋੜਵੰਦ ਨੂੰ ਨਿਰਾਸ਼ ਨਾ ਜਾਣ ਦਿੱਤਾ ਜਾਏ ਚਾਹੇ ਉਹ ਕਿਸੇ ਵੇਲੇ ਜਾਂ ਕੁਵੇਲੇ ਵੀ ਆਏ।

**ਨਿਤਨੇਮ :** ਪਹਿਰ ਰਾਤ ਉਠਦੇ, ਇਸ਼ਨਾਨ ਕਰਕੇ ਸੈਰ ਨੂੰ ਜਾਂਦੇ, ਫਿਰ ਸੰਗਤ ਵਿਚ ਪੁੱਜਦੇ ਸ਼ਬਦ ਕੀਰਤਨ ਤੋਂ ਬਾਅਦ ਸੰਗਤ ਦੇ ਸ਼ੰਕੇ ਦੂਰ ਕਰਦੇ ਦੁਪਹਿਰ ਨੂੰ ਥੋੜਾ ਆਰਾਮ ਕਰਕੇ ਸ਼ਿਕਾਰ ਖੇਡਣ ਨੂੰ ਚਲੇ ਜਾਂਦੇ। ਸ਼ਾਮ ਨੂੰ ਆਪ ਕਥਾ ਕਰਦੇ ਤੇ ਰਹਿਰਾਸ, ਸੋਦਰ ਦਾ ਪਾਠ ਕਰਕੇ ਲੰਗਰ ਛਕਦੇ ਆਰਾਮ ਕਰਨ ਨੂੰ ਚਲੇ ਜਾਂਦੇ।

ਛੇਵੇਂ ਪਾਤਸ਼ਾਹ ਤੋਂ ਸਿੱਖ ਲਹਿਰ ਦਾ ਮੁਗਲ ਹਕੂਮਤ ਨਾਲ ਖੂਨੀ ਟਕਰਾਅ ਸ਼ੁਰੂ ਹੋ ਗਿਆ ਸੀ ਜਿਸ ਨੂੰ ਪੂਰੀ ਤਰ੍ਹਾਂ ਸੰਗਠਿਤ, ਹੋ ਕੇ ਸਿੱਖ ਸੰਗਤਾਂ ਨੇ ਸੰਭਾਲਿਆ ਸੀ। ਗੁਰੂ ਹਰ ਰਾਇ ਸਾਹਿਬ ਵੇਲੇ ਵੀ ਕੋਈ ਹਾਲਤ ਸਾਜਗਾਰ ਨਹੀਂ ਸਨ। ਗੁਰੂ ਹਰਗੋਬਿੰਦ ਸਾਹਿਬ ਦੇ ਹੁਕਮ ਅਨੁਸਾਰ ਉਨ੍ਹਾਂ ਨੇ 2200 ਜੰਗ ਯੋਧੇ ਤੇ ਸੂਰਬੀਰ ਘੋੜ ਸਵਾਰ ਰੱਖੇ, ਜੋ ਉਨ੍ਹਾਂ ਦੇ ਅੰਗ -ਰਖਿਅਕ ਸੀ ਤੇ ਹਮੇਸ਼ਾ ਉਨ੍ਹਾਂ ਦੇ ਨਾਲ ਰਹਿੰਦੇ ਪਰ ਇਹ ਗੁਰੂ ਸਾਹਿਬ ਦਾ ਫੈਸਲਾ ਤੇ ਕੋਸ਼ਿਸ਼ ਸੀ ਕਿ ਫੌਜ ਨੂੰ ਲੜਾਈ ਵਿਚ ਨਹੀਂ ਧਕੇਲਣਾ ਇਸ ਲਈ ਵਕਤ ਦੀ ਨਜਾਕਤ ਵੇਖਕੇ ਦੇਸ਼ ਦੇ ਵਿਚਲੇ ਉਤਾਰਾਂ ਚੜ੍ਹਾਵਾਂ ਵਿਚ ਆਪਣੇ ਆਪ ਨੂੰ ਨਿਰਪੱਖ ਰੱਖਿਆ। ਸਿੱਖ ਰਿਆਸਤਾਂ ਨੂੰ ਮੁਗਲਾਂ ਅਤੇ ਕਹਿਲੂਰ ਦੀਆਂ ਰਿਆਸਤਾਂ ਵਿਚ ਉਲਝਣ ਨਹੀਂ ਦਿੱਤਾ!

ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਇਕ ਵੀ ਲੜਾਈ ਨਹੀਂ ਲੜੀ। ਵਿਰੋਧੀਆਂ ਨੇ ਕਈ ਵਾਰ ਹੱਲਾ ਵੀ ਬੋਲਿਆ, ਜੰਗ ਤੱਕ ਨੌਬਤ ਆ ਗਈ ਪਰ ਗੁਰੂ ਸਾਹਿਬ ਨੇ ਆਪਣੀ ਸੂਝ ਤੇ ਸਿਆਣਪ ਨਾਲ ਆਣ ਵਾਲੇ ਖਤਰੇ ਨੂੰ ਟਾਲਿਆ। ਧੀਰ ਮਲ ਨੇ ਵਿਰੋਧ ਕੀਤੇ ਪਰ ਗੁਰੂ ਸਾਹਿਬ ਚੁਪ ਰਹੇ ਸ਼ਾਹਜਹਾਨ ਦੇ ਪੁੱਤਰਾਂ ਦੀ ਤਖਤ ਨਸ਼ੀਨੀ ਦੀ ਜੰਗ ਵੇਲੇ ਵੀ ਖਤਰਾ ਸਿਰ ਤੇ ਆਣ ਪਿਆ ਪਰ ਆਪਣੇ ਆਪ ਨੂੰ ਅਲਗ ਰੱਖਿਆ ਜਿਸ ਕਰਕੇ ਸਿੱਖਾਂ ਵਿਚ ਜੋਸ਼ ਦੇ ਨਾਲ ਨਾਲ ਹੋਸ਼ ਤੇ ਸ਼ਹਿਨਸ਼ੀਲਤਾ ਵਾਲੇ ਵੀ ਗੁਣ ਪੈਦਾ ਹੋਏ ।

ਗੁਰੂ ਹਰ ਰਾਇ ਵਕਤ ਮੁਗਲ ਹਕੂਮਤ ਸਿੱਖ ਲਹਿਰ ਦੇ ਕਾਫੀ ਨੇੜੇ ਹੋ ਗਈ ਕੁਝ ਮੁਗਲ ਹਕੂਮਤ ਦੇ ਹਾਲਤ ਵੀ ਇਹੋ ਜਿਹੇ ਸੀ। ਮੁਗਲ ਬਾਦਸ਼ਾਹ ਸ਼ਾਹਜਹਾਨ ਕਾਫੀ ਸਮੇਂ ਤੋਂ ਦੱਖਣ, ਮੱਧ ਭਾਰਤ ਤੇ ਬੰਗਾਲ ਦੀਆਂ ਬਗਾਵਤ ਵਿਚ ਰੁਝਿਆ ਰਿਹਾ। ਫਿਰ ਛੇਤੀ ਹੀ ਰਾਜਗੱਦੀ ਪਿਛੇ ਆਪਣੇ ਪੁੱਤਰਾਂ ਵਿਚ ਖਾਨਾਜੰਗੀ ਸ਼ੁਰੂ ਹੋ ਗਈ, ਜਿਸ ਕਰਕੇ ਉਸ ਨੇ ਇਧਰ ਕੋਈ ਧਿਆਨ ਨਹੀਂ ਦਿੱਤਾ। ਗੁਰੂ ਸਾਹਿਬ ਨੂੰ ਕਾਫੀ ਸਮਾਂ ਮਿਲ ਗਿਆ ਅਮਨ ਸ਼ਾਂਤੀ ਵਿਚ ਰਹਿਣ ਦਾ, ਜਿਸ ਵਿਚ ਉਨ੍ਹਾਂ ਨੇ ਸਿੱਖੀ ਪ੍ਰਚਾਰ ਤੇ ਪ੍ਰਸਾਰ ਤੇ ਜ਼ੋਰ ਦਿੱਤਾ।

ਸ਼ਾਇਦ ਇਸੇ ਕਰਕੇ ਗੁਰੂ ਸਾਹਿਬ ਕੋਲ ਫੌਜ ਹੁੰਦੀਆਂ ਵੀ ਕੋਈ ਜੰਗ ਨਹੀ ਹੋਈ ਇਕ ਛੋਟੀ ਜਹੀ ਲੜਾਈ ਜਦੋਂ ਗੁਰੂ ਸਾਹਿਬ ਦੋਆਬੇ ਵਿਚ ਵਿਚਰ ਰਹੇ ਸਨ, ਮੁਖਲਿਸ ਖਾਨ ਦੇ ਪੋਤੇ ਉਮਰ ਹਯਾਤ ਖਾਨ ਨੇ ਜਿਸਦਾ ਪਿਤਾ ਗੁਰੂ ਹਰਗੋਬਿੰਦ ਸਾਹਿਬ ਦੇ ਹੱਥੋਂ ਲੜਾਈ ਵਿਚ ਮਾਰਿਆ ਗਿਆ ਸੀ, ਆਪ 'ਤੇ ਹੱਲਾ ਬੋਲ ਦਿੱਤਾ। ਆਪਜੀ ਦੇ ਪਿਛੇ ਭਾਈ ਭਗਤ ਦਾ ਪੁੱਤਰ ਗੋਰਾ ਕੁਝ ਚੋਣਵੇਂ ਸਿਪਾਹੀਆਂ ਨਾਲ ਆ ਰਿਹਾ ਸੀ, ਜਿਸਨੇ ਹਯਾਤ ਖਾਨ ਨੂੰ ਕਰਾਰੀ ਹਾਰ ਦਿੱਤੀ। ਬਸ ਲੜਾਈ ਦੇ ਨਾਮ ਤੇ ਗੁਰੂ ਹਰ ਰਾਇ ਸਾਹਿਬ ਵੇਲੇ ਇਤਨਾ ਕੁਝ ਹੀ ਹੋਇਆ।

ਗੁਰੂ ਨਾਨਕ ਸਾਹਿਬ ਨੇ ਆਪਣੀ ਉਦਾਸੀ ਦੇ ਆਰੰਭ ਵਿਚ ਕੋਹੜੀਆਂ ਨਾਲ ਪਿਆਰ ਕਰਕੇ ਇਨਸਾਨੀ ਹਮਦਰਦੀ ਦਾ ਅਸਲੀ ਸਬੂਤ ਦਿੱਤਾ, ਗੁਰੂ ਹਰਿਰਾਏ ਜੀ ਨੇ ਕੋਹੜੀਆਂ ਲਈ ਘਰ ਬਣਵਾਏ, ਦਵਾਖਾਨੇ ਤੇ ਸ਼ਫ਼ਾਖਾਨੇ ਖੋਲੇ, ਜਿਸ ਵਿਚ ਚੰਗੇ ਸਿਆਣੇ ਵੈਦ, ਹਕੀਮ ਰਖੇ ਆਪ ਵੀ ਦੁਖੀ, ਲੋੜਵੰਦਾਂ ਤੇ ਰੋਗੀਆਂ ਨਾਲ ਅਥਾਹ ਪਿਆਰ ਕਰਦੇ ਸੀ। ਜਿਥੇ ਆਪ ਨਾਮ ਦਾਰੂ ਦੇਕੇ ਲੋਕਾਂ ਨੂੰ ਅਰੋਗ ਤੇ ਸੁਖੀ ਰੱਖਦੇ ਸੀ, ਉਥੇ ਆਪ ਰੋਗੀਆਂ ਦਾ ਇਲਾਜ ਕਰਕੇ ਉਨ੍ਹਾਂ ਨੂੰ ਅਰੋਗ ਵੀ ਕਰਦੇ ਜਿਤਨਾ ਵਕਤ ਬਚਦਾ ਦਵਾਖਾਨੇ ਤੇ ਸ਼ਫ਼ਾਖਾਨੇ ਵਿਚ ਰੋਗੀਆਂ ਦੀ ਸੇਵਾ ਤੇ ਦਵਾ ਦਾਰੂ ਵਿਚ ਲਗਾ ਦਿੰਦੇ ਆਪਜੀ ਨੇ ਪੰਛੀਆਂ ਦੇ ਦਵਾ ਦਾਰੂ ਦਾ ਇੰਤਜ਼ਾਮ ਵੀ ਕੀਤਾ ।

ਜਦੋਂ ਹਿੰਦੁਸਤਾਨ ਦਾ ਬਾਦਸ਼ਾਹ ਸ਼ਾਹਜਹਾਨ, ਦਾ ਸਭ ਤੋਂ ਵੱਡਾ ਤੇ ਪਿਆਰਾ ਪੁੱਤਰ ਦਾਰਾ ਸ਼ਿਕੋਹ ਜੋ ਇਕ ਸੂਫ਼ੀ ਤਬੀਅਤ ਤੇ ਖੁਦਾ-ਖੋਫ਼-ਸ਼ੁਦਾ ਇਨਸਾਨ ਸੀ। ਸ਼ਾਹਜਹਾਂ ਇਸ ਨੂੰ ਵੱਡਾ ਤੇ ਬਾਕੀਆਂ ਨਾਲੋਂ ਸਮਝਦਾਰ ਹੋਣ ਕਰਕੇ ਗੱਦੀ ਦਾ ਹੱਕਦਾਰ ਸਮਝਦਾ ਸੀ। ਔਰੰਗਜ਼ੇਬ ਲਾਲਚੀ ਚੁਸਤ ਚਲਾਕ ਤੇ ਚਾਲਾਂ ਚਲਣ ਵਿਚ ਮਾਹਿਰ ਤੇ ਸਾਰੀ ਦੀ ਸਾਰੀ ਹਕੂਮਤ ਨੂੰ ਹੜਪ ਕਰਨ ਦੀ ਤਮੰਨਾ ਰੱਖਦਾ ਸੀ। ਆਪਣੀ ਇਸ ਇੱਛਾ ਪੂਰਤੀ ਲਈ ਦਾਰਾ ਨੂੰ ਰਸੋਈਏ ਨਾਲ ਮਿਲਕੇ ਸ਼ੇਰ ਦੀ ਮੁਛ ਦਾ ਵਾਲ ਖੁਆ ਦਿੱਤਾ, ਦਾਰਾ ਇਤਨਾ ਸਖਤ ਬੀਮਾਰ ਹੋ ਗਿਆ ਕਿ ਬਚਣ ਦੀ ਕੋਈ ਆਸ ਨਾ ਰਹੀ। ਸ਼ਾਹਜਹਾਂ ਨੇ ਆਪਣੇ ਪੁੱਤਰ ਦੀ ਸਲਾਮਤੀ ਵਾਸਤੇ ਕੋਈ ਫਕੀਰ, ਕੋਈ ਵੈਦ, ਕੋਈ ਹਕੀਮ ਨਾ ਛੱਡਿਆ ਆਖਰੀ ਕਿਸੇ ਹਕੀਮ ਨੇ ਇਕ ਖਾਸ... ਦਵਾਈ ਦੀ ਦਸ ਪਾਈ, ਜੋ ਸਿਰਫ ਤੇ ਸਿਰਫ ਗੁਰੂ ਹਰਿ ਰਾਇ ਸਾਹਿਬ ਦੇ ਦਵਾਖਾਨੇ ਵਿਚ ਸੀ। ਪਹਿਲੇ ਤਾਂ ਸ਼ਾਹਜਹਾਂ ਹਿਚਕਚਾਇਆ ਕਿਉਂਕਿ ਸਿੱਖਾਂ ਤੇ ਮੁਗਲ ਹਕੂਮਤ ਵਲੋਂ ਕੀਤੇ ਜ਼ੁਲਮਾਂ ਦਾ ਉਸ ਨੂੰ ਅਹਿਸਾਸ ਸੀ। ਪਰ ਗੁਰੂ ਘਰ ਦੀ ਮਰਯਾਦਾ ਇਸ ਤਰ੍ਹਾਂ ਦੀ ਨਹੀਂ ਸੀ ਕੀ ਕਿਸੇ ਲੋੜਵੰਦ ਨੂੰ ਖਾਲੀ ਤੋਰਿਆ ਜਾਵੇ ਸ਼ਾਹਜਹਾਂ ਨੇ ਆਪਣੇ ਵਜ਼ੀਰ ਨੂੰ ਬੇਨਤੀ ਪੱਤਰ ਨਾਲ ਭੇਜਿਆ। ਗੁਰੂ ਸਾਹਿਬ ਨੇ ਝਟ ਦਵਾਈ ਭੇਜ ਦਿੱਤੀ ਤੇ ਦਾਰਾ ਕੁਝ ਦਿਨ ਬਾਦ ਨੋ-ਬਰ-ਨੋ ਹੋ ਗਿਆ।

ਦਾਰਾ ਵੈਸੇ ਵੀ ਗੁਰੂ ਘਰ ਨਾਲ ਸਨੇਹ ਰੱਖਦਾ ਸੀ ਉਹ ਸੰਸਕ੍ਰਿਤ ਦਾ ਚੰਗਾ ਆਲਮ, ਸੂਫੀ ਫਲਾਸਫੀ ਦਾ ਮਾਹਿਰ ਤੇ ਪੱਕਾ ਵੈਦਾਂਤੀ ਹੋਣ ਕਰਕੇ ਹਿੰਦੂ ਤੇ ਮੁਸਲਮਾਨ ਫਕੀਰਾਂ ਨਾਲ ਦਿਲੀ ਅਕੀਦਤ ਰੱਖਦਾ ਸੀ, ਹਿੰਦੂ, ਮੁਸਲਮਾਨਾਂ ਨਾਲ ਇਕੋ ਜਿਹਾ ਸਲੂਕ ਕਰਦਾ ਸੀ, ਜਿਸ ਕਰਕੇ ਔਰੰਗਜ਼ੇਬ ਉਸ ਨੂੰ ਕ੍ਰਫਿਰ ਕਹਿੰਦਾ ਸੀ। ਜਦੋਂ ਦਾਰਾ ਨੂੰ ਪਤਾ ਚਲਿਆ ਕੀ ਉਹ ਗੁਰੂ ਹਰ ਰਾਇ ਸਾਹਿਬ ਦੀ ਦੁਆਈ ਨਾਲ ਠੀਕ ਹੋਇਆ ਹੈ ਤਾਂ ਉਸਦੀ ਉਨ੍ਹਾਂ ਦੇ ਦਰਸ਼ਨਾ ਦੀ ਚਾਹ ਹੋਰ ਵਧ ਗਈ ਤੇ ਉਹ ਦਰਸ਼ਨਾਂ ਲਈ ਇਕ ਵਾਰੀ ਨਹੀਂ ਬਲਕਿ ਕਈ ਵਾਰੀ ਗਿਆ।

ਸਮੇਂ ਦੇ ਪਰਿਵਰਤਨ ਦੇ ਨਾਲੋਂ-ਨਾਲ ਗੁਰੂ ਹਰ ਰਾਇ ਸਾਹਿਬ ਦਾ ਗੁਰਮਤ ਤੇ ਸ਼ਸ਼ਤਰ ਵਿਦਿਆ ਦਾ ਪ੍ਰਚਾਰ ਵੀ ਕੋਨੇ ਕੋਨੇ ਤੱਕ ਫੈਲ ਗਿਆ ਸੀ, ਸਿੱਖਾਂ ਦੀ ਗਿਣਤੀ ਦਿਨ-ਬਦਿਨ ਵਧ ਰਹੀ ਸੀ। ਇਸ ਕੰਮ ਵਾਸਤੇ ਦੂਰ ਨੇੜੇ ਜਿਥੇ ਵੀ ਲੋੜ ਪੈਂਦੀ ਚੰਗੇ ਚੰਗੇ ਵਿਦਵਾਨ ਸਿੱਖਾਂ ਨੂੰ ਭੇਜ ਦਿੰਦੇ ਤੇ ਲੋੜ ਹੁੰਦੀ ਤਾਂ ਖੁਦ ਵੀ ਚਲੇ ਜਾਂਦੇ ਜਿਸਦਾ ਨਤੀਜਾ ਇਹ ਹੋਇਆ ਕੀ ਉਨ੍ਹਾਂ ਦੇ ਘੋੜ ਸਵਾਰਾਂ ਦੀ ਗਿਣਤੀ ਵਧਦੀ ਚਲੀ ਗਈ, ਅਸ਼ਤਰ ਸ਼ਸ਼ਤਰ ਤੇ ਤੋਪਾਂ ਵੀ ਕਾਫੀ ਇਕਠੀਆਂ ਹੋ ਗਈਆਂ।

ਇਸੇ ਦੌਰਾਨ ਖਬਰ ਆਈ ਕਿ ਦਾਰਾ ਸ਼ਿਕੋਹ ਸ਼ਾਮੂ ਗੜ੍ਹ ਦੇ ਮੈਦਾਨ ਵਿਚੋਂ ਔਰੰਗਜ਼ੇਬ ਤੋਂ ਹਾਰ ਗਿਆ ਹੈ ਦਾਰਾ ਸ਼ਿਕੋਹ ਬੜੀ ਮੁਸ਼ਕਲ ਨਾਲ ਬਿਆਸ ਦਰਿਆ ਪਾਰ ਕਰਕੇ ਲਾਹੌਰ ਵਲ ਨਸ ਤੁਰਿਆ। ਉਸਦੇ ਨਾਲ 20000 ਫੌਜਾਂ ਵੀ ਸਨ ਔਰੰਗਜ਼ੇਬ ਦੀਆਂ ਫੌਜਾਂ ਉਸਦਾ ਪਿਛਾ ਕਰ ਰਹੀਆਂ ਹਨ। ਰਾਹ ਵਿਚ ਤਰਨਤਾਰਨ ਦੇ ਸਥਾਨ ਤੇ ਗੁਰੂ ਹਰ ਰਾਇ ਸਾਹਿਬ ਨੂੰ ਮਿਲਿਆ ਤੇ ਬੇਨਤੀ ਕੀਤੀ ਕਿ ਅਗਰ ਔਰੰਗਜ਼ੇਬ ਦੀਆਂ ਫੌਜਾਂ ਨੂੰ ਗੋਇੰਦਵਾਲ ਦੇ ਪਤਣ ਤੇ ਰੋਕਿਆ ਜਾ ਸਕੇ ਤਾਂ ਮੇਰਾ ਬਚਾਓ ਹੋ ਸਕਦਾ ਹੈ। ਗੁਰੂ ਸਾਹਿਬ ਨੇ ਉਸ ਨੂੰ ਦਿਲਾਸਾ ਦਿੱਤਾ ਤੇ ਦਰਿਆ ਤੋਂ ਸਾਰੀਆਂ ਬੇੜੀਆਂ ਹਟਵਾ ਲਈਆਂ, ਤਾਂਕਿ ਦਾਰਾ ਨੂੰ ਲਾਹੌਰ ਪਹੁੰਚਣ ਦਾ ਵਕਤ ਮਿਲ ਜਾਏ ਓਹ ਲਾਹੌਰ ਪਹੁੰਚ ਵੀ ਗਿਆ ਪਰ ਕਿਸੀ ਗੱਦਾਰ ਦੇ ਕਾਰਨ ਔਰੰਗਜ਼ੇਬ ਦੇ ਹੱਥੋਂ ਪਕੜਿਆ ਗਿਆ। ਦਾਰਾ ਤੇ ਉਸਦੇ ਸਾਥੀਆਂ ਨੂੰ ਬੁਰੀ ਤਰ੍ਹਾਂ ਕਤਲ ਕਰ ਦਿੱਤਾ ਗਿਆ। ਜਿਨ੍ਹਾਂ ਭਰਾਵਾਂ ਦੀ ਮਦਦ ਨਾਲ ਦਾਰਾ ਨੂੰ ਹਰਾਇਆ ਸੀ ਉਨ੍ਹਾਂ ਨੂੰ ਵੀ ਕਤਲ ਕਰਵਾਕੇ ਖੁਦ ਤਖਤੇ-ਤਾਓਸ ਦਾ ਮਾਲਕ ਬਣ ਬੈਠਾ।

ਬੁੱਢੇ ਪਿਓ ਨੂੰ ਆਗਰੇ ਦੇ ਕਿਲੇ ਵਿਚ ਨਜ਼ਰਬੰਦ ਕਰਵਾ ਦਿੱਤਾ ਤੇ ਪਾਣੀ ਤੋਂ ਵੀ ਤਰਸਾ ਦਿੱਤਾ। ਸ਼ਾਹਜਾਹਾਂ ਦੇ ਆਪਣੇ ਲਫਜ਼ ਸਨ, "ਹਿੰਦੂ ਤੇ ਫਿਰ ਵੀ ਮਰਨ ਵਾਲੇ ਦੇ ਮੂੰਹ ਵਿਚ ਗੰਗਾ ਜਲ ਪਾ ਦਿੰਦੇ ਹਨ ਤੂੰ ਤੇ ਆਪਣੇ ਬਾਪ ਨੂੰ ਪਾਣੀ ਤੋਂ ਵੀ ਤਰਸਾ ਕੇ ਮਾਰ ਦਿੱਤਾ ਹੈ। ਇਸ ਤਰ੍ਹਾਂ ਘੋਰ ਅਪਰਾਧੀ ਹੋਣ ਦੇ ਬਾਵਜੂਦ ਉਹ ਸਾਰੀ ਜ਼ਿੰਦਗੀ ਪਾਕ, ਮੋਮਨਾ ਵਾਂਗ ਪੱਕਾ ਸ਼ਰਈ, ਤੇ ਦੀਨਦਾਰ ਬਣਿਆ ਰਿਹਾ, ਜਦ ਤੱਕ ਗੁਰੂ ਗੋਬਿੰਦ ਸਿੰਘ ਨੇ ਉਸਦਾ ਅਸਲੀ ਚੇਹਰਾ ਸਾਮਣੇ ਨਹੀਂ ਕੀਤਾ।

ਔਰੰਗਜ਼ੇਬ ਨੇ ਗੱਦੀ ਹਾਸਲ ਕਰਦਿਆਂ ਆਪਣੇ ਗੁਨਾਹਾਂ ਤੇ ਪੜਦਾ ਪਾਣ ਲਈ ਤੇ ਆਪਣੇ ਆਪ ਨੂੰ ਇਕ ਸਚਾ ਮੁਸਲਮਾਨ ਸਾਬਤ ਕਰਨ ਲਈ, ਬਨਾਰਸ, ਮਥੁਰਾ, ਜੈਪੁਰ, ਜੋਧਪੁਰ ਦੇ ਮੰਦਰਾਂ ਨੂੰ ਢੁਹਾਕੇ ਉਸ ਉਤੇ ਮਸੀਤਾਂ ਬਣਵਾਈਆਂ ਹਿੰਦੂਆਂ ਦੇ ਤੀਰਥਾਂ ਤੇ ਜਜੀਏ ਲਗਾ ਦਿੱਤੇ, ਬੁੱਤ ਪੂਜਾ ਹੁਕਮਨ ਬੰਦ ਕਰਵਾ ਦਿੱਤਾ, ਹਿੰਦੂਆਂ ਨੂੰ ਸਰਕਾਰੀ ਨੌਕਰੀਆਂ ਤੋਂ ਹਟਾ ਦਿੱਤਾ, ਜੋਗੀ ਸੰਨਿਆਸੀ, ਵੈਰਾਗੀ, ਗਵਈਏ ਤੇ ਸੰਗੀਤਕਾਰਾਂ ਨੂੰ ਦੇਸ਼ ਤੋਂ ਕਢ ਦਿੱਤਾ। ਸਾਰੇ ਰਾਗ ਰੰਗ ਜੋ ਅਕਬਰ ਦੇ ਜ਼ਮਾਨੇ ਤੋਂ ਚਲੇ ਆ ਰਹੇ ਸੀ ਬੰਦ ਕਰਵਾ ਦਿੱਤੇ ਸ਼ਿਆ ਮੁਸਲਮਾਨਾਂ ਤੇ ਵੀ ਕਈ ਤਰ੍ਹਾਂ ਦੀਆਂ ਪਾਬੰਦੀਆ ਲਗਾਈਆਂ ਇਸ ਵਕਤ ਸਿੱਖ ਵੀ ਉਸਦੀ ਸੀਨਾ ਜੋਰੀ ਤੋਂ ਬਚ ਨਹੀਂ ਸਕੇ।

ਜਿਨ੍ਹਾਂ ਜਿਨ੍ਹਾਂ ਨੇ ਦਾਰਾ ਸ਼ਿਕੋਹ ਦੀ ਮਦਤ ਕੀਤੀ

ਸੀ ਹੁਣ ਉਨ੍ਹਾਂ ਦੀ ਵਾਰੀ ਆਈ ਦਾਰਾ ਸ਼ਿਕੋਹ ਦਾ ਗੁਰੂ ਸਾਹਿਬ ਕੋਲ ਆਣਾ ਜਾਣਾ ਕਾਫੀ ਸੀ ਇਸ ਕਰਕੇ ਸਾਰੇ ਗੁਰਦਵਾਰੇ ਜੋ ਨਗਰਾਂ ਤੇ ਸ਼ਹਿਰਾਂ ਵਿਚ ਸਨ, ਢਾਹ ਦਿੱਤੇ ਗਏ ਤੇ ਸਿੱਖੀ ਪ੍ਰਚਾਰਕ ਉਥੋਂ ਕੱਢ ਦਿੱਤੇ ਗਏ। ਇਹ ਲਪਟਾਂ ਕੀਰਤਪੁਰ ਸਾਹਿਬ ਵੀ ਪਹੁੰਚੀਆਂ ਹਰਿਰਾਇ ਸਾਹਿਬ ਨੂੰ ਦਿੱਲੀ ਪਹੁੰਚਣ ਦਾ ਪਰਵਾਨਾ ਭੇਜ ਦਿੱਤਾ ਗਿਆ ਗੁਰੂ ਸਾਹਿਬ ਖੁਦ ਤਾਂ ਨਹੀਂ ਗਏ ਕਿਓਂਕਿ ਗੁਰੂ ਹਰਗੋਬਿੰਦ ਸਾਹਿਬ ਦਾ ਹੁਕਮ ਸੀ ਕਿ ਮਲੇਛਾ ਦੇ ਮੱਥੇ ਨਹੀਂ ਲੱਗਣਾ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਭੇਜ ਦਿੱਤਾ, ਹਦਾਇਤਾਂ ਦੇ ਨਾਲ, ਸਚ ਤੋਂ ਮੂੰਹ ਨਹੀਂ ਮੋੜਨਾ, ਕਿਸੇ ਤੋਂ ਡਰਨਾ ਨਹੀਂ ਤੇ ਹਰ ਸਵਾਲ ਦਾ ਸਹੀ ਸਹੀ ਉੱਤਰ ਦੇਣਾ। ਰਾਮ ਰਾਇ ਨਾਲ ਭਾਈ ਗੁਰਦਾਸ ਤੇ ਭਾਈ ਤਾਰਾ ਨੂੰ ਭੇਜਣਾ ਕੀਤਾ 24 ਘੋੜ ਸਵਾਰ ਤੇ 40 ਸਿੱਖ ਵੀ ਨਾਲ ਗਏ। ਰਾਮ ਰਾਇ ਅੰਬਾਲਾ ਤੋਂ ਪਾਨੀਪਤ ਹੁੰਦੇ ਦਿੱਲੀ ਚੰਦਰਾਵਾਲ ਖੇੜੇ ਕੋਲ ਜਿਥੇ ਅਜਕਲ ਮਜਨੂੰ ਦਾ ਟਿਲਾ ਹੈ, ਟਿਕਾਣਾ ਕੀਤਾ।

ਰਾਮਰਾਏ ਦਾ ਔਰੰਗਜ਼ੇਬ ਤੇ ਬਹੁਤ ਚੰਗਾ ਪ੍ਰਭਾਵ ਪਿਆ ਓਸਨੇ ਹਰ ਪ੍ਰਸ਼ਨ ਦਾ ਉਤਰ ਬੜੇ ਸੁਚੱਜੇ ਢੰਗ ਨਾਲ ਦਿੱਤਾ ਪਰ ਛੇਤੀ ਹੀ ਸ਼ਾਹੀ ਪ੍ਰਭਾਵ ਹਾਵੀ ਹੋਣ ਲਗ ਪਿਆ ਕਰਮ ਕਾਂਡਾ ਨਾਲ ਬਾਦਸ਼ਾਹ ਦੀ ਖ਼ਸ਼ਾਮਤ ਵੀ ਹੋਣ ਲਗ ਪਈ। ਇਕ ਦਿਨ ਵਾਰਤਾ ਕਰਦਿਆਂ ਕਰਦਿਆਂ ਗੁਰੂ ਨਾਨਕ ਸਾਹਿਬ ਦੇ ਵਾਕ ਨੂੰ ਪਲਟਾ ਦਿੱਤਾ ਜਦ ਇਹ ਘਟਨਾ ਕੀਰਤਪੁਰ ਸਾਹਿਬ ਪਹੁੰਚੀ ਤਾਂ ਗੁਰੂ ਸਾਹਿਬ ਨੇ ਉਸ ਨੂੰ ਕਦੇ ਨਾ ਮਥੇ ਲੱਗਣ ਦੀ ਹਿਦਾਅਤ ਲਿਖ ਕੇ ਚਿੱਠੀ ਰਾਹੀਂ ਭੇਜ ਦਿੱਤੀ।

ਇਸ ਤਰ੍ਹਾਂ ਜਦ ਰਾਮ ਰਾਇ ਨੂੰ ਮਾਫ਼ੀ ਨਾ ਮਿਲੀ ਤਾਂ ਉਸਨੇ ਔਰੰਗਜ਼ੇਬ ਤੋਂ ਜਗੀਰ ਲੈ ਕੇ ਆਪਣਾ ਵਾਸਾ ਦੇਹਰਾਦੂਨ ਕਰ ਲਿਆ। ਦਸਵੇਂ ਜਾਮੇ ਵਿਚ ਗੁਰੂ ਗੋਬਿੰਦ ਸਿੰਘ ਨੇ ਉਸ ਨੂੰ ਮਾਫ਼ ਕਰ ਦਿੱਤਾ ਜਦ ਉਹ ਜਮਨਾ ਵਿਚ ਇਕ ਬੇੜੀ ਵਿਚ ਗੁਰੂ ਸਾਹਿਬ ਦੀ ਸ਼ਰਨ ਵਿਚ ਆਇਆ।

ਗੁਰੂ ਨਾਨਕ ਸਾਹਿਬ ਦੁਆਰਾ ਸ਼ੁਰੂ ਕੀਤੀ ਸਿਖ ਲਹਿਰ ਨੇ ਸਮੇਂ ਸਮੇਂ ਸਿਰ ਕਈ ਸੰਸਥਾਵਾਂ ਨੂੰ ਜਨਮ ਦਿੱਤਾ, ਜਿਵੇਂ ਲੰਗਰ, ਸੰਗਤ, ਮੰਜੀ, ਦਸਵੰਦ, ਮਸੰਦ, ਧਰਮਸ਼ਾਲ ਆਦਿ ਜੋ ਹੁਣ ਤੱਕ ਪੂਰੀ ਤਰ੍ਹਾਂ ਪ੍ਰਫੁਲਤ ਹੋ ਚੁੱਕੀਆਂ ਸਨ। ਗੁਰੂ ਹਰਿ ਰਾਇ ਸਾਹਿਬ ਨੇ ਨਾ ਕੇਵਲ ਇਨ੍ਹਾਂ ਸੰਸਥਾਵਾਂ ਨੂੰ ਸੰਭਾਲਿਆ ਸਗੋਂ ਵਿਕਸਿਤ ਵੀ ਕੀਤਾ। ਸਿੱਖੀ ਦੇ ਪ੍ਰਚਾਰ ਨੂੰ ਪੱਕੇ ਪੈਰੀਂ ਖੜ੍ਹਾ ਕਰਨ ਲਈ ਚਾਰ ਧੂਣੇ ਤੇ 6 ਬਖਸ਼ਿਸ਼ਾਂ ਵੀ ਸਥਾਪਤ ਕੀਤੀਆਂ, ਜਿਸ ਨਾਲ ਦੱਖਣੀ ਭਾਰਤ ਵਿਚ ਧੂਣੇ ਤੇ ਬਖਸ਼ਿਸ਼ਾਂ ਦਾ ਜਾਲ ਵਿਛ ਗਿਆ।

**ਪ੍ਰਚਾਰਿਕ ਯਾਤਰਾਵਾਂ** : ਗੁਰੂ ਸਾਹਿਬ ਨੇ ਪ੍ਰਚਾਰ ਦੇ ਕੰਮ ਨੂੰ ਢਿਲਾ ਨਹੀਂ ਪੈਣ ਦਿੱਤਾ ਕਈ ਨਵੇਂ ਪ੍ਰਚਾਰਕ ਦੂਰ ਦੁਰਾਡੇ ਮੁਲਕ ਵਿਚ ਭੇਜੇ ਗਏ। ਗੁਰੂ ਸਾਹਿਬ ਨੇ ਖੁਦ ਵੀ ਆਪਣੀ ਗੁਰਿਆਈ ਕਾਲ 1644-61 ਦੇ ਦੌਰਾਨ ਵਿਚ ਕੀਰਤਪੁਰ ਤੋਂ ਬਾਹਰ ਜਾਕੇ ਸਿੱਖੀ ਪ੍ਰਚਾਰ ਕੀਤਾ। ਹਾਲਾਂਕਿ ਇਨ੍ਹਾਂ ਪ੍ਰਚਾਰਕ ਦੌਰਿਆਂ ਬਾਰੇ ਇਤਿਹਾਸਕਾਰਾਂ ਵਿਚ ਕਾਫੀ ਮਤ-ਭੇਦ ਹਨ ਗੁਰੂ ਸਾਹਿਬ ਨੇ ਦੋ ਪ੍ਰਚਾਰਕ ਦੌਰੇ ਕੀਤੇ।

**ਪਹਿਲਾ ਦੌਰਾ**: ਪਹਿਲੇ ਵਿਚ ਅਮ੍ਰਿਤਸਰ, ਗੋਇੰਦਵਾਲ,ਖਡੂਰ ਸਾਹਿਬ, ਵੱਡੀ ਲਹਿਲ, ਹਰੀਆਂ ਵੇਲਾਂ, ਭੂੰਗਰਨੀ, ਬੰਬੇਲੀ, ਕਰਤਾਰਪੁਰ, ਨੂਰਮਹਿਲ, ਪੁਆਧੜਾ, ਗਹਿਲਾਂ, ਭਾਈ ਕੀ ਡਰੋਲੀ, ਮਾੜ੍ਹੀ ਪਿੰਡ, ਮਰਾਝ, ਮੀਨਝੇ ਕੀ ਮੋੜ੍ਹੀ, ਪਲਾਹੀ ਨਗਰ, ਫਰਾਲ, ਸੰਧਵਾ, ਦੁਸਾਂਝ ਮਸੰਦਾਂ ਕੇ, ਹਕੀਮਪੁਰ, ਚੰਦਪੁਰ, ਦੋਲੇਵਾਲ ਆਦਿ।

**ਦੂਸਰਾ ਦੌਰਾ**: ਬੂੰਗਾ, ਰੋਪੜ, ਪਿਹੋਵਾ, ਸਿਆਲਕੋਟ, ਜੰਮੂ ਕਸ਼ਮੀਰ ਦੀਆਂ ਬਹੁਤ ਸਾਰੀਆਂ ਜਗਹ ਵਿਚ ਗਏ।

ਮਾਝੇ ਅਤੇ ਦੁਆਬੇ ਵਿਚ ਤਾਂ ਸਦੀਆਂ ਤੋਂ ਪ੍ਰਚਾਰ ਹੁੰਦੇ ਆਏ ਸੀ ਪਰ ਮਾਲਵੇ ਵਿਚ ਸਵਾਏ ਗੁਰੂ ਹਰਗੋਬਿੰਦ ਸਾਹਿਬ ਦੇ ਕਿਸੇ ਗੁਰੂ ਸਹਿਬਾਨ ਨੇ ਚਰਨ ਨਹੀਂ ਪਾਏ ਗੁਰੂ ਹਰਿ ਰਾਇ ਨੇ ਇਸ ਇਲਾਕੇ ਵਿਚ ਵੀ ਪ੍ਰਚਾਰ ਅਰੰਭਿਆ। 1656 ਵਿਚ ਗੁਰੂ ਹਰਿ ਰਾਇ ਸਾਹਿਬ ਮਾਲਵੇ ਵਿਚ ਮਹਿਰਾਜ ਤਕ ਗਏ ਜਿਥੇ ਉਨ੍ਹਾਂ ਨੇ ਫੂਲ ਜੋ ਆਪਣੇ ਸੰਬੰਧੀਆਂ ਸਮੇਤ ਰੋਜ਼ ਦੀਵਾਨ ਵਿਚ ਹਾਜ਼ਰ ਹੁੰਦੇ। ਉਨ੍ਹਾਂ ਦੀ ਨਿਮਰਤਾ ਤੇ ਸੇਵਾ ਭਾਵ ਦੇਖਕੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ "ਰਾਜ ਕਮਾਉਣਗੇ" ਜਿਸ ਵਜੋਂ ਪਟਿਆਲਾ, ਜੀਂਦ ਤੇ ਨਾਭਾ ਦੀਆਂ ਰਿਆਸਤਾਂ ਹੋਂਦ ਵਿਚ ਆਈਆਂ। ਇਸਤੋਂ ਪਹਿਲਾਂ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਉਨ੍ਹਾਂ ਨੂੰ ਖੁਸ਼ੀ ਵਸਣ ਦਾ ਆਸ਼ੀਰਵਾਦ ਦਿੱਤਾ ਸੀ।

ਜਦੋਂ ਆਪ ਸਿਆਲਕੋਟ ਦੇ ਨੇੜੇ ਗਲੋਟਿਆ ਖੁਰਜ ਪੁੱਜੇ ਤਾਂ ਉਥੇ ਭਾਈ ਨੰਦ ਲਾਲ ਪੁਰੀ ਦਰਸ਼ਨਾਂ ਨੂੰ ਆਏ। ਨਾਲ ਉਨ੍ਹਾਂ ਦਾ ਪੋਤਰਾ ਭਾਈ ਹਕੀਕਤ ਰਾਏ ਵੀ ਸਨ। ਉਨ੍ਹਾਂ ਨੇ ਉਪਦੇਸ਼ ਮੰਗਿਆ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਤਿੰਨ ਗਲਾਂ ਦੀ ਮਨਾਹੀ ਕੀਤੀ, ਟੋਪੀ ਪਹਿਨਣਾ, ਨਸ਼ਾ ਵਰਤਣਾ ਤੇ ਕੇਸ ਕਤਲ ਕਰਵਾਣੇ, ਜਿਸ ਨੂੰ ਉਨ੍ਹਾਂ ਨੇ ਸਾਰੀ ਜ਼ਿੰਦਗੀ ਵਾਸਤੇ ਪਲੇ ਬੰਨ੍ਹ ਲਿਆ। ਇਨ੍ਹਾਂ ਸਿੱਖਾਂ ਦਾ ਨਾਂ ਧਰਮੀ ਸਿੱਖ ਪੈ ਗਿਆ ਜੋ ਹਰ ਲੋੜ ਵੇਲੇ ਸਿੱਖਾਂ ਤੇ ਸਿੱਖੀ ਦੀ ਸੇਵਾ ਕਰਦੇ ਹਕੀਕਤ ਰਾਏ ਜ਼ਕਰੀਆਂ ਖਾਨ ਦੇ ਹੱਥੋਂ ਸ਼ਹੀਦ ਹੋਇਆ।

360 ਮੰਜੀਆਂ ਹੋਰ ਥਾਪੀਆਂ, ਭਾਈ ਪੁੰਗਰ, ਭਾਈ ਗੋਂਦਾ, ਭਾਈ ਜਿਓਣਾ, ਭਾਈ ਕਲਾ, ਭਾਈ ਦੁਲਟ, ਭਾਈ ਨੰਦ ਬਾਲਪੁਰੀ ਭਾਈ ਫੇਰੁ, ਭਾਈ ਭਗਤੂ ਤੇ ਭਾਈ ਗੋਰਾ ਮੁੱਖ ਪ੍ਰਚਾਰਕ ਸਨ ਜਿਨ੍ਹਾ ਨੇ ਸਿੱਖੀ ਦੀ ਤਨਮਨ ਨਾਲ ਸੇਵਾ ਕੀਤੀ ਤਿੰਨ ਸਿੱਖਾਂ ਦੇ ਅਧੀਨ ਸਿੱਖੀ ਪ੍ਰਚਾਰ ਦੇ ਕੇਂਦਰ ਕਾਇਮ ਕੀਤੇ ਸੰਨਿਆਸੀ ਭਗਤ ਭਗਵਾਨ ਨੂੰ ਪੂਰਬ ਵਲ, ਸੁਥਰੇ ਸ਼ਾਹ ਨੂੰ ਦਿੱਲੀ ਤੇ ਭਾਈ ਫੇਰੂ ਨੂੰ ਰਾਜਸਥਾਨ ਤੇ ਦੁਆਬਾ-ਬਾਰੀ ਵਲ ਭੇਜਿਆ। ਕੈਥਲ ਤੇ ਬਾਗੜੀਆਂ ਖਾਨਦਾਨਾਂ ਦੇ ਮੋਢੀਆਂ ਨੂੰ ਮਾਲਵੇ ਦੇ ਇਲਾਕੇ ਵਲ ਪ੍ਰਚਾਰ ਕਰਨ ਲਈ ਨਿਯਤ ਕੀਤਾ। ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤਿਆਰ ਕਰਵਾਈਆਂ ਆਪਣੀ ਹੱਥੀਂ ਮੂਲ ਮੰਤਰ ਨੂੰ ਨਿਖੇੜ ਕੇ ਲਿਖਿਆ ਤਾਂਕਿ ਬਾਣੀ ਪੜ੍ਹਨ ਤੇ ਸਮਝਣ ਵਿਚ ਆਸਾਨੀ ਰਹੇ ਗੁਰੂ ਹਰਗੋਬਿੰਦ ਸਾਹਿਬ ਨੇ ਕੀਰਤਪੁਰ ਇਕ ਬਾਗ ਬਣਵਾਇਆ ਸੀ, ਜਿਸਦਾ ਬਹੁਤਾ ਵਿਕਾਸ ਗੁਰੂ ਹਰਿ ਰਾਇ ਸਾਹਿਬ ਵਕਤ ਹੋਇਆ। ਉਸ ਵਿਚ ਕਈ ਤਰ੍ਹਾਂ ਦੇ ਫਲ ਤੇ ਜੜੀ ਬੂਟਿਆਂ ਲਗਵਾਈਆਂ ਗਈਆਂ ਜੋ ਆਪਜੀ ਦੇ ਸ਼ੁਫਾਖਾਨੇ ਤੇ ਦਵਾਖਨੇ ਵਿਚ ਕੰਮ ਆਈਆਂ। ਆਪਜੀ ਦੇ ਵਕਤ ਕੀਰਤਪੁਰ ਦੀ ਆਬਾਦੀ ਇਤਨੀ ਵਧ ਗਈ ਕਿ ਕਈ ਬਸਤੀਆਂ ਬਣ ਗਈਆਂ, ਵੱਖ-ਵੱਖ ਥਾਵਾਂ ਤੇ ਸ਼ਹਿਰ ਨੂੰ ਸੁੰਦਰ ਬਣਾਉਣ ਲਈ 52 ਬਾਗ ਲਗਵਾਏ, ਜਿਨ੍ਹਾ ਦੀ ਦੇਖ ਭਾਲ ਕਰਨ ਲਈ ਸਿਆਣੇ ਮਾਲੀਆਂ ਦਾ ਇੰਤਜ਼ਾਮ ਕੀਤਾ ਗਿਆ। ਚੰਗੇ ਬਾਗ ਤਿਆਰ ਕਰਨ ਵਾਲੇ ਮਾਲੀਆਂ ਨੂੰ ਇਨਾਮ ਦਿੱਤੇ ਜਾਂਦੇ ਕੀਰਤਪੁਰ ਅਜ ਵੀ ਬਾਗਾਂ ਦਾ ਸ਼ਹਿਰ ਕਿਹਾ ਜਾਂਦਾ ਹੈ।

ਕਰਤਾਰਪੁਰ ਵਿਚ ਗੰਗਸਰ ਖੂਹ ਨੂੰ ਪਕਾ ਕਰਵਾਇਆ ਡਰੋਲੀ ਵਿਚ ਮਾਤਾ ਦਮੋਦਰੀ ਦੀ ਯਾਦ ਵਜੋਂ ਖੂਹ ਨੂੰ ਸੰਪੂਰਨ ਕਰਵਾਇਆ ਜੋ ਛੇਵੇਂ ਪਾਤਸ਼ਾਹ ਵਕਤ ਸ਼ੁਰੂ ਹੋਇਆ ਸੀ। ਨੂਰ ਮਹਲ ਵਿਚ ਇਕ ਬਾਗ ਵਿਚ ਧਰਮਸਾਲ ਬਣਾਉਣ ਦਾ ਆਦੇਸ਼ ਦਿੱਤਾ। ਗੁਰੂ ਸਰ ਦੇ ਨੇੜੇ ਲਹਿਰਾ ਤੇ ਮਹਿਰਾਜ ਪਿੰਡ ਵਸਾਏ ਕਸ਼ਮੀਰ ਦੇ ਡੇਰੇ ਤੇ ਨੇਜਾ ਮਾਰ ਕੇ ਖੂਹ ਬਣਵਾਇਆ ਕਿਉਂਕਿ ਸਾਰੇ ਨਗਰ ਵਿਚ ਇਕ ਹੀ ਖੂਹ ਸੀ ਤੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਮਣਾ ਕਰਨਾ ਪੈਂਦਾਂ ਸੀ।

ਗੁਰੂ ਸਾਹਿਬ ਨੇ ਸਚ ਖੰਡ ਦੀ ਵਾਪਸੀ ਦਾ ਸਮਾ ਜਾਣ ਕੇ ਆਪਣੇ ਛੋਟੇ ਸਾਹਿਬਜਾਦੇ ਜੋ ਅਜੇ ਮਸਾ ਕੁ 5 ਵਰ੍ਹਿਆਂ ਦੇ ਸੀ ਗੁਰਗੱਦੀ ਲਈ ਥਾਪਿਆ, ਵੱਡਾ ਪੁੱਤਰ ਤੇ ਪਹਿਲੇ ਹੀ ਬੇਮੁੱਖ ਹੋ ਚੁੱਕਾ ਸੀ। 6 ਅਕਤੂਬਰ, 1661 ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ ਆਪਜੀ ਦਾ ਦੇਹ ਸਸਕਾਰ ਸੁਤਲੁਜ ਦੇ ਕੰਢੇ ਤੇ ਅਸਥੀਆਂ ਪਾਤਾਲਪੁਰੀ ਵਿਚ ਜਲ ਪ੍ਰਵਾਹ ਕੀਤੀਆਂ ਗਈਆਂ।

**ਓਪਦੇਸ਼** : ਉਹ ਆਪ ਬਾਣੀ ਨੂੰ ਬੇਹੱਦ ਪਿਆਰ ਕਰਦੇ ਇਥੋਂ ਤੱਕ ਬਾਣੀ ਸੁਣਦੇ ਸੁਣਦੇ ਇਤਨੇ ਲੀਨ ਹੋ ਜਾਂਦੇ ਕਿ ਆਪਣੇ ਆਪ ਨੂੰ ਭੁਲ ਜਾਂਦੇ। ਅਕਾਲ ਪੁਰਖ ਤੇ ਭਰੋਸਾ ਕਰੋ ਬਿਨਾ ਕਿਸੇ ਹੀਲ ਹੁਜਤ ਤੋਂ ਸ਼ੁਭ ਅਮਲ ਤੇ ਸੱਚੀ ਸੁਚੀ ਕਿਰਤ ਕਰੋ ਕਿਸੇ ਨੂੰ ਮੰਦਾ ਨਾ ਆਖੋ ਨਾ ਹੀ ਕਿਸੇ ਦਾ ਦਿਲ ਦੁਖਾਓ ਕਾਮ ਕ੍ਰੋਧ ਲੋਹ ਮੋਹ ਹੰਕਾਰ ਨੂੰ ਤਿਆਗੋ ਸੰਗਤ ਸੰਸਾਰ ਨੂੰ ਪਾਰ ਕਰਨੇ ਦਾ ਜਹਾਜ਼ ਹੈ ।

ਅਤਿਥੀ ਦਾ ਆਦਰ ਸਤਕਾਰ ਕਰੋ ਮਾਂ-ਪਿਓ ਦੀ ਸੇਵਾ ਇਕ ਉਤਮ ਸੇਵਾ ਤੇ ਭਗਤੀ ਹੈ ਦਸ਼ਵੰਧ ਕੱਢੋ ਜਿਸ ਨਾਲ ਲੋੜਵੰਦਾਂ ਭੁਖਿਆ ਤੇ ਗਰੀਬਾਂ ਦੀ ਸੇਵਾ ਹੋਵੇ।

ਜੋ ਹੋ ਉਸ ਨੂੰ ਛੁਪਾਣ ਦੀ ਕੋਸ਼ਿਸ਼ ਨਾ ਕਰੋ ਜੋ ਨਹੀਂ ਹੋ ਉਸ ਨੂੰ ਦਿਖਣ ਦੀ ਕੋਸ਼ਿਸ਼ ਨਾ ਕਰੋ ਇਰਾਦੇ ਵਿਚ ਦ੍ਰਿੜ ਰਹੋ ਸੋਚ ਸਮਝ ਕੇ ਫੈਸਲਾ ਕਰੋ ਫਿਰ ਡੋਲੋ ਨਹੀਂ।

ਸਿੱਖ ਕੌਮ ਨੂੰ ਟੋਪੀ ਨਾ ਪਾਉਣ ਤਮਾਕੂ ਨਾ ਪੀਣ ਤੇ ਕੇਸ ਨਾ ਕਤਲ ਕਰਨ ਦੀ ਹਿਦਾਇਤ ਦਿੱਤੀ।

# ਸ੍ਰੀ ਗੁਰੂ ਹਰਿ ਰਾਇ ਜੀ



ਸਿੱਖ ਧਰਮ ਬਾਕੀ ਧਰਮਾਂ ਨਾਲੋਂ ਉਮਰ ਵਿੱਚ ਬੇਸ਼ੱਕ ਕੁੱਝ ਛੁਟੇਰਾ ਹੈ, ਪਰ ਇਸ ਦੇ ਪੈਗੰਬਰਾਂ/ਗੁਰੂਆਂ ਵੱਲੋਂ ਮਨੁੱਖੀ ਆਤਮਾ ਦੇ ਵਿਕਾਸ ਹਿੱਤ ਜੋ ਫਿਲਾਸਫੀ ਦਿੱਤੀ ਗਈ ਹੈ, ਉਹ ਸਰਲਤਾ, ਸਹਿਜਤਾ ਅਤੇ ਸਮਾਜਿਕਤਾ ਦੇ ਕਾਫੀ ਨੇੜੇ ਹੈ। ਸਿੱਖੀ ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰੀ ਅਤੇ ਪ੍ਰਸਾਰੀ ਇੱਕ ਅਜਿਹੀ ਜੀਵਨ ਜਾਂਚ ਹੈ, ਜਿਸ ਨੂੰ ਅਪਣਾ ਕੇ ਕੋਈ ਵੀ ਵਿਅਕਤੀ ਜਿੱਥੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨਿਭਾਅ ਸਕਦਾ ਹੈ, ਉੱਥੇ ਪਰਮ ਪਿਤਾ ਦੀ ਨੇੜਤਾ ਦਾ ਨਿੱਘ ਵੀ ਮਾਣ ਸਕਦਾ ਹੈ। ਗੁਰੂ ਸਾਹਿਬਾਨ ਨੇ ਇੱਕ ਅਜਿਹੀ ਉੱਚੀ ਤੇ ਸੁੱਚੀ ਵਿਚਾਰਧਾਰਾ ਮਨੁੱਖਤਾ ਨੂੰ ਬਖਸ਼ੀ ਹੈ, ਜੋ ਧਰਮ ਦੇ ਪਿੜ ਵਿਚਲੇ ਕਰਮਕਾਂਡੀ ਵਿਵਹਾਰ ਨੂੰ ਰੱਦ ਕਰਕੇ ਨਿਰੋਲ ਪ੍ਰੇਮ ਪੂਰਵਕ ਵਿਧਾਨ ਦਾ ਪੱਖ ਪੂਰਦੀ ਹੈ। ਇਸ ਵਿਧਾਨ ਦੀ ਪੁਸ਼ਟੀ ਜਿੱਥੇ ਦਸ ਪਾਤਸ਼ਾਹੀਆਂ ਨੇ ਆਪੋ-ਆਪਣੇ ਸਮਿਆਂ ਵਿੱਚ ਕੀਤੀ ਹੈ, ਉੱਥੇ ਉਨ੍ਹਾਂ ਭਗਤਾਂ, ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਵੀ ਰੱਜਵਾਂ ਸਤਿਕਾਰ ਕੀਤਾ ਹੈ, ਜਿਨ੍ਹਾਂ ਦੀ ਅਧਿਆਤਮਕ ਸੋਚ ਇਸ ਵਿਧਾਨ ਦੇ ਨੇੜੇ ਲੱਗਦੀ ਸੀ। ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਢੰਗ ਤਰੀਕਿਆਂ ਨਾਲ ਜਿੱਥੇ ਭਾਓ-ਭਗਤੀ ਦੇ ਵਿਧਾਨ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਹੈ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਵੀ ਡੱਟ ਕੇ ਪਹਿਰੇਦਾਰੀ ਕੀਤੀ ਹੈ। ਇਸ ਪਹਿਰੇਦਾਰੀ ਲਈ ਸੱਤਵੇਂ ਨਾਨਕ ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਦਾ ਨਾਮ ਵੀ ਧੰਨਤਾ ਦੇ ਯੋਗ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਸੱਤਵੀਂ ਜੋਤ ਸ੍ਰੀ ਹਰਿ ਰਾਏ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿੱਚ ਹੋਇਆ। ਗੁਰੂ ਸਾਹਿਬ ਦੇ ਬਚਪਨ ਦਾ ਸਮਾਂ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ। ਜਦੋਂ ਆਪ 8 ਕੁ ਸਾਲ ਦੇ ਹੋਏ, ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇਰੇ 10 ਸਾਲ ਆਪ ਜੀ ਨੇ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਦੀ ਨਜ਼ਰਸਾਨੀ ਹੇਠ ਬਤੀਤ ਕੀਤੇ। ਇਸ ਨਜ਼ਰਸਾਨੀ ਸਦਕਾ ਹੀ ਆਪ ਦੇ ਵਿਅਕਤੀਤਵ ਵਿੱਚ ਦਾਦਾ ਗੁਰੂ ਵਾਲੀਆਂ ਸਿਫਤਾਂ ਪ੍ਰਤੀਬਿੰਬ ਹੁੰਦੀਆਂ ਰਹੀਆਂ ਹਨ।

ਗੁਰੂ ਹਰਿਰਾਏ ਸਾਹਿਬ ਨੇ ਆਪਣੀ ਪ੍ਰਾਇਮਰੀ ਤਲੀਮ ਭਾਈ ਦਰਗਾਹ ਮੱਲ ਤੋਂ ਹਾਸਲ ਕੀਤੀ ਅਤੇ ਸ਼ਸਤਰ ਕਲਾ ਭਾਈ ਬਿਧੀ ਚੰਦ ਛੀਨਾ ਤੋਂ ਗ੍ਰਹਿਣ ਕੀਤੀ। ਆਪ ਜੀ ਦੀ ਵਿਸ਼ੇਸ਼ ਲਗਨ ਅਤੇ ਮਿਹਨਤ ਅਤੇ ਉਸਤਾਦਾਂ ਦੀ ਸੰਜੀਦਗੀ ਕਰਨ ਤੇ ਆਪ 13-14 ਸਾਲ ਦੀ ਉਮਰ ਤੱਕ ਸ਼ਸ਼ਤਰ ਅਤੇ ਸ਼ਾਸਤਰ ਸਿੱਖਿਆ ਵਿੱਚ ਬਰਾਬਰਤਾ ਨਾਲ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿੱਚ ਪੁਰੋਹਿਤ ਜਾਤੀ ਮੱਲ ਦਾ ਨਾਮ ਵੀ ਜ਼ਿਕਰਯੋਗ ਹੈ।

ਸੱਤਵੇਂ ਪਾਤਸ਼ਾਹ ਜਿੱਥੇ ਗਿਆਨਵਾਨ, ਮਿੱਠੇ ਅਤੇ ਨਿੱਘੜੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਵੀ ਬੜਾ ਕੋਮਲ ਅਤੇ ਤਰਸੀਲਾ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰੀ ਕਰਤਾਰਪੁਰ ਦੇ ਬਾਗ ਵਿੱਚ ਸੈਰ ਕਰ ਰਹੇ ਸਨ, ਉਸ ਸਮੇਂ ਹਵਾ ਬੜੀ ਤੇਜੀ ਨਾਲ ਵੱਗ ਰਹੀ ਸੀ। ਹਵਾ ਦੇ ਕਾਰਨ ਆਪ ਜੀ ਦਾ ਜਾਮਾ ਕੁੱਝ ਬੂਟਿਆਂ ਨਾਲ ਉਲਝ ਗਿਆ। ਇਸ ਉਲਝਣ ਸਦਕਾ ਕੁੱਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪਹੁੰਚੀ। ਇੰਨੇ ਚਿਰ ਵਿੱਚ ਸ੍ਰੀ ਹਰਗੋਬਿੰਦ ਜੀ ਕੋਲ ਆਏ ਅਤੇ ਉਦਾਸੀ ਦਾ ਕਾਰਨ ਪੁੱਛਿਆ। ਆਪ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ੍ਹ ਕੇ ਇਹ ਵਿਚਾਰੇ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ। ਇਸ ਮੌਕੇ 'ਤੇ ਛੇਵੇਂ

ਰਮੇਸ਼ ਬੱਗਾ ਚੋਹਲਾ
9463132719



ਪਾਤਸ਼ਾਹ ਨੇ ਇੱਕ ਉਪਦੇਸ਼ਮਈ ਜਵਾਬ ਦਿੰਦਿਆਂ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪੱਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਚੁੱਕ ਲਈਏ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਸ੍ਰੀ ਗੁਰੂ ਹਰਿਰਾਏ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਉਪਦੇਸ਼ ਨੂੰ ਘੁੱਟ ਕੇ ਪੱਲ੍ਹੇ ਨਾਲ ਬੰਨ੍ਹ ਲਿਆ। ਸਾਰੀ ਹਯਾਤੀ ਇਸ ਉਪਦੇਸ਼ ਦੀ ਕਮਾਈ ਕੀਤੀ ਅਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ। ਗੁਰੂ ਸਾਹਿਬ ਸ਼ੇਖ ਫਰੀਦ ਜੀ ਦੇ ਇਹ ਬਚਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ :-

**ਸਭਨਾ ਮਨ ਮਾਣਿਕ ਠਾਹੁਣ ਮੂਲ ਮਚਾਂਗਣਾ॥**
**ਜੇ ਤਉ ਪਿਰੀਆ ਦੀ ਸਿੱਕ ਹਿਆਉ ਨਾ ਠਾਹੇ ਕਹੀਦਾ॥**

ਇਸ ਤੋਂ ਇਲਾਵਾ ਉਹ ਸ਼ਬਦ 'ਪਾਤੀ ਤੈਰੋ ਮਾਲਿਨੀ ਪਾਤੀ ਪਾਤੀ ਜੀਓ' ਵੀ ਬੜੇ ਵਿਸਮਾਦ ਵਿੱਚ ਗਾਇਆ ਕਰਦੇ ਸਨ।

ਸ੍ਰੀ ਗੁਰੂ ਹਰਿ ਰਾਏ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂ.ਪੀ.) ਦੇ ਵਸਨੀਕ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਈ।ਆਪ ਜੀ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਅਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ 3 ਮਾਰਚ 1644 ਈ. ਨੂੰ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ ਸਨ। ਉਸ ਤੋਂ ਪੰਜ ਦਿਨ ਬਾਅਦ 8 ਮਾਰਚ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ (ਸਪੁੱਤਰ ਬਾਬਾ ਬੁੱਢਾ ਸਾਹਿਬ) ਜੀ ਨੇ ਗੁਰੂ ਹਰਿ ਰਾਏ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਸੱਤਵੇਂ ਨਾਨਕ ਸ੍ਰੀ ਹਰਿ ਰਾਏ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿੱਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ।2000 ਤੋਂ ਵੀ ਵਧੇਰੇ ਸੈਨਿਕ ਜਿੱਥੇ ਯੁੱਧ ਕਲਾਵਾਂ ਦਾ ਅਕਸਰ ਅਭਿਆਸ ਕਰਦੇ ਰਹਿੰਦੇ ਸਨ, ਉੱਥੇ ਕਿਸੇ ਵੀ ਔਖੀ ਘੜੀ ਦਾ ਸਾਹਮਣਾ ਕਰਨ ਲਈ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੇ ਸਨ।

ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਇੱਕ ਵਿਸ਼ੇਸ਼ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿੱਚ ਆ ਜਾਵੇ, ਉਸ ਨੂੰ ਪ੍ਰਸ਼ਾਦਾ ਪਾਣੀ ਤਿਆਰ ਕਰਕੇ ਛਕਾਇਆ ਜਾਵੇ। ਆਪ ਇੰਨੇ ਰਹਿਮ ਦਿਲ ਸਨ ਕਿ ਕਿਸੇ ਵੀ ਦੁੱਖੀ ਦੇ ਦੁੱਖ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਨੂੰ ਨਿਰੋਗ ਕਰਨ ਲਈ ਉਨ੍ਹਾਂ ਨੇ ਇੱਕ ਦਵਾਖਾਨਾ ਵੀ ਖੋਲ੍ਹਿਆ ਹੋਇਆ ਸੀ। ਇਸ ਦਵਾਖਾਨੇ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਂਦੀਆਂ ਸਨ। ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਹੀ ਸਿਹਤਯਾਬ ਹੋਇਆ ਸੀ। ਇੱਥੇ ਹੀ ਬੱਸ ਨਹੀਂ, ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮੱਦਦ ਵੀ ਕੀਤੀ।

ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਦੇ ਅਨੁਸਾਰੀ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰਦਿਆਂ ਮਿੱਟੀ ਮੁਸਲਮਾਨ ਦੀ ਵਾਲੀ ਪੰਕਤੀ ਨੂੰ ਮਿੱਟੀ ਬੇਈਮਾਨ ਦੀ ਕਹਿ ਕੇ ਬਾਦਸ਼ਾਹ ਨੂੰ ਤਾਂ ਖੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ। ਗੁਰੂ ਹਰਿਰਾਏ ਸਾਹਿਬ ਨੂੰ ਰਾਮ ਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਗਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ਬਣਾਇਆ ਸੀ। ਗੁਰੂ ਹਰਿਰਾਏ ਸਾਹਿਬ ਦਾ ਅਖਰੀਲਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। 6 ਅਕਤੂਬਰ 1661 ਈ. (ਸੰਮਤ 1718) ਦਿਨ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਿਮ ਸਸਕਾਰ ਸਤਿਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿੱਚ ਕੀਤਾ ਗਿਆ।

ਜਨਮ ਦਿਹਾੜੇ ਤੇ ਵਿਸ਼ੇਸ਼

# ਗੁਰੂ ਰਵਿਦਾਸ ਜੀ ਦਾ ਜੀਵਨ ਤੇ ਬਾਣੀ ਦੇ ਪ੍ਰਮੁੱਖ ਸੰਕਲਪ



ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਉੱਚ ਵਰਗ ਦੇ ਜਾਤੀ ਅਭਿਮਾਨ ਅਤੇ ਹੰਕਾਰ ਨੂੰ ਸੱਟ ਮਾਰੀ। ਆਪ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖ਼ਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਗੁਰੂ ਰਵਿਦਾਸ ਜੀ ਦਾ ਜਨਮ ਉਤਸਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾ ਕੇ ਸਮਾਜ 'ਚੋਂ ਪਖੰਡਵਾਦ ਨੂੰ ਦੂਰ ਕਰਕੇ ਦੁਨੀਆ ਵਿੱਚ ਬਰਾਬਰਤਾ ਵਾਲਾ ਸਮਾਜ ਉਸਾਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਵੱਲੋਂ ਦਰਸਾਇਆ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ।

ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਦੁਨੀਆ ਵਿੱਚ ਸਮੇਂ-ਸਮੇਂ 'ਤੇ ਮਨੁੱਖਤਾ ਦੇ ਰਹਿਬਰਾਂ ਨੇ ਜਨਮ ਲਿਆ ਹੈ। ਇਨ੍ਹਾਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ, ਜਿਨ੍ਹਾਂ ਨੇ ਉਸ ਵੇਲੇ ਫੈਲੀ ਉਚ-ਨੀਚ, ਜਾਤ-ਪਾਤ, ਕਰਮਕਾਂਡ, ਪਖੰਡਵਾਦ, ਧਾਰਮਿਕ ਕੱਟੜਤਾ ਆਦਿ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਉਸ ਵੇਲੇ ਪ੍ਰਚਲਿਤ ਮਨੂਵਾਦੀ ਪ੍ਰਥਾ ਅਨੁਸਾਰ ਜਾਤਿ ਪ੍ਰਥਾ ਦੇ ਢਾਂਚੇ ਵਿੱਚ ਚੌਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰ੍ਹਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਸੀ। ਕੁਝ ਅਖੌਤੀ ਵਿਦਵਾਨ ਲੋਕ ਧਾਰਮਿਕ ਗ੍ਰੰਥਾਂ ਦੀ ਮਨਘੜਤ ਵਿਆਖਿਆ ਕਰਦੇ ਸਨ ਕਿ ਸ਼ੂਦਰਾਂ ਨੂੰ ਨਾ ਵੇਦ ਪਾਠ ਪੜ੍ਹਨ ਤੇ ਨਾ ਹੀ ਸੁਣਨ ਦੇਣਾ ਚਾਹੀਦਾ ਹੈ। ਇਸ ਕਾਰਨ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਪਾਠ ਕਰਨ ਵਾਲੇ ਸ਼ੂਦਰਾਂ ਦੀ ਜੀਭ ਕੱਟਣ ਅਤੇ ਵੇਦ ਪਾਠ ਸੁਣਨ ਵਾਲੇ ਸ਼ੂਦਰਾਂ ਦੇ ਕੰਨਾਂ ਵਿੱਚ ਸਿੱਕਾ ਪਿਘਲਾ ਕੇ ਪਾਉਣ ਦੇ ਹੁਕਮ ਲਾਗੂ ਸਨ। ਇਤਿਹਾਸ ਵਿੱਚ ਕਈ ਅਜਿਹੀਆਂ ਘਟਨਾਵਾਂ ਦਾ ਵਰਣਨ ਆਉਂਦਾ ਹੈ, ਜਿਨ੍ਹਾਂ ਅਨੁਸਾਰ ਮਨੂਵਾਦੀ ਪ੍ਰਥਾ ਵਿੱਚ ਮੰਨੇ ਜਾਂਦੇ ਚੌਥਾ ਵਰਣ ਸ਼ੂਦਰ ਵਰਗ ਨਾਲ ਸਬੰਧਿਤ ਵਿਅਕਤੀਆਂ ਨੂੰ ਅਜਿਹੇ ਅਧਿਕਾਰਾਂ ਤੋਂ ਵਾਂਝਾ ਰੱਖਿਆ ਗਿਆ ਤੇ ਅਜਿਹੇ ਅਧਿਕਾਰਾਂ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਨੂੰ ਗੈਰ-ਮਨੁੱਖੀ ਸਜ਼ਾਵਾਂ ਦਿੱਤੀਆਂ ਗਈਆਂ। ਭਾਰਤ ਦੇ ਮੌਜੂਦਾ ਉੱਤਰ ਪ੍ਰਦੇਸ਼ ਦਾ ਬਨਾਰਸ ਸ਼ਹਿਰ ਇਸ ਮਨੂਵਾਦੀ ਪ੍ਰਥਾ ਦਾ ਕੇਂਦਰ ਸੀ ਅਤੇ ਇੱਥੋਂ ਹੀ ਇਸ ਪ੍ਰਥਾ ਖ਼ਿਲਾਫ਼ ਮੁਹਿੰਮ ਸ਼ੁਰੂ ਹੋਈ, ਜਿਸ ਵਿੱਚ ਸਤਿਗੁਰੂ ਕਬੀਰ ਮਹਾਰਾਜ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮੁੱਖ ਭੂਮਿਕਾ ਰਹੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ-ਜੋਤ ਸਮਾਉਣ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਆਪ ਦਾ ਜਨਮ 1377 ਈਸਵੀ 1433 ਸੰਮਤ ਬਿਕਰਮੀ ਮਾਘ ਪੂਰਨਿਮਾ ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਨਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਮੌਜੂਦਾ ਉੱਤਰ ਪ੍ਰਦੇਸ਼ ਵਿੱਚ ਹੋਇਆ।

ਗੁਰੂ ਰਵਿਦਾਸ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਣਾਇਆ। ਗੁਰੂ ਜੀ ਨੇ ਆਪ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ:

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥**

ਆਪ ਅਪਣੇ ਹੱਥੀਂ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਇਸ ਸਬੰਧੀ ਭਾਈ ਗੁਰਦਾਸ ਜੀ ਵੀ ਪ੍ਰੋੜ੍ਹਤਾ ਕਰਦੇ ਹਨ:

**ਜਨੁ ਰਵਿਦਾਸੁ ਚਮਾਰੁ ਹੋਇ ਚਹੁ**
**ਵਰਨਾ ਵਿਚਿ ਕਰਿ ਵਡਿਆਈ।**

-ਕੁਲਦੀਪ ਚੰਦ ਦੋਭੇਟਾ

ਆਪ ਨੇ ਆਪਣੇ ਸਮਕਾਲੀ ਸੰਤ-ਮਹਾਪੁਰਖਾਂ ਬਾਰੇ ਵੀ ਆਪਣੀ ਬਾਣੀ ਵਿੱਚ ਡੂੰਘਾ ਵਿਚਾਰ-ਵਟਾਂਦਰਾ ਕੀਤਾ ਹੈ:

**ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥**
**ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥**

ਗੁਰੂ ਰਵਿਦਾਸ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੌਜੂਦ ਹੈ। ਆਪ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:

**ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥**
**ਕਨਕ ਕਟਿਕ ਜਲ ਤਰੰਗ ਜੈਸਾ ॥**

ਆਪ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖ਼ਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਆਪ ਨੇ ਆਪਣੀ ਬਾਣੀ ਅਤੇ ਪ੍ਰਵਚਨਾਂ ਦੁਆਰਾ ਪਖੰਡਵਾਦ ਅਤੇ ਉਚ-ਨੀਚ ਦੇ ਭੇਦਭਾਵ ਨੂੰ ਦੂਰ ਕਰਨ ਲਈ ਸੁਨੇਹਾ ਦਿੱਤਾ ਹੈ। ਆਪ ਸ਼੍ਰੋਮਣੀ ਵਿਦਵਾਨਾਂ, ਭਗਤਾਂ, ਪੀਰਾਂ-ਪੈਗੰਬਰਾਂ, ਰਿਸ਼ੀ-ਮੁਨੀਆਂ ਵਿੱਚ ਇਕ ਉੱਚਕੋਟੀ ਦੀ ਸ਼ਖ਼ਸੀਅਤ ਸਨ ਅਤੇ ਆਪ ਦੀ ਬਾਣੀ (40 ਸ਼ਬਦਾਂ ਅਤੇ 01 ਸਲੋਕ) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨ ਜੀ ਦੀ ਬਾਣੀ ਨਾਲ ਸ਼ਾਮਿਲ ਕੀਤਾ ਗਿਆ। ਆਪ ਨੇ ਬ੍ਰਜ ਭਾਸ਼ਾ, ਅਵਧੀ, ਰਾਜਸਥਾਨੀ, ਖੜ੍ਹੀ ਬੋਲੀ ਅਤੇ ਰੇਖਤਾ ਅਰਥਾਤ ਉਰਦੂ-ਫ਼ਾਰਸੀ ਦੇ ਸ਼ਬਦਾਂ ਦਾ ਵਰਤੋਂ ਕੀਤੀ ਹੈ। ਇਸ ਤੋਂ ਇਲਾਵਾ "ਰੈਦਾਸ ਜੀ ਕੀ ਬਾਣੀ" ਨਾਂ ਦੀ ਇਕ ਹੱਥ ਲਿਖਤ ਕਿਤਾਬ ਨਾਗਰੀ ਪ੍ਰਚਾਰਿਣੀ ਸਭਾ ਕੋਲ ਮੌਜੂਦ ਹੈ। ਭਾਸ਼ਾ ਵਿਭਾਗ ਪੰਜਾਬ ਨੇ ਵੀ ਇਨ੍ਹਾਂ ਦੀਆਂ ਰਚਨਾਵਾਂ ਨੂੰ "ਬਾਣੀ ਸਤਿਗੁਰੂ ਰਵਿਦਾਸ ਜੀ" ਸਿਰਲੇਖ ਅਧੀਨ 1984 ਵਿੱਚ ਪਬਲਿਸ਼ ਕੀਤਾ। ਅਗਿਆਨਤਾ ਅਤੇ ਗਰੀਬੀ ਇਸ ਸਮਾਜ ਦੀ ਪਛਾਣ ਬਣ ਚੁੱਕੀ ਸੀ। ਆਪ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:


**ਮਾਧੋ ਅਬਿਦਿਆ ਹਿਤ ਕੀਨ ॥**
**ਬਿਬੇਕ ਦੀਪ ਮਲੀਨ ॥**

ਆਪ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸ 'ਤੇ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਉਨ੍ਹਾਂ ਨੇ ਤਦ ਹੀ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਆਪ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇਕੋ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ, ਜਿਸ ਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਕੁਝ ਅਖੌਤੀ ਲੋਕਾਂ ਨੇ ਹਰ ਸੰਭਵ ਕੋਸ਼ਿਸ਼ ਦੁਆਰਾ ਗੁਰੂ ਜੀ ਦੇ ਮਿਸ਼ਨ-ਪ੍ਰਚਾਰ ਵਿੱਚ ਰੋਕਾਂ ਪਾਈਆਂ ਪਰ ਹਰ ਵਾਰ ਗੁਰੂ ਜੀ ਦੀ ਜਿੱਤ ਹੋਈ। ਸਤਿਗੁਰੂ ਕਬੀਰ ਜੀ ਨੇ ਵੀ ਆਪਣੀ ਬਾਣੀ ਵਿੱਚ ਕਿਹਾ ਹੈ ਕਿ ਗੁਰੂ ਰਵਿਦਾਸ ਜੀ ਹਰੀ ਤੋਂ ਇਲਾਵਾ ਕਿਸੇ ਹੋਰ ਵਿੱਚ ਸ਼ਰਧਾ ਨਹੀਂ ਰੱਖਦੇ ਸਨ:

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥**
**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥**

ਗੁਰੂ ਅਰਜਨ ਦੇਵ ਜੀ ਨੇ ਵੀ ਸਪੱਸ਼ਟ ਲਿਖਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ ਅਤੇ ਪਰਮਾਤਮਾ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੀ ਕੀਤੀ ਹੈ:

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥**
**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥**



ਆਪ ਅਨੁਸਾਰ ਮੂਰਤੀ ਪੂਜਾ ਫਜ਼ੂਲ ਦੇ ਕਰਮ ਕਾਂਡਾਂ ਦਾ ਭਗਤੀ ਵਿੱਚ ਕੋਈ ਸਥਾਨ ਨਹੀਂ ਹੈ ਅਤੇ ਆਪ ਨੇ ਭਗਤੀ ਦੀ ਅਸਲ ਵਿਧੀ ਆਤਮ-ਸਮਰਪਣ ਨੂੰ ਹੀ ਕਿਹਾ ਹੈ:

**ਤਨੁ ਮਨੁ ਅਰਪਉ ਪੂਜ ਚਰਾਵਉ ॥**
**ਗੁਰ ਪਰਸਾਦਿ ਨਿਰੰਜਨੁ ਪਾਵਉ ॥**

ਆਪ ਦੀ ਸ਼ਾਦੀ ਮਿਰਜ਼ਾਪੁਰ ਵਿੱਚ ਰਹਿਣ ਵਾਲੀ ਮਾਤਾ ਲੋਨਾ ਨਾਲ ਹੋਈ ਅਤੇ ਆਪ ਦੇ ਘਰ ਇਕ ਪੁੱਤਰ ਵਿਜੈ ਦਾਸ ਨੇ ਜਨਮ ਲਿਆ। ਆਪ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਲੱਗਭਗ 60 ਹਜ਼ਾਰ ਕਿਲੋਮੀਟਰ ਪੈਦਲ ਯਾਤਰਾ ਕੀਤੀ ਤੇ 6 ਉਦਾਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਵਿੱਚ ਆਪ ਨਾਲ ਉਸ ਸਮੇਂ ਦੇ ਹੋਰ ਸੰਤ ਵੀ ਸ਼ਾਮਿਲ ਸਨ। ਆਪ ਨੇ ਪੰਜਾਬ, ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਉੱਤਰਾਖੰਡ, ਦਿੱਲੀ, ਤਾਮਿਲਨਾਡੂ, ਅਸਾਮ, ਕਰਨਾਟਕਾ, ਜੰਮੂ-ਕਸ਼ਮੀਰ, ਆਂਧਰਾ ਪ੍ਰਦੇਸ਼ ਆਦਿ ਸਥਾਨਾਂ 'ਤੇ ਜਾ ਕੇ ਸਤਿਸੰਗ ਕੀਤੇ। ਸਤਿਗੁਰੂ ਰਵਿਦਾਸ ਜੀ ਅਤੇ ਸੰਤ ਕਬੀਰ ਜੀ ਨੇ ਇਕੱਠਿਆਂ ਬਨਾਰਸ ਤੋਂ ਪਹਿਲੀ ਯਾਤਰਾ ਸ਼ੁਰੂ ਕੀਤੀ।ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨਵਤਾ ਦੀ ਪੂਰੀ ਸੁਤੰਤਰਤਾ ਹੈ। ਆਪ ਨੇ ਹਰ ਪ੍ਰਕਾਰ ਦੀ ਗ਼ੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਕਈ ਭੱਟਾਂ ਅਤੇ ਭਗਤਾਂ ਨੇ ਵੀ ਗੁਰੂ ਰਵਿਦਾਸ ਜੀ ਦੀ ਉਪਮਾ ਕੀਤੀ ਹੈ। ਆਪ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ। ਬਹੁਤੇ ਇਤਿਹਾਸਕਾਰਾਂ ਅਨੁਸਾਰ ਆਪ ਲੱਗਭਗ 151 ਸਾਲ ਦੀ ਉਮਰ ਭੋਗ ਕੇ 1528 ਈਸਵੀ ਨੂੰ ਜੋਤੀ-ਜੋਤ ਸਮਾ ਗਏ। ਚਿਤੌੜਗੜ੍ਹ ਵਿੱਚ ਮੀਰਾਂ ਬਾਈ ਦੇ ਮੰਦਰ ਦੇ ਬਾਹਰ ਬਣੀ ਛੱਤਰੀ ਹੇਠਾਂ ਆਪ ਜੀ ਦੇ ਚਰਨ ਕਮਲਾਂ ਦੇ ਨਿਸ਼ਾਨ ਮੌਜੂਦ ਹਨ।








ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ ॥

ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 647ਵੇਂ ਪਾਵਨ ਪਵਿੱਤਰ ਪ੍ਰਕਾਸ਼ ਦਿਵਸ
ਦੀਆਂ ਸਮੂਹ ਲੋਕਾਈ ਨੂੰ

# ਲੱਖ-ਲੱਖ ਵਧਾਈਆਂ



# A&I Trucking Co.

## 123 E. Lee Road Watsonville, CA

# Ph: 931-247-4637



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



Gurvinder Singh Gakhal



Paramvir Singh Gakhal



Jaskaran Singh Gakhal



Karamvir Singh Gakhal




Amarvir Singh Gakhal

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ

# ਗਾਖਲ ਬ੍ਰਦਰਜ਼

## ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ




ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥


ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਜੀ
ਮਹਾਰਾਜ ਦੇ 647ਵੇਂ
ਆਗਮਨ ਪੁਰਬ ਦੀਆਂ

# ਲੱਖ-ਲੱਖ ਵਧਾਈਆਂ



ਸੰਤੋਖ ਸਿੰਘ ਸਰੋਆ, ਰਣਜੀਤ ਕੌਰ ਸਰੋਆ ਅਤੇ ਸਮੂਹ ਸਰੋਆ ਪਰਿਵਾਰ

## ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ।



### ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 646ਵੇਂ ਆਗਮਨ ਪੁਰਬ ਦੀਆਂ

# ਲੱਖ-ਲੱਖ ਵਧਾਈਆਂ



Jugraj Singh Sahota
President United Sports Club USA



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



Narinder Singh Sahota
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ


ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ
ਤੇ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 647ਵੇਂ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ
ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ
ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ
ਤੇ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥



ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਜੀ
ਮਹਾਰਾਜ ਦੇ 647ਵੇਂ
ਆਗਮਨ ਪੁਰਬ ਦੀਆਂ

# ਲੱਖ-ਲੱਖ ਵਧਾਈਆਂ



## ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਾਰਾਏ


## VANCO TRUCK & AUTO PLAZA

1033 W Charter Way Stockton
CA 95206 (1-5 & Hwy4)

**Tel : 206-466-0833**

**Fax : 209-466-2740**

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ ॥



ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 647ਵੇਂ ਪਾਵਨ ਪਵਿੱਤਰ ਪ੍ਰਕਾਸ਼ ਦਿਵਸ
ਦੀਆਂ ਸਮੂਹ ਲੋਕਾਈ ਨੂੰ

# ਲੱਖ-ਲੱਖ ਵਧਾਈਆਂ



ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ ਕਰਦੇ ਆ ਰਹੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਉਘੇ ਬਿਜ਼ਨਸਮੈਨ,
ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਨ ਵਾਲੇ ਗੁਰੂ ਅਤੇ ਪੰਥ ਦੇ ਸੇਵਾਦਾਰ

**ਸ. ਜੋਗਾ ਸਿੰਘ ਹੀਰਾ**
925-719-4359

**ਸ. ਜੀਤ ਸਿੰਘ**
510-750-2810


ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ
ਤੇ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 647ਵੇਂ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈਆਂ
ਵਾਹਿਗੁਰੂ ਜੀ ਆਪ ਸਭ ਦੇ ਜੀਵਨ ਵਿਚ ਨਾਮ
ਬਾਣੀ ਅਤੇ ਖੁਸ਼ੀਆਂ ਦਾ ਪ੍ਰਕਾਸ਼ ਕਰਨ।
ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ
ਸ:ਸੰਤੋਖ ਸਿੰਘ ਝਿੰਗੜਾ






ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਜੀ
ਮਹਾਰਾਜ ਦੇ 647ਵੇਂ
ਆਗਮਨ ਪੁਰਬ ਦੀਆਂ

# ਲੱਖ-ਲੱਖ ਵਧਾਈਆਂ

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

## ਸ:ਹਰਮਿੰਦਰ ਸਿੰਘ ਸਮਾਣਾ

(209) 481-7750



ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 647ਵੇਂ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ

# ਲੱਖ-ਲੱਖ ਵਧਾਈਆਂ

ਕਮਿਉਨਟੀ ਦੇ ਨਿਸ਼ਕਾਮ ਸੇਵਕ
ਅਮਰੀਕਾ ਦੇ ਊਘੇ ਨੌਜਵਾਨ ਆਗੂ
ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ



## ਸ੍ਰੀ ਪੰਕਜ ਆਂਸਲ

**ਫਾਊਂਡਰ ਯੂਨਾਈਟਿਡ ਪੰਜਾਬ ਫਰੰਟ**

# ਦੇਸ਼ ਦੇ ਹਿਤ ਵਿਚ ਹੈ ਐਮ.ਐਸ.ਪੀ. ਗਾਰੰਟੀ ਕਾਨੂੰਨ





**ਡਾ. ਅਮਨਪ੍ਰੀਤ ਸਿੰਘ ਬਰਾੜ**

ਤਕਰੀਬਨ ਦੋ ਸਾਲ ਬਾਅਦ ਦੇਸ਼ ਦੇ ਕਿਸਾਨਾਂ ਨੇ ਫਿਰ ਅੰਦੋਲਨ ਦਾ ਬਿਗੁਲ ਵਜਾ ਦਿੱਤਾ ਹੈ। ਪੰਜਾਬ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਵਾਲੇ ਅੰਦੋਲਨ 'ਚ ਵੀ ਮੋਹਰੀ ਸੀ ਅਤੇ ਹੁਣ ਵੀ ਹੈ। ਜਦੋਂ ਖੇਤੀ ਕਾਨੂੰਨ ਰੱਦ ਕੀਤੇ ਸਨ, ਉਸ ਵੇਲੇ ਬਾਕੀ ਦੀਆਂ ਮੰਗਾਂ ਲਈ ਉਦੋਂ ਦੇ ਖੇਤੀਬਾੜੀ ਸਕੱਤਰ ਨੇ ਲਿਖ ਕੇ ਇਕ ਪੱਤਰ ਦਿੱਤਾ ਸੀ ਕਿ ਬਾਕੀ ਦੀਆਂ ਮੰਗਾਂ 'ਤੇ ਕਮੇਟੀ ਬਣਾ ਕੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਮੰਗਾਂ 'ਚ ਇਕ ਮੁੱਖ ਮੰਗ ਸੀ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਦੀ। ਅੱਜ ਦੇ ਇਸ ਲੇਖ 'ਚ ਵਿਚਾਰ ਕਰਾਂਗੇ ਕਿ, ਕੀ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦੇਸ਼ ਦੇ ਹਿੱਤ 'ਚ ਹੈ?

ਸਭ ਤੋਂ ਪਹਿਲੀ ਗੱਲ ਜਦੋਂ ਵਾਜਬ ਕੀਮਤ ਸਥਿਰ ਹੋਵੇਗੀ ਤਾਂ ਉਤਪਾਦਨ ਵਧੇਗਾ, ਦੇਸ਼ ਵਿਚ ਹਰੀ ਕ੍ਰਾਂਤੀ ਆਉਣਾ ਅਤੇ ਕਣਕ-ਝੋਨੇ ਦਾ ਉਤਪਾਦਨ ਵਧਣ ਦਾ ਮੁੱਖ ਕਾਰਨ ਸੀ ਕਿਸਾਨ ਦੀ ਫ਼ਸਲ ਦਾ ਮਿੱਥੇ ਭਾਅ 'ਤੇ ਵਿਕਣਾ। ਕਿਸਾਨ ਨੂੰ ਪਤਾ ਹੁੰਦਾ ਸੀ ਕਿ ਮੇਰੀ ਫ਼ਸਲ ਜੋ ਮੰਡੀ 'ਚ ਜਾਵੇਗੀ, ਉਹ ਵਾਜਬ ਭਾਅ 'ਤੇ ਚੁੱਕੀ ਜਾਵੇਗੀ।

ਐੱਮ.ਐੱਸ.ਪੀ. 'ਤੇ ਦੂਜੀ ਵੱਡੀ ਗੱਲ ਹੈ ਕਿ ਐੱਮ.ਐੱਸ.ਪੀ. ਕਿੰਨੀ ਹੋਵੇ। ਜਿੰਨਾ ਚਿਰ ਦੇਸ਼ 'ਚ ਅੰਨ ਦੀ ਥੁੜ ਰਹੀ ਓਨੀ ਦੇਰ ਕਿਸਾਨ ਨੂੰ ਵਾਜਬ ਭਾਅ ਦਿੱਤਾ ਗਿਆ। ਜਦੋਂ ਦੇਸ਼ 'ਚ ਅਨਾਜ ਦੀ ਪੈਦਾਵਾਰ ਵਧਦੀ ਗਈ ਜਾਂ ਕਹਿ ਲਓ ਲੋਕਾਂ ਦੀ ਪਹੁੰਚ ਤੋਂ ਵੱਧ ਪੈਦਾ ਹੋਣ ਲੱਗ ਪਿਆ ਐੱਮ.ਐੱਸ.ਪੀ. 'ਚ ਵਾਧਾ ਮਹਿੰਗਾਈ ਦਰ ਤੋਂ ਘਟਦਾ ਗਿਆ ਅਤੇ ਕਿਸਾਨ ਦੇ ਖਰਚੇ ਵਧਦੇ ਗਏ ਅਤੇ ਮੁਨਾਫ਼ਾ ਘਟਦਾ ਗਿਆ। ਫਿਰ ਕਿਸਾਨਾਂ ਦੇ ਜ਼ੋਰ ਪਾਉਣ 'ਤੇ ਡਾਕਟਰ ਐੱਮ.ਐੱਸ. ਸਵਾਮੀਨਾਥਨ ਕਮਿਸ਼ਨ ਬਣਾਇਆ ਗਿਆ, ਜਿਸ ਨੇ ਸਿਫ਼ਾਰਿਸ਼ ਕੀਤੀ ਕਿ ਕਿਸਾਨ ਦੀ ਪੈਦਾਵਾਰ ਦਾ ਮੁੱਲ ਉਸ ਦੀ ਕੁੱਲ ਲਾਗਤ ਉੱਪਰ 50 ਫ਼ੀਸਦੀ ਮੁਨਾਫ਼ਾ ਜਮ੍ਹਾਂ ਕਰਕੇ ਨਿਰਧਾਰਤ ਕੀਤਾ ਜਾਵੇ, ਜਿਸ ਨੂੰ ਸਰਕਾਰਾਂ ਨੇ ਪਹਿਲਾਂ ਤਾਂ ਮੁੱਢੋਂ ਨਕਾਰ ਦਿੱਤਾ, ਫਿਰ 2019 ਦੀਆ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਨੂੰ ਅੱਧੇ-ਅਧੂਰੇ ਢੰਗ ਨਾਲ ਲਾਗੂ ਕਰ ਦਿੱਤਾ। ਜਿਸ 'ਤੇ ਕਿਸਾਨਾਂ ਦੀ ਤਸੱਲੀ ਨਹੀਂ ਹੋਈ, ਕਿਉਂਕਿ ਜੋ ਸਾਮਾਨ ਕਿਸਾਨ ਨੇ ਖੇਤੀ ਲਈ, ਘਰ ਦੀਆਂ ਜ਼ਰੂਰਤਾਂ, ਮਜ਼ਦੂਰੀ ਅਤੇ ਬੱਚਿਆਂ ਦੀ ਪੜ੍ਹਾਈ ਲਈ ਖਰੀਦਣਾ ਹੈ, ਉਹ ਸਾਰਾ ਮਹਿੰਗਾਈ ਦਰ ਨਾਲ ਜੁੜਿਆ ਹੋਇਆ ਹੈ, ਜਦਕਿ ਐੱਮ.ਐੱਸ.ਪੀ. ਨੂੰ ਮਹਿੰਗਾਈ ਦਰ ਨਾਲ ਨਹੀਂ ਜੋੜਿਆ ਜਾਂਦਾ।

ਇਸ ਤੋਂ ਅੱਗੇ ਗੱਲ ਆਉਂਦੀ ਹੈ ਐੱਮ.ਐੱਸ.ਪੀ. ਗਾਰੰਟੀ ਨਾਲ ਦੇਸ਼ 'ਤੇ ਆਰਥਿਕ ਬੋਝ ਕਿੰਨਾ ਵਧੇਗਾ। ਕਈ ਬੁੱਧੀਜੀਵੀ ਇਸ ਨੂੰ 10 ਲੱਖ ਕਰੋੜ ਦਾ ਬੋਝ ਗਿਣਦੇ ਹਨ। ਉਹ ਇਸ ਤਰ੍ਹਾਂ ਖਰਚਾ ਬਣਾਉਂਦੇ ਹਨ ਜਿਵੇਂ ਕਿ ਐੱਮ.ਐੱਸ.ਪੀ. ਵਾਲੀ ਕੁੱਲ ਫ਼ਸਲ ਤਕਰੀਬਨ 15-16 ਲੱਖ ਕਰੋੜ ਦੀ ਹੁੰਦੀ ਹੈ, ਜਿਸ 'ਚੋਂ ਤੀਜਾ ਹਿੱਸਾ ਕਿਸਾਨ ਘਰੇਲੂ ਖਪਤ (ਆਪਣੇ ਲਈ ਪਸ਼ੂਆਂ ਲਈ ਅਤੇ ਬੀਜ ਲਈ) ਵਰਤਦੇ ਹਨ। ਦੂਜੇ ਦੋ ਹਿੱਸੇ ਸਰਕਾਰ ਨੂੰ ਖਰੀਦਣੇ ਪੈਣਗੇ, ਜੋ ਗ਼ਲਤ ਹੈ ਅਸਲ 'ਚ ਬਾਕੀ ਦੇ ਦੋ ਹਿੱਸਿਆਂ ਨੂੰ ਵੀ ਅੱਗੇ ਵੰਡਿਆ ਜਾਣਾ ਚਾਹੀਦਾ ਹੈ, ਜੋ ਇਸ ਪ੍ਰਕਾਰ ਹੈ। ਇਨ੍ਹਾਂ ਦੋ ਹਿੱਸਿਆਂ 'ਚੋਂ ਇਕ ਹਿੱਸੇ ਵਿਚ ਗੰਨਾ ਵੀ ਆਉਂਦਾ ਹੈ, ਜੋ ਮਿੱਲਾਂ ਖਰੀਦਦੀਆਂ ਹਨ ਅਤੇ ਕੁਝ ਅਨਾਜ ਸਰਕਾਰ ਖਰੀਦਦੀ ਹੈ ਕੇਂਦਰੀ ਭੰਡਾਰ ਵਾਸਤੇ ਜਿਹੜਾ ਤੀਜਾ ਹਿੱਸਾ ਬਚ ਜਾਂਦਾ ਹੈ, ਉਸ 'ਚੋਂ ਵੀ ਤਕਰੀਬਨ 70 ਫ਼ੀਸਦੀ ਉੱਪਜ ਐੱਮ.ਐੱਸ.ਪੀ. ਦੇ ਨੇੜੇ-ਤੇੜੇ ਵਿਕ ਜਾਂਦੀ ਹੈ ਅਤੇ ਬਾਕੀ 30 ਫ਼ੀਸਦੀ ਕੌਡੀਆਂ ਦੇ ਭਾਅ ਵਿਕਦੀ ਹੈ। ਭਾਵ ਕੁੱਲ ਮਿਲਾ ਕੇ 1 ਲੱਖ 70 ਹਜ਼ਾਰ ਕਰੋੜ ਦੀ ਫ਼ਸਲ ਜੇ ਸਰਕਾਰ ਖਰੀਦ ਲਵੇ ਤਾਂ ਐੱਮ.ਐੱਸ.ਪੀ. ਦੀ ਗਾਰੰਟੀ ਦਾ ਘਰ ਪੂਰਾ ਹੋ ਜਾਂਦਾ ਹੈ। ਇਹ ਖਰੀਦੀ ਫ਼ਸਲ ਵੀ ਸਰਕਾਰ ਨੇ ਅੱਗੋਂ ਫਿਰ ਵੇਚਣੀ ਹੈ ਤਾਂ ਦੱਸੋ ਘਾਟਾ ਕਿੱਥੇ ਪਿਆ?

ਜੇ ਇਸ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਸਰਕਾਰ ਨੂੰ ਖਰੀਦਣ ਦੀ ਲੋੜ ਹੀ ਨਹੀਂ ਪੈਣੀ, ਕਿਉਂਕਿ ਉਪਜ ਤਾਂ ਮੰਡੀ 'ਚ ਹੁਣ ਵੀ ਸਾਰੀ ਵਿਕਦੀ ਹੈ, ਕੋਈ ਸਮੁੰਦਰ ਵਿਚ ਤਾਂ ਸੁੱਟੀ ਨਹੀਂ ਜਾਂਦੀ। ਕਾਨੂੰਨ ਬਣਾਉਣ ਦਾ ਮਤਲਬ ਤਾਂ ਇਹ ਹੈ ਕਿ ਜੋ ਉਪਜ ਮੰਡੀ ਵਿਚ ਆਵੇ, ਉਹ ਮਿੱਥੇ ਮੁੱਲ 'ਤੇ ਖਰੀਦੀ ਜਾਵੇ, ਉਸ ਤੋਂ ਘੱਟ 'ਤੇ ਨਾ ਖਰੀਦੀ ਜਾਵੇ। ਪਰ ਇਹ ਨਾ ਹੋਵੇ ਕੇ ਪਿਆਜ਼ ਦੋ ਰੁਪਏ ਖਰੀਦ ਕੇ ਸਟੋਰ ਵਿਚ ਰੱਖ ਕੇ 50 ਰੁਪਏ ਵਿਚ ਵੇਚਿਆ ਜਾਵੇ। ਮੈਂ ਤਾਂ ਇਹ ਵੀ ਕਹਾਂਗਾ ਕਿ ਇਕੱਲਾ ਐੱਮ.ਐੱਸ.ਪੀ. ਦਾ ਕਾਨੂੰਨ ਹੀ ਨਹੀਂ ਐੱਮ.ਆਰ.ਪੀ. (ਵੱਧ ਤੋਂ ਵੱਧ ਵੇਚ ਮੁੱਲ) ਦਾ ਵੀ ਨਾਲ ਹੀ ਕਾਨੂੰਨ ਬਣੇ, ਇਹ ਦੋਵੇਂ ਕਾਨੂੰਨ ਖਪਤਕਾਰ ਅਤੇ ਛੋਟੇ ਵਪਾਰੀ ਦੇ ਹਿੱਤ ਵਿਚ ਹਨ ਅਤੇ ਇਸ 'ਤੇ ਵੱਧ ਤੋਂ ਵੱਧ 1.5 ਤੋਂ 2 ਲੱਖ ਕਰੋੜ ਦੀ ਬਜਟ 'ਚ ਵਿਵਸਥਾ ਕਰਨ ਦੀ ਲੋੜ ਹੈ, ਜਿਸ ਨੂੰ ਰਿਵਾਲਵਿੰਗ ਫੰਡ ਵੀ ਬਣਾਇਆ ਜਾ ਸਕਦਾ ਹੈ।

ਕੁਝ ਬੁੱਧੀਜੀਵੀਆਂ ਵਲੋਂ ਲੋਕਾਂ 'ਚ ਇਕ ਹੋਰ ਭਰਮ ਫੈਲਾਇਆ ਜਾ ਰਿਹਾ ਹੈ ਕਿ ਕਿਸਾਨਾਂ ਨੂੰ ਟਿਊਬਵੈੱਲਾਂ ਲਈ ਬਿਜਲੀ ਮੁਫ਼ਤ ਦਿੱਤੀ ਜਾਂਦੀ ਹੈ ਅਤੇ ਖਾਦਾਂ 'ਤੇ ਸਬਸਿਡੀ ਦਿੱਤੀ ਜਾਂਦੀ ਹੈ। ਮੈਂ ਇੱਥੇ ਗੱਲ ਸਾਫ਼ ਕਰਨਾ ਚਾਹੁੰਦਾ ਹਾਂ ਕਿ ਜਦੋਂ ਉਪਜ ਦਾ ਲਾਗਤ ਮੁੱਲ ਕੱਢਿਆ ਜਾਂਦਾ ਹੈ ਤਾਂ ਉਦੋਂ ਬਿਜਲੀ ਦਾ ਖਰਚਾ (ਪਾਣੀ ਦਾ) ਜ਼ੀਰੋ ਗਿਣਿਆ ਜਾਂਦਾ ਹੈ ਅਤੇ ਖਾਦਾਂ ਦੀ ਕੀਮਤ ਵੀ ਅਸਲ (ਸਬਸਿਡੀ ਕੱਢ ਕੇ) ਗਿਣੀ ਜਾਂਦੀ ਹੈ। ਦਰਅਸਲ ਇਹ ਸਬਸਿਡੀ ਖਾਦਾਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਦਿੱਤੀ ਜਾਂਦੀ ਹੈ ਪਰ ਅਹਿਸਾਨ ਕਿਸਾਨਾਂ 'ਤੇ ਕੀਤਾ ਜਾਂਦਾ ਹੈ। ਜੇ ਕਿਸਾਨ ਨੂੰ ਉਪਜ ਦਾ ਮੁੱਲ ਸਵਾਮੀਨਾਥਨ ਰਿਪੋਰਟ ਮੁਤਾਬਿਕ (ਕੰਪਰੀਹੈਸਿਵ ਲਾਗਤ + 50% ਮੁਨਾਫ਼ਾ) ਦਿਓ ਜਾਂ 'ਪ੍ਰਾਈਸ ਇੰਡੈਕਸ' ਨਾਲ ਜੋੜ ਕੇ ਦਿਓ ਤਾਂ ਕਿਸਾਨ ਕਿਸੇ ਚੀਜ਼ 'ਤੇ ਸਬਸਿਡੀ ਨਹੀਂ ਮੰਗੇਗਾ।

**ਫ਼ਸਲੀ ਵਿੰਭਿਨਤਾ:-** ਜੇਕਰ ਐੱਮ.ਐੱਸ.ਪੀ. ਸਾਰੀਆਂ ਫ਼ਸਲਾਂ 'ਤੇ ਲਾਗੂ ਹੋ ਜਾਦੀ ਹੈ ਤਾਂ ਫ਼ਸਲਾਂ ਵਿਚ ਬਦਲਾਅ ਆਪਣੇ ਆਪ ਆ ਜਾਵੇਗਾ, ਜਦੋਂ ਭਾਅ ਵਾਜਬ ਮਿਲਣ ਲੱਗ ਪਿਆ ਤਾਂ ਤੇਲ ਬੀਜ, ਦਾਲਾਂ, ਸਬਜ਼ੀਆਂ ਅਤੇ ਫਲ਼ਾਂ ਹੇਠ ਰਕਬਾ ਵੱਧੇਗਾ। ਸਾਲ 2022-23 ਵਿਚ 1,38,424 ਕਰੋੜ ਦਾ ਖਾਣ ਵਾਲਾ ਤੇਲ ਬਾਹਰੋਂ ਮੰਗਵਾਇਆ ਗਿਆ ਅਤੇ 16600 ਕਰੋੜ ਦੀਆਂ ਦਾਲਾਂ ਮੰਗਵਾਈਆਂ ਗਈਆਂ, ਕੀ ਸਾਡਾ ਦੇਸ਼ ਇਹ ਫ਼ਸਲਾਂ ਪੈਦਾ ਕਰਨ ਦੇ ਸਮਰੱਥ ਨਹੀਂ। ਇਸੇ ਤਰ੍ਹਾਂ ਅੱਜ 'ਬਾਇਓਫਿਊਲ' (ਜੈਵਿਕ ਈਂਧਣ) ਦੀ ਗੱਲ ਚੱਲ ਰਹੀ ਹੈ, ਜੇ ਮੱਕੀ ਦਾ ਵਾਜਬ ਭਾਅ ਹੀ ਕਿਸਾਨ ਨੂੰ ਦਿੱਤਾ ਜਾਵੇ ਤਾਂ ਜੋ 'ਕਰੂਡ ਆਇਲ' (ਕੱਚਾ ਤੇਲ) ਬਾਹਰੋਂ ਆਉਂਦਾ ਹੈ, ਉਸ ਦੀ ਘਟਾਈ ਜਾ ਸਕਦੀ ਹੈ, ਜਿਸ ਨਾਲ ਸਾਡੀ ਵਿਦੇਸ਼ੀ ਮੁਦਰਾ ਵੀ ਬਚੇਗੀ ਅਤੇ ਵਪਾਰਕ ਘਾਟਾ ਵੀ ਘਟੇਗਾ ਅਤੇ ਪੰਜਾਬ ਵਰਗੇ ਸੂਬਿਆਂ 'ਚ ਪਾਣੀ ਦੀ ਬੱਚਤ ਹੋਵੇਗੀ ਅਤੇ ਪਰਾਲੀ ਦਾ ਮਸਲਾ ਵੀ ਹੱਲ ਹੋ ਜਾਵੇਗਾ।

ਸਬਜ਼ੀਆਂ ਅਤੇ ਫਲ ਦੇਸ਼ ਦੀ ਘੱਟੋ-ਘੱਟ ਤੀਜਾ ਹਿੱਸਾ ਆਬਾਦੀ ਨੂੰ ਨਸੀਬ ਨਹੀਂ ਹੁੰਦੇ। ਗ਼ਰੀਬ ਬੰਦੇ ਨੂੰ ਲਸਣ ਅਤੇ ਪਿਆਜ਼ ਵੀ ਕਿਤੇ-ਕਿਤੇ ਹੀ ਨਸੀਬ ਹੁੰਦੇ ਹਨ, ਕਿਉਂਕਿ ਸਬਜ਼ੀਆਂ ਦੇ ਭਾਅ 'ਚ ਬਹੁਤ ਹੀ ਜ਼ਿਆਦਾ ਉਤਰਾਅ-ਚੜ੍ਹਾਅ ਆਉਂਦਾ ਰਹਿੰਦਾ ਹੈ। ਜਦੋਂ ਕਿ ਲਸਣ ਅਤੇ ਪਿਆਜ਼ ਦੋਵਾਂ ਦੀ ਰੋਗ ਨਾਸ਼ਕ ਗੁਣਵੱਤਾ (ਮੈਡੀਸੀਨਲ ਵੈਲਿਊ) ਬਹੁਤ ਜ਼ਿਆਦਾ ਹੈ ਅਤੇ ਇਹ ਇਨਸਾਨ ਦੀ ਕੋਲੇਸਟਰੋਲ, ਬਲੱਡ ਪ੍ਰੈਸ਼ਰ, ਸ਼ੂਗਰ, ਹਾਰਟ ਅਟੈਕ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਬਚਾਅ ਦੀ ਸਮਰੱਥਾ ਵਧਾਉਂਦੇ ਹਨ। ਕਿਸੇ ਵੇਲੇ ਕਿਹਾ ਜਾਂਦਾ ਸੀ ਕਿ ਗੰਢਾ ਭੰਨ ਕੇ ਰੋਟੀ ਖਾ ਲਵਾਂਗੇ ਪਰ ਖਪਤਕਾਰ ਨੂੰ ਗੰਢਾ ਕਦੇ ਵੀ 20 ਰੁਪਏ ਕਿੱਲੋ ਤੋਂ ਘੱਟ ਨਹੀਂ ਮਿਲਦਾ। ਪਰ ਪੈਦਾ ਕਰਨ ਵਾਲੇ ਨੂੰ ਕਦੇ 20 ਰੁਪਏ ਕਿਲੋ ਦੇ ਹੀ ਘੱਟ ਹੀ ਮਿਲੇ ਹਨ। ਇਕ ਇਹ ਵੀ ਭਰਮ ਫੈਲਾਇਆ ਹੋਇਆ ਹੈ ਕਿ ਐੱਮ.ਐੱਸ.ਪੀ. ਦਾ ਫਾਇਦਾ ਵੱਡੇ ਕਿਸਾਨ ਨੂੰ ਹੋ ਰਿਹਾ ਹੈ। ਐੱਮ.ਐੱਸ.ਪੀ. ਦਾ ਫਾਇਦਾ ਛੋਟੇ ਕਿਸਾਨ, ਮਜ਼ਦੂਰ ਅਤੇ ਵਪਾਰੀ ਨੂੰ ਵੀ ਹੋ ਰਿਹਾ। ਜਦੋਂ ਐੱਮ.ਐੱਸ.ਪੀ. ਵਧਦੀ ਹੈ ਤਾਂ ਮਜ਼ਦੂਰੀ ਵੀ ਵਧਦੀ ਹੈ ਤਾਂ ਹੀ ਤਾਂ ਮਜ਼ਦੂਰ ਵੀ ਕਿਸਾਨ ਦੇ ਬਰਾਬਰ ਅੰਦੋਲਨ 'ਚ ਖੜ੍ਹਾ ਹੈ।

ਖੇਤੀਬਾੜੀ ਖੇਤਰ ਨੂੰ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ, ਕਿਉਂਕਿ ਇਸ ਦਾ ਯੋਗਦਾਨ ਦੇਸ਼ ਦੀ ਜੀ.ਡੀ.ਪੀ. ਵਿਚ (19%) ਅਤੇ ਰੁਜ਼ਗਾਰ ਵਿਚ (50% ਤੋਂ ਵੱਧ) ਅਤੇ ਦਰਾਮਦ ਵਿਚ (5,16,746 ਕਰੋੜ) ਦਾ ਯੋਗਦਾਨ ਪਾਉਂਦੀ ਹੈ। ਅੱਜ ਅਸੀਂ ਬਹੁਤ ਸਾਰੀ ਖੇਤੀ ਉੱਪਜ ਬਾਹਰਲੇ ਦੇਸ਼ਾਂ ਨੂੰ ਭੇਜ ਰਹੇ ਹਾਂ ਮਿਸਾਲ ਦੇ ਤੌਰ 'ਤੇ ਚੌਲ ਹੀ 40 ਤੋਂ ਵੱਧ ਦੇਸ਼ਾਂ 'ਚ ਜਾਂਦੇ ਹਨ।

ਪਰ ਜੋ ਵਸਤੂਆਂ ਬਰਾਮਦ ਹੋ ਰਹੀਆਂ ਹਨ, ਉਹ ਆਪਣੇ ਦੇਸ਼ ਦੇ ਗ਼ਰੀਬ ਲੋਕਾਂ ਨੂੰ ਅੱਧੇ ਭੁੱਖੇ ਰੱਖ ਕੇ ਹੋ ਰਹੀਆਂ ਹਨ। ਅੱਜ ਜੋ ਦੇਸ਼ 'ਚ ਕੁੱਲ ਖੁਰਾਕ ਪੈਦਾ ਹੋ ਰਹੀ ਹੈ ਅਨਾਜ, ਸਬਜ਼ੀਆਂ-ਫਲ, ਦੁੱਧ, ਮੀਟ, ਮੱਛੀ, ਆਂਡੇ ਖਾਣ ਵਾਲੇ ਤੇਲ ਸਮੇਤ ਉਸ ਤੋਂ ਪ੍ਰਤੀ ਜੀਅ ਪ੍ਰਤੀ ਦਿਨ 1840kcal (ਕੈਲਰੀਜ਼) ਹੀ ਉਪਲੱਬਧ ਹੋ ਸਕਦੀਆਂ ਹਨ, ਜਦਕਿ ਇਕ ਤੰਦਰੁਸਤ ਇਨਸਾਨ ਨੂੰ ਔਸਤ 2250 kcal(ਕੈਲਰੀਜ਼) ਰੋਜ਼ਾਨਾ ਚਾਹੀਦੀਆਂ ਹਨ। ਜੇ ਕਿਸਾਨ ਨੂੰ ਵਾਜਬ ਭਾਅ ਦਿੱਤੇ ਜਾਣ ਤਾਂ ਉਤਪਾਦਨ ਵਧਣ ਨਾਲ ਇਹ ਘਾਟਾ ਪੂਰਿਆ ਜਾ ਸਕਦਾ ਹੈ ਅਤੇ ਵਿਦੇਸ਼ੀ ਮੁਦਰਾ ਵੀ ਕਮਾਈ ਜਾ ਸਕਦੀ ਹੈ।

ਸੋ, ਕੁੱਲ ਮਿਲਾ ਕਿ ਸਰਕਾਰ ਨੂੰ ਮੁੱਠੀ ਭਰ ਪੂੰਜੀਪਤੀਆਂ ਦਾ ਖਿਆਲ ਛੱਡ ਕੇ ਠਰ੍ਹਮੇ ਨਾਲ ਸੋਚਣਾ ਚਾਹੀਦਾ ਹੈ, ਜੋ ਕਿਸਾਨ ਮੰਗਦੇ ਹਨ, ਉਹ ਦੇਸ਼ ਦੇ ਹਿੱਤ ਵਿਚ ਹੈ।

## ਕਿਸਾਨ ਅੰਦੋਲਨ ਦਾ ਰਾਹ

ਕੁਝ ਸਮਾਂ ਪਹਿਲਾਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵਲੋਂ ਆਪਣੀਆਂ ਮੰਗਾਂ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਲਈ 'ਦਿੱਲੀ ਚਲੋ' ਦਾ ਨਾਅਰਾ ਦੇਣ ਅਤੇ ਕਿਸਾਨਾਂ ਦੇ ਹਰਿਆਣੇ ਨਾਲ ਲੱਗਦੇ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਵੱਡੀ ਗਿਣਤੀ ਵਿਚ ਜਮ੍ਹਾਂ ਹੋਣ ਨਾਲ ਕੇਂਦਰ, ਹਰਿਆਣਾ ਤੇ ਪੰਜਾਬ ਦੀਆਂ ਸਰਕਾਰਾਂ ਵਿਚ ਵੱਡੀ ਪੱਧਰ 'ਤੇ ਹਲਚਲ ਪੈਦਾ ਹੋ ਗਈ ਹੈ।



ਇਸ ਦਾ ਵੱਡਾ ਕਾਰਨ ਇਹ ਹੈ ਕਿ ਸਾਲ 2020-21 ਵਿਚ ਹੋਏ ਪਹਿਲੇ ਕਿਸਾਨ ਅੰਦੋਲਨ ਦੌਰਾਨ ਵੀ ਇਸ ਖੇਤਰ ਵਿਚ ਬੇਹੱਦ ਅਨਿਸਚਿਤਤਾ ਤੇ ਗੜਬੜ ਵਾਲਾ ਮਾਹੌਲ ਬਣ ਗਿਆ ਸੀ। ਪੰਜਾਬ ਦੀਆਂ ਕਿਸਾਨ ਯੂਨੀਅਨਾਂ ਵਲੋਂ ਦਿੱਲੀ ਸਰਹੱਦ 'ਤੇ ਡੇਢ ਸਾਲ ਦੇ ਲਗਭਗ ਡੇਰੇ ਲਗਾਈ ਰੱਖੇ ਗਏ ਸਨ ਜਿਸ ਨਾਲ ਸਾਰੀਆਂ ਹੀ ਸੰਬੰਧਿਤ ਧਿਰਾਂ ਦਾ ਨੁਕਸਾਨ ਹੋਇਆ ਸੀ। 700 ਦੇ ਲਗਭਗ ਕਿਸਾਨ ਇਸ ਅੰਦੋਲਨ ਦੀ ਭੇਟ ਚੜ੍ਹ ਗਏ ਸਨ। ਅਖ਼ੀਰ ਲੰਮੇ ਸੰਘਰਸ਼ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਾਪਸ ਲੈਣ ਦਾ ਐਲਾਨ ਕਰਨਾ ਪਿਆ ਸੀ। ਇਸ ਲੰਮੇ ਸਮੇਂ ਦੌਰਾਨ ਪੰਜਾਬ ਦੀ ਸਨਅਤ ਅਤੇ ਵਪਾਰ ਨੂੰ ਅਰਬਾਂ ਰੁਪਏ ਦਾ ਘਾਟਾ ਪਿਆ ਸੀ। ਆਮ ਜੀਵਨ ਵੀ ਬੇਹੱਦ ਪ੍ਰਭਾਵਿਤ ਹੋਇਆ ਸੀ। ਉਸ ਤੋਂ ਬਾਅਦ ਲੰਮੇ ਸਮੇਂ ਤੱਕ ਪੰਜਾਬ ਪੂਰੀ ਤਰ੍ਹਾਂ ਖੜ੍ਹਾ ਨਹੀਂ ਸੀ ਹੋ ਸਕਿਆ। ਇਸੇ ਕਰਕੇ ਇਸ ਵਾਰ ਕਿਸਾਨ ਸੰਗਠਨਾਂ ਵਲੋਂ ਦਿੱਤੇ 'ਦਿੱਲੀ ਚੱਲੋ' ਦੇ ਨਾਅਰੇ ਨੇ ਇਸ ਖੇਤਰ ਵਿਚ ਮੁੜ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ। ਹਰਿਆਣਾ ਦੀ ਸਰਕਾਰ ਵਲੋਂ ਇਸ ਵਾਰ ਕਿਸਾਨਾਂ ਨੂੰ ਹਰਿਆਣੇ ਦੀਆਂ ਸਰਹੱਦਾਂ ਰਾਹੀਂ ਅੱਗੇ ਜਾਣ ਤੋਂ ਰੋਕਣ ਲਈ ਹਰ ਤਰ੍ਹਾਂ ਨਾਲ ਸਖ਼ਤ ਬੰਦੋਬਸਤ ਕੀਤੇ ਗਏ ਹਨ। ਇਸ ਮਕਸਦ ਲਈ ਵੱਡੀ ਮਾਤਰਾ ਵਿਚ ਅੱਥਰੂ ਗੈਸ ਦਾ ਇਸਤੇਮਾਲ ਕੀਤਾ ਗਿਆ ਅਤੇ ਰਬੜ ਦੀਆਂ ਗੋਲੀਆਂ ਵੀ ਵਰ੍ਹਾਈਆਂ ਗਈਆਂ, ਉਸ ਨਾਲ ਜਿਥੇ ਸੈਂਕੜੇ ਹੀ ਕਿਸਾਨ ਜ਼ਖ਼ਮੀ ਹੋਏ, ਉਥੇ ਉਨ੍ਹਾਂ ਵਿਚ ਹਰਿਆਣਾ ਸਰਕਾਰ ਦੇ ਇਸ ਵਤੀਰੇ ਵਿਰੁੱਧ ਵੱਡਾ ਰੋਸ ਵੀ ਪੈਦਾ ਹੋਇਆ। ਇਸ ਵਿਰੁੱਧ ਰੋਸ ਪ੍ਰਗਟ ਕਰਨ ਲਈ ਪੰਜਾਬ ਦੀਆਂ ਕਈ ਹੋਰ ਕਿਸਾਨ ਜਥੇਬੰਦੀਆਂ ਵੀ ਅੰਦੋਲਨ 'ਚ ਸ਼ਾਮਿਲ ਹੋ ਗਈਆਂ। ਉਨ੍ਹਾਂ ਵਲੋਂ ਰੇਲਾਂ ਜਾਮ ਕੀਤੀਆਂ ਗਈਆਂ ਅਤੇ ਕਈ ਥਾਵਾਂ 'ਤੇ ਨਿਸਚਿਤ ਸਮੇਂ ਲਈ ਟੋਲ ਪਲਾਜ਼ਿਆਂ 'ਤੇ ਵਸੂਲੀਆਂ ਵੀ ਬੰਦ ਕਰਵਾ ਦਿੱਤੀਆਂ ਗਈਆਂ। ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਵੀ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਸਖ਼ਤ ਨਿਖੇਧੀ ਕੀਤੀ। ਚਿਰਾਂ ਤੋਂ ਲਟਕਦੀਆਂ ਆ ਰਹੀਆਂ ਆਪਣੀਆਂ ਮੰਗਾਂ ਪ੍ਰਤੀ ਕੇਂਦਰ 'ਤੇ ਦਬਾਅ ਬਣਾਉਣ ਲਈ ਇਨ੍ਹਾਂ ਕਿਸਾਨ ਯੂਨੀਅਨਾਂ ਵਲੋਂ ਭਾਰਤ ਬੰਦ ਦਾ ਸੱਦਾ ਵੀ ਦਿੱਤਾ ਗਿਆ, ਜਿਸ ਦਾ ਵਧੇਰੇ ਅਸਰ ਪੰਜਾਬ ਵਿਚ ਹੀ ਵੇਖਿਆ ਗਿਆ ਹੈ। ਪਿਛਲੇ ਹਫ਼ਤੇ ਭਰ ਤੋਂ ਇਕ ਤਰ੍ਹਾਂ ਨਾਲ ਸੂਬੇ ਦਾ ਜਨਜੀਵਨ ਉਖੜਿਆ-ਪੁਖੜਿਆ ਹੀ ਰਿਹਾ ਹੈ, ਜਿਥੇ ਆਮ ਵਿਅਕਤੀ ਕਿਸੇ ਨਾ ਕਿਸੇ ਰੂਪ ਵਿਚ ਇਸ ਅੰਦੋਲਨ ਦੀ ਜ਼ਦ ਵਿਚ ਆਇਆ ਹੈ, ਉਥੇ ਇਕ ਵਾਰ ਫਿਰ ਸੂਬੇ ਦੇ ਪਹਿਲਾਂ ਹੀ ਸਹਿਕ ਰਹੇ ਵਪਾਰ ਅਤੇ ਸਨਅਤ ਨੂੰ ਵੀ ਹੋਰ ਧੱਕਾ ਅਤੇ ਖ਼ੋਰਾ ਲੱਗਣਾ ਸ਼ੁਰੂ ਹੋ ਗਿਆ ਹੈ।

ਹਰਿਆਣੇ ਦੀਆਂ ਸਰਹੱਦਾਂ 'ਤੇ ਕਿਸਾਨਾਂ ਦੇ ਜਮ੍ਹਾਂ ਹੋਣ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਕੇਂਦਰੀ ਮੰਤਰੀਆਂ ਨੇ ਸੰਬੰਧਿਤ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਲੰਮੀਆਂ ਅਤੇ ਵਿਸਥਾਰਤ ਮੀਟਿੰਗਾਂ ਕੀਤੀਆਂ ਹਨ, ਪਰ ਅਜੇ ਤੱਕ ਫ਼ਸਲਾਂ ਦੇ ਲਾਭਕਾਰੀ ਸਮਰਥਨ ਮੁੱਲ ਅਤੇ ਕਿਸਾਨਾਂ ਦੀਆਂ ਹੋਰ ਮੰਗਾਂ ਦਾ ਕੋਈ ਠੋਸ ਹੱਲ ਸਾਹਮਣੇ ਨਹੀਂ ਆਇਆ। ਇਸ ਨਾਲ ਪੰਜਾਬ ਵਿਚ ਅਤੇ ਖ਼ਾਸ ਤੌਰ 'ਤੇ ਕਿਸਾਨੀ ਵਰਗ ਵਿਚ ਬੇਚੈਨੀ ਅਤੇ ਗੁੱਸਾ ਵਧਣਾ ਲਾਜ਼ਮੀ ਹੈ। ਇਹ ਗੱਲ ਵੀ ਵੇਖਣ ਵਾਲੀ ਹੈ ਕਿ ਦਰਜਨਾਂ ਹੀ ਕਿਸਾਨ ਯੂਨੀਅਨਾਂ ਵਿਚ ਏਕਤਾ ਦੀ ਅਜੇ ਵੀ ਬੇਹੱਦ ਘਾਟ ਨਜ਼ਰ ਆ ਰਹੀ ਹੈ। ਆਪੋ-ਆਪਣੇ ਤੌਰ 'ਤੇ ਚਲਾਏ ਜਾਣ ਵਾਲੇ ਅੰਦੋਲਨ ਵੱਡੀ ਮਜ਼ਬੂਤੀ ਨਹੀਂ ਫੜ ਸਕਦੇ, ਇਸ ਲਈ ਕਿਸਾਨ ਜਥੇਬੰਦੀਆਂ ਨੂੰ ਜਾਗਰੂਕ ਹੋਣ ਦੀ ਲੋੜ ਹੈ। ਇਸ ਮਸਲੇ ਪ੍ਰਤੀ ਪੰਜਾਬ ਸਰਕਾਰ ਦਾ ਆਪਣਾ ਏਜੰਡਾ ਹੈ, ਜਿਸ ਦੀਆਂ ਤਹਿਆਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਹਨ। ਇਸੇ ਕਰਕੇ ਹੀ ਬਹੁਤੀਆਂ ਵਿਰੋਧੀ ਪਾਰਟੀਆਂ ਅਤੇ ਆਗੂਆਂ ਵਲੋਂ ਇਸ ਨੂੰ ਨਿਸ਼ਾਨੇ 'ਤੇ ਲਿਆ ਜਾਣ ਲੱਗਾ ਹੈ। ਬਿਨਾਂ ਸ਼ੱਕ ਪੈਦਾ ਹੋਏ ਅਜਿਹੇ ਹਾਲਾਤ ਦਾ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਵੀ ਵੱਡਾ ਅਸਰ ਵੇਖਿਆ ਜਾ ਸਕੇਗਾ। ਇਸ ਨੂੰ ਵੇਖਦਿਆਂ ਹੀ ਸਾਰੀਆਂ ਧਿਰਾਂ ਨੇ ਆਪੋ-ਆਪਣੀ ਨੀਤੀ ਘੜਨੀ ਸ਼ੁਰੂ ਕਰ ਦਿੱਤੀ ਹੈ। ਵੇਖਣ ਵਾਲੀ ਗੱਲ ਇਹ ਵੀ ਹੋਵੇਗੀ ਕਿ ਅਜਿਹੇ ਹਾਲਾਤ ਵਿਚ ਕਿਸਾਨ ਅੰਦੋਲਨ ਕਿਸ ਤਰ੍ਹਾਂ ਦਾ ਰੂਪ ਅਖ਼ਤਿਆਰ ਕਰੇਗਾ, ਇਸ ਨਾਲ ਪੰਜਾਬ ਦਾ ਭਵਿੱਖ ਵੀ ਜੁੜਿਆ ਨਜ਼ਰ ਆਉਂਦਾ ਹੈ।

# ਸਟ੍ਰੈਸ ਤੋਂ ਪ੍ਰੇਸ਼ਾਨ ਹੈ ਹਰ ਆਦਮੀ



*''ਮਾਨਸਿਕ ਪ੍ਰੇਸ਼ਾਨੀਆਂ ਪ੍ਰਤੀ ਜਾਗਰੁਕਤਾ ਲਈ ਮਾਨਸਿਕ ਮਹੀਨਾ ਸਾਲ 2024 ਦਾ ਥੀਮ ਹੈ - ਜਲਵਾਯੂ ਸੰਕਟ ਨਾਲ ਮੁਕਾਬਲਾ। ਮਨੁੱਖੀ ਵਿਵਹਾਰ 'ਚ ਜਲਵਾਯੂ ਬਦਲਾਅ ਕਰਕੇ ਉਸ ਦ੍ਰਿਸ਼ਟੀਕੋਣ ਤੋਂ ਇਸ ਮੁੱਦੇ ਤੱਕ ਪਹੁੰਚ ਅਲੱਗ ਹੋ ਸਕਦੀ ਹੈ। ਮਾਨਸਿਕ ਬਿਮਾਰੀਆਂ ਤੋਂ ਬਚਣ ਲਈ ਵਿਸ਼ਵ ਸਿਹਤ ਸੰਗਠਨ ਵੱਲੋਂ ਚਲਾਈ ਗਈ ਗਲੋਬਲ ਮੁਹਿਮ ਦਾ ਹਿੱਸਾ ਬਣਨ ਦੀ ਲੋੜ ਹੈ'' ਅਨਿਲ ਧੀਰ ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ*

ਹੈਲਥ ਮੀਡੀਆ ਕੈਨੇਡਾ : ਬੱਚਿਆਂ ਤੋਂ ਲੈ ਕੇ ਹਰ ਉਮਰ ਵਿੱਚ ਮਾਨਸਿਕ ਬਿਮਾਰੀਆਂ ਦਾ ਅੰਕੜਾ ਵੱਧਦਾ ਜਾ ਰਿਹਾ ਹੈ, ਜੋ ਕਿਸੇ ਵੀ ਰਾਸ਼ਟਰ ਦੇ ਵਿਕਾਸ ਲਈ ਖਤਰੇ ਤੋਂ ਘੱਟ ਨਹੀਂ ਹੈ। ਸਮਾਜ ਵਿੱਚ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਇੱਕ-ਦੂਜੇ ਨੂੰ ਸਟੈਸ ਦੇਣ ਦੀ ਥਾਂ ਘਰ ਅੰਦਰ 'ਤੇ ਬਾਹਰ ਦੇ ਮਾਹੌਲ ਨੂੰ ਚੰਗਾ ਬਣਾ ਕੇ ਰੱਖਣ ਦੀ ਲੋੜ ਹੈ।

ਮਨੋਵਿਗਿਆਨ ਮਹੀਨੇ ਦੇ ਤੌਰ 'ਤੇ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਯਤਨਾਂ ਨੂੰ ਜੁਟਾਉਣ ਲਈ ਮਨਾਇਆ ਜਾ ਰਿਹਾ ਹੈ। ਅੱਜ ਹਰ ਤੀਸਰਾ ਆਦਮੀ ਮਾਨਸਿਕ ਸਮੱਸਿਆ ਤਣਾਅ ਯਾਨਿ ਸਟ੍ਰੈਸ ਦਾ ਸ਼ਿਕਾਰ ਹੋ ਚੱਕਾ ਹੈ। ਵਰਕ-ਪਲੇਸ ਸਟ੍ਰੈਸ 79%, ਆਰਥਿਕ ਤੰਗੀ 84%, ਸਿਹਤ-ਸੰਬੰਧੀ 78%, ਵਾਤਾਵਰਣ ਤਬਦੀਲੀ 59% ਦਾ ਆਂਕੜਾ ਦੇਖਣ ਨੂੰ ਮਿਲ ਰਿਹਾ ਹੈ। ਸਟ੍ਰੈਸ ਕਿਸੇ ਵੀ ਤਬਦੀਲੀ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ ਜਿਸ ਲਈ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ।ਸਰੀਰ ਇਹ ਬਦਲਾਅ, 'ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਤੀਕ੍ਰਿਆਵਾਂ ਨਾਲ ਪ੍ਰਤੀਕ੍ਰਿਆਂ ਕਰਦਾ ਹੈ। ਤਣਾਅ ਜ਼ਿੰਦਗੀ ਦਾ ਇੱਕ ਆਮ ਹਿੱਸਾ ਹੁੰਦਾ



ਅਨਿਲ ਧੀਰ
ਕਾਲਮਨਿਸਟ
healthmedia1@hotmail.com


ਹੈ। ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈਸ ਦੇ ਸਕਦੀ ਹੈ। ਤੁਸੀਂ ਆਪਣੇ ਮਾਹੌਲ, ਆਪਣੇ ਸਰੀਰ ਅਤੇ ਵਿਚਾਰਾਂ ਦੁਆਰਾ ਸਟ੍ਰੈਸ ਮਹਿਸੂਸ ਕਰਦੇ ਹੋ। ਇੱਥੋਂ ਤੱਕ ਕਿ ਸਕਾਰਾਤਮਕ ਜ਼ਿੰਦਗੀ ਵੀ ਬਦਲ ਜਾਂਦੀ ਹੈ। ਜਿਵੇਂ ਤਰੱਕੀ ਅਤੇ ਬੱਚੇ ਦਾ ਜਨਮ ਵੀ ਤਨਾਅ ਪੈਦਾ ਕਰ ਦਿੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲਾ ਸਟ੍ਰੈਸ ਬਿਮਾਰੀਆਂ ਵੀ ਪੈਦਾ ਕਰ ਸਕਦਾ ਹੈ। ਜੀਵ-ਵਿਗਿਆਨ ਵਿੱਚ ਤਣਾਅ ਸਰੀਰਕ ਜਾਂ ਮਾਨਸਿਕ ਸਿਹਤ ਲਈ ਖਤਰਿਆਂ ਦੇ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ। ਗੰਭੀਰ ਤਣਾਅ ਕਾਰਡੀਓਵੈਸਕੁਲਰ ਬਿਮਾਰੀ, ਚਿੰਤਾ ਅਤੇ ਉਦਾਸੀ ਨਾਲ ਜੁੜ ਜਾਂਦੀ ਹੈ। ਘਰੇਲੂ ਹਿੰਸਾ 'ਤੇ ਲੜਾਈ ਨਾਲ ਜੁੜੀ ਘਟਨਾਵਾਂ ਦਾ ਸਟ੍ਰੈਸ ਅਤੇ ਸਦਮੇ ਤੋਂ ਬਾਅਦ ਪੀਟੀਐਸਡੀ ਦਾ ਕਾਰਨ ਬਣਦੇ ਹਨ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਇਸ ਨਾਲ ਪ੍ਰਭਾਵਿਤ ਹਨ। ਵੱਧ ਤਣਾਅ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲੱਤ ਲੱਗਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾਂਦੇ ਹਨ। ਸਟ੍ਰੈਸ ਦੀ ਹਾਲਤ ਵਿਚ ਜਾਨਵਰਾਂ ਦਾ ਵਿਵਹਾਰ ਬਦਲ ਜਾਂਦਾ ਹੈ।

ਸਟ੍ਰੈਸ ਦੇ ਆਮ ਕਾਰਨ, ਪੈਸਾ, ਕੰਮ, ਆਰਥਿਕਤਾ, ਪਰਿਵਾਰਕ ਜ਼ਿੰਵਾਰੀਆਂ, ਰਿਸ਼ਤੇ, ਨਿੱਜੀ ਸਿਹਤ ਦੇ ਮੁੱਦੇ, ਮਕਾਨ ਦੇ ਖਰਚੇ, ਜੌਬ ਦੀ ਚਿੰਤਾ, ਨਿੱਜੀ ਸੁਰੱਖਿਆ, ਪਰਿਵਾਰਕ ਸਿਹਤ ਸਮੱਸਿਆਵਾਂ, ਨੂੰ ਮੰਨਿਆ ਗਿਆ ਹੈ। ਸੋਚਣ ਦਾ ਨੇਗੇਟਿਵ ਤਰੀਕਾ ਅਤੇ ਵੱਖ ਹੁਨਰ ਚਿੰਤਾ ਵਧਾ ਰਿਹਾ ਹੈ। ਮਾਡਰਨ ਲਾਈਫ ਸਟਾਇਲ ਵਿਚ ਇਨਸਾਨ ਸਰੀਰਕ ਤਣਾਅ- ਜਿਵੇਂ ਸੱਟ, ਇਨਫੈਕਸ਼ਨ, ਸਰਜਰੀ, ਦੂਸ਼ਿਤ ਵਾਤਾਵਰਣ, ਰੇਡੀਏਸ਼ਨ, ਵੱਧ ਰਿਹਾ ਸ਼ੋਰ, ਵਾਇਰਲ ਇਨਫੈਕਸ਼ਨ, ਥਕਾਵਟ, ਡਾਇਬਟੀਜ਼, ਹਾਰਮੋਨਲ ਬਦਲਾਅ, ਐਲਰਜੀ, ਸੰਵੇਦਨਸ਼ੀਲਤਾ, ਅਣਚਾਹੇ ਸਿਗਰੇਟ-ਇੰਡਸਟਰੀਅਲ ਧੂੰਏ ਦਾ ਅਸਰ, ਸਰੀਰ ਅੰਦਰ ਖੁਰਾਕੀ ਤੱਤਾਂ ਦੀ ਕਮੀ ਕਾਰਨ ਘੇਰੇ ਵਿਚ ਆ ਰਿਹਾ ਹੈ। ਮਨੋ-ਵਿਗਿਆਨਕ ਤਣਾਅ ਨਾਰਾਜ਼ਗੀ, ਡਰ, ਨਿਰਾਸ਼ਾ, ਉਦਾਸੀ, ਗੁੱਸਾ, ਬੋਧਿਕ ਤਣਾਅ, ਸਮੇਂ ਦੀ ਤੇਜ਼ ਰਫਤਾਰ, ਚਿੰਤਾ, ਸ਼ਰਮ, ਈਰਖਾ, ਵਿਰੋਧ, ਸਵੈ-ਆਲੋਚਨਾ, ਘਬਰਾਹਟ, ਕੰਟ੍ਰੋਲ ਤੋਂ ਬਾਹਰ ਹੋਣਾ, ਧੋਖਾਧੜੀ, ਹੋ ਜਾਣ ਨਾਲ ਦੇਖਿਆ ਜਾ ਰਿਹਾ ਹੈ।ਸਟ੍ਰੈਸ ਸਕਾਰਾਤਮਕ ਵੀ ਹੋ ਸਕਦਾ ਹੈ, ਜਿਵੇਂ ਕਿ ਡੈੱਡਲਾਈਨ ਨੂੰ ਪੂਰਾ ਕਰਨ ਅਤੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਦਦ ਵੀ ਕਰਦਾ ਹੈ।




**ਸਟ੍ਰੈਸ ਘਟਾ ਕੇ ਮਨ ਨੂੰ ਰੱਖੋ ਫਿੱਟ :**


- ਆਮ ਤਣਾਅ ਦੀ ਹਾਲਤ ਵਿਚ ਮਨ-ਪਸੰਦ ਸੰਗੀਤ ਯਾਨਿ ਨਵੇਂ-ਪਰਾਣੇ ਗੀਤ, ਗਜ਼ਲਾਂ, ਕਵਾਲੀਆਂ, ਇੰਸਟਰੂਮੇਂਟਲ ਸੰਗੀਤ ਸੁਣੋ। ਸਟ੍ਰੈਸ ਹਾਰਮੋਨ ਕੋਰਟੀਸੋਲ ਨੂੰ ਘਟਾ ਕੇ ਬਲੱਡ-ਪ੍ਰੈਸ਼ਰ ਨੂੰ ਘੱਟ ਕਰਕੇ ਸਰੀਰ ਨੂੰ ਰੀਲੈਕਸ ਕਰਦਾ ਹੈ। ਸਰੀਰ ਅਤੇ ਮਨ 'ਤੇ ਸਕਾਰਾਤਮਕ ਅਸਰ ਪਾਉਂਦਾ ਹੈ।
- ਸਟ੍ਰੈਸ ਰਹਿਣ ਦੀ ਹਾਲਤ ਵਿਚ ਆਪਣੇ ਚੰਗੇ ਦੋਸਤ-ਮਿੱਤਰਾਂ ਨਾਲ ਗੱਲਬਾਤ ਕਰੋ। ਜ਼ਿੰਦਗੀ ਵਿਚ ਚੰਗੇ ਦੋਸਤ ਬੜੇ ਮਹੱਤਵਪੂਰਣ ਹੁੰਦੇ ਹਨ ਜੋ ਸਮੱਸਿਆ ਦੂਰ ਕਰਨ ਵਿਚ ਮਦਦ ਵੀ ਕਰਦੇ ਹਨ। ਘਰ ਵਿਚ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਟੈਨਸ਼ਨ ਬਾਰੇ ਮਸ਼ਵਰਾ ਕਰਨ ਨਾਲ ਰੀਲੈਕਸ ਮਹਿਸੂਸ ਕਰੋ।
- ਰੂਟੀਨ ਦੀ ਟੈਨਸ਼ਨ ਵਿਚ ਆਪਣੇ-ਆਪ ਨੂੰ ਸ਼ਾਂਤਮਈ ਸਮਾਂ ਦੇ ਕੇ ਵਿਚਾਰ ਕਰੋ, ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਪਲੱਸ-ਮਾਈਨਸ ਬਾਰੇ ਗੌਰ ਕਰੋ। ਅਧੂਰੇ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ।
- ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਪੌਸ਼ਟਿਕ ਖ਼ੁਰਾਕ ਲਵੋ। ਜੰਕ-ਫੂਡ, ਤੰਬਾਕੂ, ਸ਼ਰਾਬ ਤਣਾਅ ਵਧਾ ਸਕਦੀ ਹੈ। ਸ਼ੂਗਰ ਲੀਮਿਟ ਵਿਚ ਖਾਓ। ਤੰਦਰੁਸਤ ਦਿਮਾਗ ਲਈ ਭੋਜਨ ਵਿਚ ਓਮੇਗਾ 3-6-9 ਨੂੰ ਸ਼ਾਮਿਲ ਕਰੋ। ਵਿਟਾਮਿਨ ਸਪਲੀਮੈਂਟਸ, ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।
- ਚੰਗੇ ਕਾਮੇਡੀ ਸੀਰੀਅਲ ਵਾਚ ਕਰੋ। ਹੱਸਣ ਨਾਲ ਸਰੀਰ ਅੰਦਰ ਐਂਡਰੋਫਿਨ ਰੀਲੀਜ਼ ਹੋਣ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਕੋਰਟੀਸੋਲ ਅਤੇ ਐਡਰਨਾਲੀਨ ਦੇ ਪੱਧਰ ਨੂੰ ਘੱਟ ਹੋ ਜਾਣ ਨਾਲ ਤੁਹਾਡਾ ਮਨ ਆਰਾਮ ਮਹਿਸੂਸ ਕਰਦਾ ਹੈ।
- ਅਨਰਜ਼ੀ ਡ੍ਰਿੰਕਸ, ਕਾਫੀ, ਬਲੈਕ ਚਾਹ ਦੀ ਥਾਂ ਗ੍ਰੀਨ-ਟੀ ਪੀਣ ਦੀ ਆਦਤ ਪਾ ਲਵੋ। ਕਿਓਂਕਿ ਜ਼ਿਆਦਾ ਕੈਫੀਨ ਕੁੱਝ ਸਮੇਂ ਲਈ ਸਪਾਈ ਪੈਦਾ ਕਰਦੀ ਹੈ ਜੋ ਹਾਈਪੋਥਲਮਿਕ - ਪੀਟੁਟਰੀ-ਐਡਰੀਨਲ ਧੁਰੇ ਨੂੰ ਓਵਰਡ੍ਰਾਈਵ ਵਿਚ ਜਾਣ ਦਾ ਕਾਰਨ ਵੀ ਬਣ ਸਕਦਾ ਹੈ। ਜਦਕਿ ਗ੍ਰੀਨ-ਟੀ ਅੰਦਰ ਮੌਜੂਦ ਐਂਟੀਆਕਸੀਡੈਂਟਸ 'ਤੇ ਅਮੀਨੋ ਐਸਿਡ ਤੰਤੂ ਪ੍ਰਣਾਲੀ ਨੂੰ ਰੀਲੈਕਸ ਕਰਦਾ ਹੈ।
- ਗਰਮ ਦੁੱਧ, ਤਾਜ਼ੇ ਫਲਾਂ ਦਾ ਰੱਸ, ਨਮਕੀਨ ਲੱਸੀ 'ਤੇ ਸ਼ਿਕੰਜੀ, ਮਿਕਸ ਵੈਜ਼ੀਟੇਬਲ, ਚਿਕਨ ਸੂਪ ਸਾਦਾ ਪਾਣੀ ਜਿਆਦਾ ਪੀ ਕੇ ਟੈਨਸ਼ਨ ਘਟਾਓ।
- ਡੇਲੀ ਰੂਟੀਨ ਵਿਚ ਵਰਕ-ਆਉਟ, ਯੋਗਾ, ਸੈਰ, ਦਿਮਾਗੀ ਕਸਰਤ, ਅਤੇ ਬਿਮਾਰੀ ਦੀ ਹਾਲਤ ਵਿਚ ਫਿਜੀਓ ਥੇਰਾਪਿਸਟ ਦੀ ਸਲਾਹ ਨਾਲ ਸ਼ੁਰੂ ਕਰੋ।
- ਕਾਂਟੀਨੇਂਟਲ ਸ਼ਿਫਟਾਂ ਨੇ ਵਰਕਰਾਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਸਰੀਰ ਨੂੰ ਪੂਰੀ ਨੀਂਦ ਨਾ ਮਿਲਣ ਦੀ ਹਾਲਤ ਵਿਚ ਵਿਅਕਤੀ ਤਣਾਅ ਦੇ ਘੇਰੇ ਵਿਚ ਰਹਿੰਦਾ ਹੈ। ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ। ਤੰਦਰੁਸਤ ਮਨ ਅਤੇ ਸਰੀਰ ਲਈ ਡੇਲੀ 8-10 ਘੰਟੇ ਦੀ ਨੀਂਦ ਲੈਣੀ ਜਰੂਰੀ ਹੈ।
- ਜੇ ਪਾਲਤੂ ਕੁੱਤੇ-ਬਿੱਲੀਆਂ ਦਾ ਵਿਵਹਾਰ ਬਦਲ ਜਾਵੇ ਤਾਂ ਉਨਾਂ ਦੀ ਖ਼ੁਰਾਕ ਦੇ ਨਾਲ-ਨਾਲ ਡੇਲੀ ਉਨਾਂ ਨਾਲ ਖੇਡੋ, ਪਿਆਰ ਕਰੋ ਅਤੇ ਸੈਰ ਕਰਾਓ। ਲੰਮੇ ਸਮੇਂ ਤੱਕ ਪਾਲਤੂ ਜਾਨਵਰਾਂ ਦੇ ਖਰਾਬ ਵਿਵਹਾਰ ਲਈ ਵੇਟਨਰੀ ਸਲਾਹ ਲਵੋ।

**ਨੋਟ:** ਮਾਨਸਿਕ ਤੰਦਰੁਸਤੀ ਲਈ ਟੈਨਸ਼ਨ ਦੇ ਸ਼ਿਕਾਰ ਬੱਚੇ, ਸੀਨੀਅਰਸ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਨ ਰੱਖੋ। ਮਨ ਅਤੇ ਸਰੀਰ ਦੀ ਬਿਮਾਰੀ ਦੀ ਹਾਲਤ ਵਿਚ ਡਾਕਟਰੀ ਇਲਾਜ਼ ਨਾਲ ਸਟ੍ਰੈਸ ਕੰਟ੍ਰੋਲ ਕਰਨਾ ਚਾਹੀਦਾ ਹੈ। ਦਿਲ ਦੀ ਆਮ ਸਮੱਸਿਆ ਦੇ ਲੱਛਣ ਸਾਹ ਚੜਨਾ, ਛਾਤੀ ਵਿਚ ਦਰਦ, ਅਨਿਯਮਿਤ ਧੜਕਨ ਅਤੇ ਚੱਕਰ ਆਉਣ ਦੀ ਸ਼ਿਕਾਇਤ ਵਿਚ ਤੁਹਾਡਾ ਫੈਮਿਲੀ ਡਾਕਟਰ ਸਟ੍ਰੈਸ ਟੈਸਟ ਦੇ ਨਾਲ ਕਈ ਹੋਰ ਜਾਂਚ ਲਈ ਵੀ ਕਹਿ ਸਕਦੇ ਹਨ।

# ਲਿਵਰ ਰੋਗਾਂ ਵਿਚ ਗਿਲੋਅ ਦੇ ਫ਼ਾਇਦੇ ਨੂੰ ਹੁਣ ਬਰਤਾਨਵੀ ਫਰਮਾਂ ਵਲੋਂ ਵੀ ਮਾਨਤਾ

ਗਿਲੋਅ ਦੇ 'ਹੈਪਟੋਪ੍ਰੋਟੈਕਿਟਵ' (ਲੀਵਰ ਨੂੰ ਸਿਹਤਮੰਦ ਰੱਖਣ ਦੀ ਤਾਕਤ) ਅਤੇ ਹੋਰ ਲਾਭਕਾਰੀ ਪ੍ਰਭਾਵ ਨੂੰ ਹੁਣ ਬਰਤਾਨੀਆ ਨੇ ਵੀ ਸਵੀਕਾਰ ਕਰ ਲਿਆ, ਜਿਸ ਨੂੰ 'ਰਾਇਲ ਫਾਰਮਸਿਊਟੀਕਲ ਸੁਸਾਇਟੀ ਆਫ਼ ਗ੍ਰੇਟ ਬ੍ਰਿਟੇਨ' ਦੇ ਪ੍ਰਸਿੱਧ ਖੋਜ ਪੱਤਰ 'ਜਰਨਲ ਆਫ਼ ਫਾਰਮੇਸੀ ਐਂਡ ਫਾਰਮਾਕੋਲੋਜੀ' ਵਿਚ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਯੂ.ਕੇ. ਦੇ ਜਰਨਲ ਆਫ਼ ਫਾਰਮੇਸੀ ਐਂਡ ਫਾਰਮਾਕੋਲੋਜੀ ਨੇ ਸਵੀਕਾਰ ਕੀਤਾ ਹੈ ਕਿ ਗਿਲੋਅ 'ਤੇ ਖੋਜ ਵਿਚ ਪਾਇਆ ਗਿਆ ਹੈ ਕਿ ਇਹ ਲਿਵਰ ਨੂੰ ਸਿਹਤਮੰਦ ਰੱਖਣ ਦੇ ਨਾਲ ਸਰੀਰ ਦੀਆਂ ਨਾੜੀਆਂ ਦੀ ਰੁਕਾਵਟ ਰੋਕਣ ਅਤੇ ਲਿਵਰ ਨੂੰ ਸੁਰੱਖਿਆ ਪ੍ਰਦਾਨ ਕਰਨ ਵਿਚ ਸਹਾਇਕ ਹੈ। ਨਾਲ ਹੀ ਗਿਲੋਅ ਸਰੀਰ ਵਿਚ ਰੋਗ-ਪ੍ਰਤੀਰੋਧੀ ਤਾਕਤ ਵਿਚ ਵਾਧਾ ਕਰਦੀ ਹੈ। ਗਿਲੋਅ ਦੀ ਵਰਤੋਂ ਨੂੰ ਖਾਣ ਵਾਲੀਆਂ ਚੀਜ਼ਾਂ ਦੇ ਰੂਪ ਵਿਚ ਕਰਕੇ ਅਨੇਕਾਂ ਰੋਗਾਂ ਵਿਚ ਲਾਭ ਹਾਸਿਲ ਕੀਤਾ ਜਾ ਸਕਦਾ ਹੈ। ਦੱਸਿਆ ਗਿਆ ਹੈ ਕਿ ਗਿਲੋਅ ਦੀ ਵਰਤੋਂ ਲਿਵਰ ਨੂੰ ਸੁਰੱਖਿਆ ਪ੍ਰਦਾਨ ਕਰਨ ਵਾਲੇ ਖਾਣ ਵਾਲੇ ਪਦਾਰਥਾਂ ਦੇ ਰੂਪ ਵਿਚ ਕੀਤੀ ਜਾਂਦੀ ਹੈ।

ਇਸ ਮੌਕੇ ਅਚਾਰਿਆ ਬਾਲ ਕ੍ਰਿਸ਼ਨ ਨੇ ਦੱਸਿਆ ਕਿ ਗਿਲੋਅ ਨੂੰ ਰਵਾਇਤੀ ਰੂਪ ਵਿਚ ਖ਼ੂਨ ਸਾਫ਼ ਕਰਨ ਤੇ ਰੋਗ-ਪ੍ਰਤੀਰੋਧੀ ਤਾਕਤ ਦੇ ਵਾਧੇ ਲਈ ਪ੍ਰਾਚੀਨ ਕਾਲ ਤੋਂ ਹੀ ਗਿਲੋਅ ਦੀ ਵਰਤੋਂ ਕੀਤੀ ਜਾਂਦੀ ਸੀ। ਗਿਲੋਅ ਇਕ ਹੈਪੇਟੋਪ੍ਰੋਟੈਕਟਿਵ ਏਜੰਟ ਹੈ। ਖੋਜ ਨਾਲ ਇਸ ਦੀ ਤਾਕਤ ਦਾ ਮੁਲਾਂਕਣ ਕਰਨ ਲਈ ਸੀਸੀ14 ਮਾਡਲ ਦੀ ਸਭ ਤੋਂ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਹੈਪੇਟੋਪ੍ਰੋਟੈਕਟਿਵ ਪ੍ਰਭਾਵਾਂ ਦਾ ਸਿਹਰਾ, ਐਲਕਲਾਈਡਸ (ਬਾਰਬੇਰਿਨ, ਪਾਮੇਟਾਈਨ ਅਤੇ ਜੈਟ ?ਰਿਜਿਨ) ਅਤੇ ਸਿਨਾਪਿਕ ਐਸਿਡ ਨੂੰ ਦਿੱਤਾ ਜਾ ਸਕਦਾ ਹੈ। ਬਰਬੇਰਿਨ "©F-× ਵਲੋਂ ਟ੍ਰਿਗਰ ਕੀਤੇ ਗਏ, ਪ੍ਰਿਨਫਲੈਮੇਟ੍ਰੀ ਕੈਸਕੇਡ ਨੂੰ ਰੋਕ ਕੇ ਸੋਜ ਨੂੰ ਘੱਟ ਕਰਦਾ ਹੈ ਅਤੇ }©®S ਨੂੰ ਰੋਕ ਕੇ ਨਾਈਟ੍ਰੋਸੈਟਿਵ ਤਣਾਅ ਨੂੰ ਘੱਟ ਕਰਦਾ ਹੈ। ਗਿਲੋਅ ਕੈਂਸਰ ਰੋਕੂ, ਸੋਜ ਰੋਕੂ, ਰੋਗਾਣੂ ਰੋਕੂ, ਐਂਟੀਆਕਸੀਡੈਂਟ ਅਤੇ ਹੋਰ ਸਰਗਰਮੀਆਂ ਵਿਚ ਵੀ ਸਹਾਈ ਹੁੰਦੀ ਹੈ। ਗਿਲੋਅ ਨੂੰ ਰਾਸਾਇਣਕ-ਵਿਚੋਲੇ ਵਿਚੋਲੇ ਹੈਪੇਟੋਟਾਕਸਸਿਟੀ ਦੇ ਇਲਾਜ ਲਈ ਵਰਤੋਂ ਕੀਤੇ ਜਾਣ ਵਾਲੇ ਕਈ ਪਾਲੀਹਰਬਲ ਫਾਰਮੂਲਿਆਂ ਵਿਚ ਇਕ ਸਰਗਰਮ ਦਵਾਈ ਵਾਲਾ ਅੰਸ਼ ਵੀ ਹੈ। ਬਾਲ ਕ੍ਰਿਸ਼ਨ ਅਚਾਰਿਆ ਹੁਰਾਂ ਨੇ ਕਿਹਾ ਕਿ ਪਤੰਜਲੀ ਨੇ ਹਮੇਸ਼ਾ ਆਯੁਰਵੈਦ ਨੂੰ ਫ਼ਖ਼ਰ ਪ੍ਰਦਾਨ ਕੀਤਾ ਹੈ। ਕੋਰੋਨਾ ਕਾਲ ਵਿਚ ਗਿਲੋਅ ਨੂੰ ਲੈ ਕੇ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਗਿਲੋਅ ਦੀ ਜ਼ਿਆਦਾ ਵਰਤੋਂ ਤੋਂ ਲਿਵਰ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਪਰ ਪਤੰਜਲੀ ਖੋਜ ਸੰਸਥਾਨ ਦੇ ਵਿਗਿਆਨੀਆਂ ਨੇ ਗਿਲੋਅ 'ਤੇ ਖੋਜ ਕਰ ਕੇ ਉਸ ਨੂੰ ਸਬੂਤਾਂ ਦੇ ਨਾਲ ਪੇਸ਼ ਕੀਤਾ ਹੈ। ਅਚਾਰਿਆ ਨੇ ਇਹ ਵੀ ਕਿਹਾ ਕਿ ਇਹ ਵੀ ਪ੍ਰਸੰਗਿਕ ਹੈ ਕਿ ਕੋਰੋਨਾ ਵਿਰੁੱਧ ਮੁੱਖ ਦਵਾਈ ਕੋਰੋਨਿਲ ਦਾ ਇਕ ਪ੍ਰਮੁੱਖ ਘਟਕ ਗਿਲੋਅ ਹੈ। ਪਤੰਜਲੀ ਦੀਆਂ ਕੋਸ਼ਿਸ਼ਾਂ ਤੋਂ ਅੱਜ ਦੁਨੀਆ ਭਰ ਦੇ ਵਿਗਿਆਨੀ ਆਯੁਰਵੈਦ ਦਾ ਲੋਹਾ ਮੰਨ ਰਹੇ ਹਨ।







# ਖਾਣ ਵਾਲੀਆਂ ਚੀਜ਼ਾਂ ਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਖੀਏ



ਸਰਦੀ ਦੇ ਮੌਸਮ ਵਿਚ ਸਬਜ਼ੀਆਂ ਬਾਜ਼ਾਰ ਵਿਚ ਜ਼ਿਆਦਾ ਮਿਲਦੀਆਂ ਹਨ। ਜ਼ਿਆਦਾ ਸਬਜ਼ੀਆਂ ਹੋਣ ਕਾਰਨ ਸਸਤੀਆਂ ਵੀ ਮਿਲਦੀਆਂ ਹਨ। ਜੇਕਰ ਤੁਸੀਂ ਗਰਮੀ ਦੇ ਮੌਸਮ ਵਿਚ ਤਰ੍ਹਾਂ-ਤਰ੍ਹਾਂ ਦੀਆਂ ਸਬਜ਼ੀਆਂ ਬਣਾ ਕੇ ਖਾਣਾ ਚਾਹੋ ਜਾਂ ਮਹਿਮਾਨ ਦੇ ਅਚਾਨਕ ਆਉਣ 'ਤੇ ਬਾਜ਼ਾਰ ਦੀ ਭੱਜ-ਦੌੜ ਤੋਂ ਬਚਣਾ ਚਾਹੁੰਦੇ ਹੋ ਤਾਂ ਤੁਸੀਂ ਹੇਠ ਲਿਖੇ ਉਪਾਅ ਕਰਕੇ ਕਈ ਤਰ੍ਹਾਂ ਦੀਆਂ ਸਬਜ਼ੀਆਂ ਘੱਟ ਪੈਸਿਆਂ ਵਿਚ ਖ਼ਰੀਦ ਕੇ ਪੂਰੇ ਸਾਲ ਲਈ ਸੁਰੱਖਿਅਤ ਰੱਖ ਸਕਦੇ ਹੋ।

ਸੁਰੱਖਿਅਤ ਰੱਖ ਕੇ ਖਾਣ ਵਾਲੀਆਂ ਚੀਜ਼ਾਂ ਹਨ ਬਾਥੂ, ਮੇਥੀ, ਪਾਲਕ, ਮੂਲੀ, ਟਮਾਟਰ, ਗਾਜਰ ਅਤੇ ਗੋਭੀ ਆਦਿ।

ਬਾਥੂ, ਮੇਥੀ, ਪਾਲਕ ਆਦਿ ਵਿਚੋਂ ਕਿਸੇ ਵੀ ਇਕ ਸਬਜ਼ੀ ਨੂੰ ਲਓ ਅਤੇ ਡੰਡੀ ਹਟਾ ਦਿਓ। ਘਾਹ-ਫੂਸ ਆਦਿ ਕੱਢ ਕੇ ਸਾਫ਼ ਕਰ ਲਓ। ਠੰਢਕ ਵਿਚ ਸੁਕਾ ਦਿਓ। ਇਹ 5-6 ਦਿਨ ਵਿਚ ਸੁੱਕ ਜਾਣਗੀਆਂ। ਫਿਰ ਇਸ ਨੂੰ ਬੰਦ ਡੱਬੇ ਵਿਚ ਭਰ ਕੇ ਰੱਖੋ। ਜਦੋਂ ਵੀ ਜ਼ਰੂਰਤ ਹੋਵੇ ਤਾਂ 5-6 ਘੰਟੇ ਪਹਿਲਾਂ ਭਿਉਂ ਦਿਓ, ਇਸ ਤਰ੍ਹਾਂ ਇਕ ਸਵਾਦੀ ਸਬਜ਼ੀ ਤੁਸੀਂ ਬਣਾ ਸਕੋਗੇ। ਪਾਲਕ, ਮੇਥੀ ਤੇ ਬਾਥੂ, ਇਨ੍ਹਾਂ ਤਿੰਨਾਂ ਨੂੰ ਸੁਕਾਉਣ ਦੀ ਵਿਧੀ ਇਕੋ ਜਿਹੀ ਹੈ। ਤਿੰਨਾਂ ਨੂੰ ਵੱਖ-ਵੱਖ ਸੁਕਾਓ।

ਗੋਭੀ ਦੇ ਡੰਡਲ ਕੱਢ ਦਿਓ। ਉਸ ਦੇ ਫੁੱਲਾਂ ਦੀ ਮਾਲਾ ਬਣਾ ਕੇ ਧੁੱਪ ਵਿਚ ਟੰਗ ਦਿਓ। ਜਦੋਂ ਸੁੱਕ ਜਾਣ ਤਾਂ ਹਵਾਬੰਦ ਡੱਬੇ ਵਿਚ ਭਰ ਕੇ ਰੱਖੋ। ਵਰਤੋਂ ਤੋਂ ਕੁਝ ਘੰਟੇ ਪਹਿਲਾਂ ਭਿਉਂ ਦਿਓ।

ਗਾਜਰ ਜਾਂ ਮੂਲੀ ਛਿੱਲ ਕੇ ਲੰਮੀ-ਲੰਮੀ ਕੱਟ ਲਓ। ਇਨ੍ਹਾਂ ਦੀ ਮਾਲਾ ਤਿਆਰ ਕਰ ਲਓ। ਧੁੱਪ ਵਿਚ ਸੁਕਾਓ। ਵਰਤੋਂ ਕਰਨ ਤੋਂ ਪਹਿਲਾਂ 5-6 ਘੰਟੇ ਪਹਿਲਾਂ ਭਿਉਂ ਦਿਓ।

ਗਾਜਰ, ਮੂਲੀ ਤੇ ਗੋਭੀ ਨੂੰ ਅਚਾਰ ਦੇ ਰੂਪ ਵਿਚ ਵੀ ਸੁਰੱਖਿਅਤ ਕਰ ਸਕਦੇ ਹੋ।

ਪੱਕੇ ਟਮਾਟਰ ਲਓ। ਸਾਫ਼ ਪਾਣੀ ਨਾਲ ਧੋ ਕੇ ਕੱਟ ਲਓ। ਸਾਫ਼ ਭਾਂਡੇ ਵਿਚ ਕੱਟੇ ਟਮਾਟਰ ਪਾ ਕੇ ਉਬਾਲਣ ਲਈ ਰੱਖ ਦਿਓ। ਉਬਾਲਣ ਤੋਂ ਬਾਅਦ ਛਾਣਨੀ ਨਾਲ ਛਾਣ ਕੇ ਕੱਚ ਦੀ ਸ਼ੀਸ਼ੀ ਵਿਚ ਭਰ ਕੇ ਰੱਖੋ। ਜ਼ਰੂਰਤ ਪੈਣ 'ਤੇ ਸਬਜ਼ੀ ਤੇ ਚਟਣੀ ਬਣਾ ਕੇ ਖਾਓ। ਟਮਾਟਰ ਨੂੰ ਤਾਂ ਵੱਖ-ਵੱਖ ਰੂਪਾਂ ਜਿਵੇਂ ਚਟਨੀ, ਕੈਚਅਪ, ਸੌਸ, ਜੈਮ, ਜੈਲੀ ਆਦਿ ਬਣਾ ਕੇ ਵੀ ਸੁਰੱਖਿਅਤ ਕੀਤਾ ਜਾ ਸਕਦਾ ਹੈ। ਹਰੇ ਮਟਰ ਛਿੱਲ ਕੇ ਉਬਲਦੇ ਪਾਣੀ ਵਿਚ ਪਾ ਦਿਓ। ਦੋ ਮਿੰਟ ਬਾਅਦ ਕੱਢ ਕੇ ਛਾਨਣੀ ਨਾਲ ਛਾਣ ਲਓ। ਕਿਸੇ ਕੱਚ ਦੇ ਭਾਂਡੇ ਵਿਚ ਭਰ ਕੇ ਫਰਿੱਜ ਵਿਚ ਰੱਖ ਦਿਓ। ਜ਼ਰੂਰਤ ਪੈਣ 'ਤੇ ਵਰਤੋਂ। ਵੱਖ-ਵੱਖ ਪਦਾਰਥਾਂ ਨੂੰ ਸੁਰੱਖਿਅਤ ਕਰਨ ਨਾਲ ਅਸੀਂ ਮਹਿੰਗਾਈ ਸਮੇਂ ਵੀ ਵੱਖ-ਵੱਖ ਸਵਾਦ ਵਾਲੀਆਂ ਸਬਜ਼ੀਆਂ ਘੱਟ ਕੀਮਤ ਵਿਚ ਤਿਆਰ ਕਰ ਸਕਦੇ ਹਾਂ ਅਤੇ ਮਹਿਮਾਨਾਂ ਨੂੰ ਵੀ ਖੁਆ ਸਕਦੇ ਹਾਂ।

-ਨੀਲਮ ਗੁਪਤਾ

# ਚਮੜੀ ਦੀ ਚਮਕ ਲਈ ਟੋਨਰ ਦੀ ਵਰਤੋਂ

**ਸਹਿਨਾਜ਼ ਹੁਸੈਨ**



ਟੋਨਰ ਨੂੰ ਅਸੀਂ ਆਪਣੇ ਸੁੰਦਰਤਾ ਵਾਲੀਆਂ ਚੀਜ਼ਾਂ ਵਿਚ ਘੱਟ ਅਹਿਮੀਅਤ ਦਿੰਦੇ ਹਾਂ ਕਿਉਂਕਿ ਹਾਲੇ ਵੀ ਜ਼ਿਆਦਾਤਰ ਔਰਤਾਂ ਇਸ ਦੇ ਮਹੱਤਵ ਅਤੇ ਵਰਤੋਂ ਨੂੰ ਲੈ ਕੇ ਜਾਗਰੂਕ ਨਹੀਂ ਹਨ ਜਦ ਕਿ ਟੋਨਰ ਦਿਨ ਅਤੇ ਰਾਤ ਸਮੇਂ ਚਮੜੀ ਦੀ ਦੇਖਭਾਲ ਵਿਚ ਸਭ ਤੋਂ ਜ਼ਿਆਦਾ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਟੋਨਰ ਚਮੜੀ ਦੀ ਸਫ਼ਾਈ, ਨਮੀ ਅਤੇ ਪੀ.ਐਚ. ਪੱਧਰ ਦੇ ਕੰਟਰੋਲ ਵਿਚ ਮਦਦਗਾਰ ਸਾਬਤ ਹੁੰਦਾ ਹੈ। ਸਕਿਨ ਟੋਨਰ ਚਮੜੀ ਨੂੰ ਸਾਫ਼ ਕਰਕੇ ਸੁਰਾਖਾਂ ਵਿਚ ਫਸੀ ਗੰਦਗੀ, ਮੈਲ ਅਤੇ ਹੋਰ ਅਸ਼ੁੱਧੀਆਂ ਨੂੰ ਹਟਾ ਦਿੰਦਾ ਹੈ। ਟੋਨਰ ਲਗਾਉਣ ਨਾਲ ਸਕਿਨ ਹਾਈਡ੍ਰੇਟ ਰਹਿੰਦੀ ਹੈ। ਟੋਨਰ ਦੀ ਵਰਤੋਂ ਵਿਚ ਰੁੱਖੀ ਚਮੜੀ ਵਿਚ ਨਮੀ ਆਉਂਦੀ ਹੈ। ਟੋਨਰ ਤੁਹਾਡੀ ਚਮੜੀ ਦੇ ਪੀ.ਐਚ. ਪੱਧਰ ਨੂੰ ਬਰਾਬਰ ਕਰਨ ਵਿਚ ਮਦਦ ਕਰਦਾ ਹੈ।

ਘਰ 'ਚ ਬਣਾਓ ਟੋਨਰ : ਰੋਜ਼ ਵਾਟਰ ਭਾਵ ਗੁਲਾਬ ਜਲ ਅਤੇ 'ਵਿਚ-ਹੇਜਲ' ਨਾਲ ਘਰ ਹੀ ਟੋਨਰ ਬਣਾਉਂਦੇ ਸਮੇਂ ਆਪਣੀ ਚਮੜੀ ਅਨੁਸਾਰ ਇਸ ਦੀ ਸਹੀ ਮਾਤਰਾ ਚੁਣੋ। ਇਥੇ ਅਸੀਂ ਤੇਲ ਵਾਲੀ, ਖ਼ੁਸ਼ਕ ਅਤੇ ਸਾਧਾਰਨ ਚਮੜੀ ਲਈ 'ਰੋਜ਼ ਵਾਟਰ ਅਤੇ 'ਵਿਚ-ਹੇਜਲ' ਦਾ ਸਹੀ ਮਿਸ਼ਰਨ ਦੱਸ ਰਹੇ ਹਾਂ ਤਾਂ ਕਿ ਤੁਸੀਂ ਘਰ 'ਚ ਆਪਣੇ ਲਈ ਵਰਤੋਂਯੋਗ ਟੋਨਰ ਬਣਾ ਸਕੋ।

**ਸਧਾਰਨ ਚਮੜੀ** : ਸਧਾਰਨ ਚਮੜੀ ਲਈ 3/4 ਕੱਪ ਗੁਲਾਬ ਜਲ ਵਿਚ 1/4 ਕਪ 'ਵਿਚ-ਹੇਜਲ' ਮਿਲਾਓ।

**ਤੇਲ ਵਾਲੀ ਚਮੜੀ** : ਤੇਲ ਵਾਲੀ ਚਮੜੀ ਲਈ ਗੁਲਾਬ ਜਲ ਅਤੇ 'ਵਿਚ-ਹੇਜਲ' ਨੂੰ ਬਰਾਬਰ ਮਾਤਰਾ ਵਿਚ ਮਿਲਾਓ।

**ਖ਼ੁਸ਼ਕ ਚਮੜੀ** : ਖ਼ੁਸ਼ਕ ਚਮੜੀ ਲਈ 3/4 ਕੱਪ ਗੁਲਾਬ ਜਲ ਵਿਚ 1/4 ਕੱਪ 'ਵਿਚ-ਹੇਜਲ' ਅਤੇ ਅੱਧਾ ਚਮਚ ਗਲਿਸਰੀਨ ਨੂੰ ਨਾਲ ਮਿਲਾਓ।

ਚਮੜੀ ਨੂੰ ਟੋਨ ਕਰਨ ਲਈ ਤੁਸੀਂ ਆਸਾਨੀ ਨਾਲ ਠੰਢੇ ਗੁਲਾਬ ਜਲ ਦੀ ਵਰਤੋਂ ਕਰ ਸਕਦੇ ਹੋ। ਇਸ ਲਈ ਫਰਿੱਜ ਵਿਚ ਇਕ ਕੌਲੀ ਵਿਚ ਗੁਲਾਬ ਜਲ ਰੱਖੋ ਅਤੇ ਉਸ ਵਿਚ ਰੂੰ ਦੇ ਫੇਹੇ ਭਿਉਂ ਦਿਓ। ਚਮੜੀ ਨੂੰ ਪੂੰਝਣ ਲਈ ਇਨ੍ਹਾਂ ਦੀ ਵਰਤੋਂ ਕਰੋ। ਗੱਲ੍ਹਾਂ 'ਤੇ, ਮੱਥੇ 'ਤੇ, ਠੋਢੀ 'ਤੇ ਲਗਾਉਂਦੇ ਹੋਏ ਪੂਰੇ ਚਿਹਰੇ 'ਤੇ ਲਗਾਓ। ਇਸ ਤਰ੍ਹਾਂ ਕਰਨ ਨਾਲ ਚਮੜੀ ਦੀ ਗਹਿਰਾਈ ਨਾਲ ਸਫ਼ਾਈ ਹੁੰਦੀ ਹੈ ਅਤੇ ਚਮਕ ਵਧਦੀ ਹੈ। ਤੇਲ ਵਾਲੀ ਚਮੜੀ ਤੋਂ ਵਾਧੂ ਤੇਲ ਹਟਾਉਣ ਲਈ ਅਤੇ ਚਮੜੀ ਨੂੰ ਟੋਨ ਕਰਨ ਲਈ ਗੁਲਾਬ ਜਲ ਨੂੰ ਖੀਰੇ ਦੇ ਰਸ ਜਾਂ ਨਿੰਬੂ ਦੇ ਰਸ ਦੇ ਨਾਲ ਸਧਾਰਨ ਮਾਤਰਾ ਵਿਚ ਮਿਲਾ ਕੇ ਚਮੜੀ 'ਤੇ ਲਗਾਓ। ਗੁਲਾਬ ਇਕ ਕੁਦਰਤੀ ਕੂਲਰ ਹੈ। ਇਸ ਨਾਲ ਚਮੜੀ ਤਾਜ਼ਾ, ਮੁਲਾਇਮ ਅਤੇ ਜਵਾਨ ਬਣੀ ਰਹਿੰਦੀ ਹੈ। ਚਮੜੀ ਨੂੰ ਠੰਢਕ ਅਤੇ ਤਾਜ਼ਗੀ ਦੇਣ ਲਈ ਖੀਰੇ ਦੇ ਟੁਕੜਿਆਂ ਨੂੰ ਚਮੜੀ 'ਤੇ ਰਗੜ ਸਕਦੇ ਹੋ।

ਡੇਢ ਕੱਪ ਪਾਣੀ ਵਿਚ ਇਕ ਚਮਚ ਐਪਲ ਵਿਨੇਗਰ ਮਿਲਾਓ। ਇਸ ਨੂੰ ਸੂਤੀ ਪੈਡ ਵਿਚ ਭਿਉਂ ਕੇ ਚਮੜੀ ਨੂੰ ਟੋਨ ਕਰਨ ਲਈ ਵਰਤੋ।

ਪੁਦੀਨੇ ਦੀਆਂ ਪੱਤੀਆਂ ਵੀ ਚਮੜੀ ਨੂੰ ਠੰਢਕ ਅਤੇ ਤਾਜ਼ਗੀ ਪ੍ਰਦਾਨ ਕਰਦੀਆਂ ਹਨ। ਪੁਦੀਨੇ ਦੀਆਂ ਪੱਤੀਆਂ ਨੂੰ ਪੀਹ ਕੇ ਪਾਣੀ ਵਿਚ ਮਿਲਾ ਲਓ। ਇਸ ਨੂੰ ਇਕ ਘੰਟੇ ਤੱਕ ਇਸ ਤਰ੍ਹਾਂ ਹੀ ਰਹਿਣ ਦਿਓ। ਛਾਣ ਕੇ ਰੂੰ ਨਾਲ ਚਿਹਰੇ 'ਤੇ ਲਗਾਓ। ਤੁਹਾਨੂੰ ਠੰਢਕ ਅਤੇ ਤਾਜ਼ਗੀ ਦਾ



ਅਹਿਸਾਸ ਹੋਵੇਗਾ।

ਤੇਲ ਵਾਲੀ ਚਮੜੀ ਲਈ ਅੰਡੇ ਦੀ ਸਫ਼ੇਦੀ ਵਿਚ ਨਿੰਬੂ ਦਾ ਰਸ ਅਤੇ ਸ਼ਹਿਦ ਦੀਆਂ ਕੁਝ ਬੂੰਦਾਂ ਮਿਲਾਓ। ਇਸ ਨੂੰ ਚਿਹਰੇ 'ਤੇ ਲਗਾਓ ਅਤੇ 15 ਮਿੰਟ ਬਾਅਦ ਧੋ ਲਓ। ਚਮੜੀ ਸਾਫ਼ ਅਤੇ ਤਾਜ਼ਾ ਬਣੇਗੀ ਅਤੇ ਰੋਮ ਸੁਰਾਖ ਬੰਦ ਹੋਣਗੇ। ਚਮੜੀ ਨੂੰ ਤਰੋਤਾਜ਼ਾ ਬਣਾਉਣ ਲਈ ਤੁਸੀਂ ਪਾਣੀ ਵਿਚ ਜ਼ਰੂਰਤ ਅਨੁਸਾਰ ਤੇਲ ਦੀਆਂ ਕੁਝ ਬੂੰਦਾਂ ਮਿਲਾ ਸਕਦੇ ਹੋ। ਜ਼ਰੂਰੀ ਤੇਲਾਂ ਦੀ ਵਰਤੋਂ ਕਦੀ ਵੀ ਇਕੱਲੇ ਨਹੀਂ ਕਰਨੀ ਚਾਹੀਦੀ। ਉਦਾਹਰਨ ਲਈ 50 ਮਿਲੀ ਮਿਨਰਲ ਵਾਟਰ ਵਿਚ ਗੁਲਾਬ ਦੇ ਤੇਲ ਦੀਆਂ ਪੰਜ ਬੂੰਦਾਂ ਮਿਲਾਓ। ਇਸ ਨੂੰ ਠੰਢੀ ਥਾਂ ਜਮ੍ਹਾਂ ਕਰ ਕੇ ਰੱਖ ਲਓ।

ਸਭ ਤੋਂ ਪਹਿਲਾਂ ਚਮੜੀ ਨੂੰ ਕਲੀਂਜ਼ਰ ਜਾਂ ਫੇਸ ਵਾਸ਼ ਨਾਲ ਧੋ ਲਓ ਤਾਂ ਕਿ ਚਮੜੀ ਉਤੋਂ ਸਾਰੀ ਗੰਦਗੀ ਨਿਕਲ ਜਾਵੇ। ਇਸ ਤੋਂ ਬਾਅਦ ਚਿਹਰੇ ਨੂੰ ਸਾਫ਼, ਨਰਮ ਤੌਲੀਏ ਨਾਲ ਪੂੰਝ ਲਓ। ਹੁਣ ਰੂੰ ਦੀ ਮਦਦ ਨਾਲ 'ਸਕਿਨ ਟੋਨਰ' ਨੂੰ ਚਿਹਰੇ ਅਤੇ ਗਰਦਨ 'ਤੇ ਚੰਗੀ ਤਰ੍ਹਾਂ ਲਗਾਓ। 'ਸਕਿਨ ਟੋਨਰ' ਜਦੋਂ ਚਿਹਰੇ 'ਤੇ ਚੰਗੀ ਤਰ੍ਹਾਂ ਲੱਗ ਜਾਵੇ ਤਾਂ ਉਸ ਨੂੰ ਪੂਰੀ ਤਰ੍ਹਾਂ ਸੁੱਕਣ ਦਿਓ। ਜਦੋਂ 'ਸਕਿਨ ਟੋਨਰ' ਚਮੜੀ ਵਿਚ ਪੂਰੀ ਤਰ੍ਹਾਂ ਰਚ ਜਾਵੇ ਤਾਂ ਉਸ ਤੋਂ ਬਾਅਦ ਮਾਈਸਚਰਾਈਜ਼ਰ ਲਗਾ ਲਓ। ਹਮੇਸ਼ਾ ਅਲਕੋਹਲ-ਮੁਕਤ ਸਕਿਨ ਟੋਨਰ ਦੀ ਹੀ ਵਰਤੋਂ ਕਰੋ। ਹਮੇਸ਼ਾ ਰੂੰ ਪੈਡ ਦੀ ਸਹਾਇਤਾ ਨਾਲ ਇਸ ਦੀ ਵਰਤੋਂ ਕਰੋ। ਹੱਥ ਨਾਲ ਵੀ ਟੋਨਰ ਦੀ ਵਰਤੋਂ ਕਰ ਸਕਦੇ ਹੋ ਪਰ ਧਿਆਨ ਰਹੇ ਕਿ ਹੱਥ ਸਾਫ਼ ਹੋਣ। ਹਰ ਰੋਜ਼ ਇਕ ਵਾਰ ਟੋਨਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜੇਕਰ ਤੁਹਾਡੀ ਚਮੜੀ ਤੇਲ ਵਾਲੀ ਹੈ ਜਾਂ ਮੇਕਅਪ ਕਰਨਾ ਹੈ ਤਾਂ ਇਸ ਨੂੰ ਦਿਨ ਵਿਚ ਦੋ ਵਾਰ ਲਗਾਇਆ ਜਾ ਸਕਦਾ ਹੈ। ਹਰ ਦਿਨ ਜਾਂ ਦਿਨ ਵਿਚ ਦੋ ਵਾਰ ਤੋਂ ਜ਼ਿਆਦਾ ਟੋਨਰ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਜ਼ਿਆਦਾ ਵਰਤੋਂ ਕਰਨ 'ਤੇ ਇਹ ਚਮੜੀ ਤੋਂ ਕੁਦਰਤੀ ਤੇਲ ਖ਼ਤਮ ਕਰ ਸਕਦਾ ਹੈ।

ਸਕਿਨ ਟੋਨਰ ਦੀ ਵਰਤੋਂ ਅੱਖ ਦੇ ਆਲੇ-ਦੁਆਲੇ ਦੀ ਚਮੜੀ 'ਤੇ ਸਾਵਧਾਨੀ ਨਾਲ ਕਰੋ। ਟੋਨਰ ਦੀ ਵਰਤੋਂ ਤੋਂ ਪਹਿਲਾਂ ਪੈਚ ਟੈਸਟ ਜ਼ਰੂਰ ਕਰੋ।

## Change of Name

I, Rajpal Singh S/o Gurmail Singh R/o Village Tibbi, PO. Yusufpur Darewal, Tehsil Sultanpur Lodhi, Distt. Kapurthala, Punjab-144601, India dedare that Rajpal Singh and Rajpal Singh Sandhu both names are one and the same person. All concerned please note.



# ਮਾਫੀ- ਪਛਤਾਵਾ ਜਾਂ ਢਾਲ

ਰਸ਼ਪਿੰਦਰ ਕੌਰ ਗਿੱਲ

ਜਦੋਂ ਕਈ ਸ਼ਖਸ ਆਪਣੀ ਕੀਤੀ ਗਲਤੀ ਦੀ ਮਾਫੀ ਮੰਗਦਾ ਹੈ ਤਾਂ ਇਹ ਮੰਨ ਕੇ ਉਸ ਨੂੰ ਮਾਫ ਕਰ ਦਿੱਤਾ ਜਾਂਦਾ ਹੈ ਕਿ ਉਸਨੂੰ ਆਪਣੀ ਗਲਤੀ ਦਾ ਪਛਤਾਵਾ ਹੈ। ਪਰ ਕਈ ਸ਼ਖਸ ਮਾਫੀ ਨੂੰ ਆਪਣੀ ਢਾਲ ਬਣਾ ਲੈਂਦੇ ਹਨ। ਉਹ ਮਾਫੀ ਨੁਮਾ ਢਾਲ ਨੂੰ ਬਾਖੂਬੀ ਵਰਤਦੇ ਹਨ। ਉਹ ਬਾਰ-ਬਾਰ ਗਲਤੀ ਕਰਦੇ ਹਨ, ਜਾਣ-ਬੁਝ ਕੇ ਕਰਦੇ ਹਨ, ਸੋਚ-ਸਮਝ ਕੇ ਕਰਦੇ ਹਨ।

ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਹਰ ਗਲਤੀ ਤੋਂ ਬਾਦ ਫੜੇ ਜਾਣ 'ਤੇ ਉਨਾਂ ਮਾਫੀ ਕਿਵੇਂ ਮੰਗਣੀ ਹੈ? ਹੱਥ ਜੋੜ ਕੇ ਮੰਗਣੀ ਹੈ, ਚਹਿਰੇ 'ਤੇ ਉਦਾਸੀ ਲਿਆ ਕੇ ਮੰਗਣੀ ਹੈ, ਅੱਖਾਂ ਝੁਕਾ ਕੇ ਮੰਗਣੀ ਹੈ, ਪੈਰਾਂ ਚ ਡਿੱਗ ਕੇ ਮੰਗਣੀ ਹੈ, ਜ਼ੁਬਾਨ 'ਤੇ ਮਿਠਾਸ ਲਿਆ ਕੇ ਮੰਗਣੀ ਹੈ, ਵਿਚਾਰੇ ਜਿਹੇ ਬਣਕੇ ਮੰਗਣੀ ਹੈ, ਧਰਤੀ 'ਤੇ ਲੇਟ ਕੇ ਮੰਗਣੀ ਹੈ, ਸਰਕਾਰੇ ਦਰਬਾਰੇ ਮੰਗਣੀ ਹੈ, ਹਲੀਮੀ ਨਾਲ ਮੰਗਣੀ ਹੈ, ਉੱਚੀ-ਉੱਚੀ ਰੌਲਾ ਪਾ ਕੇ ਮੰਗਣੀ ਹੈ।

ਪਰ ਮਾਫੀ ਕੋਈ ਢਾਲ ਨਹੀਂ ਇੱਕ ਪਛਤਾਵਾ ਹੈ। ਜੋ ਸਿਰਫ ਮਾਫੀ ਮੰਗਣ ਨਾਲ ਪੂਰਾ ਨਹੀਂ ਹੁੰਦਾ। ਬਲਕਿ ਖੁਦ ਨੂੰ ਸੁਧਾਰ ਕੇ, ਆਪਣੇ ਔਗੁਣਾਂ ਨੂੰ ਕੱਢ ਕੇ, ਜੋ ਨੁਕਸਾਨ ਹੋਇਆ ਉਸਦੀ ਭਰਪਾਈ ਕਰਕੇ ਹੀ ਪਛਤਾਵਾ ਪੂਰਾ ਹੁੰਦਾ ਹੈ।

ਪਰ ਜੋ ਸ਼ਖਸ ਮਾਫੀ ਨੁਮਾ ਢਾਲ ਥੰਮ ਕੇ ਵਿਚਰਦੇ ਹਨ, ਉਹ ਬਹੁਤ ਹੀ ਘਾਤਕ ਸਾਬਿਤ ਹੁੰਦੇ ਹਨ, ਕਿਉਂਕਿ ਉਨਾਂ ਦੀ ਬਿਰਤੀ ਹਰ ਵਕਤ ਨੁਕਸਾਨ ਪਹੁੰਚਾਉਣ ਉੱਪਰ ਹੁੰਦੀ ਹੈ। ਨੁਕਸਾਨ ਚਾਹੇ



ਲਫਜ਼ਾਂ ਨਾਲ ਹੋਵੇ, ਸਿਧਾਂਤਕ ਹੋਵੇ, ਸਮਾਜਿਕ ਹੋਵੇ, ਰਾਜਨੀਤਿਕ ਹੋਵੇ, ਬੌਧਿਕ ਹੋਵੇ, ਧਾਰਮਿਕ ਹੋਵੇ, ਵਿਅਕਤੀਗਤ ਹੋਵੇ ਚਾਹੇ ਆਰਥਿਕ ਹੋਵੇ। ਸਾਨੂੰ ਆਪਣੇ ਚਾਰ ਚੁਫੇਰੇ ਇਸ ਤਰਾਂ ਦੇ ਸ਼ਖਸ ਅੱਜ ਕੱਲ ਆਮ ਮਿਲ ਜਾਂਦੇ ਹਨ। ਘਰ ਵਿੱਚ ਮਿਲ ਜਾਂਦੇ ਹਨ, ਗੁਆਂਢ ਵਿੱਚ ਮਿਲ ਜਾਂਦੇ ਹਨ, ਰਿਸ਼ਤੇਦਾਰਾਂ ਵਿੱਚ ਮਿਲ ਜਾਂਦੇ ਹਨ, ਬਜ਼ਾਰ ਵਿੱਚ ਮਿਲ ਜਾਂਦੇ ਹਨ, ਸੱਜਣਤਾਈ ਵਿੱਚ ਮਿਲ ਜਾਂਦੇ ਹਨ ਜਾਂ ਸਮਾਜ ਵਿੱਚ ਵਿਚਰਦਿਆਂ ਮਿਲ ਜਾਂਦੇ ਹਨ।

ਮੇਰੇ ਵਿਚਾਰ ਹਨ ਕਿ ਮਾਫੀ ਸ਼ਬਦ ਜਿੰਦਗੀ ਵਿੱਚ ਹੋਣਾ ਹੀ ਨਹੀਂ ਚਾਹਿਦਾ। ਮਾਫੀ ਜੇਕਰ ਦਿਮਾਗ ਵਿੱਚ ਨਹੀਂ ਹੋਵੇਗੀ ਤਾਂ ਦਿਮਾਗ ਕੁਝ ਵੀ ਗਲਤ ਕਰਣ ਬਾਰੇ ਨਹੀਂ ਸੋਚੇਗਾ। ਜੇਕਰ ਕਦੇ ਗਲਤੀ ਹੋ ਜਾਵੇ ਤਾਂ ਮਾਫੀ ਮੰਗਣ ਨਾਲੋਂ ਆਪਣੀ ਗਲਤੀ ਮੰਨੋ ਅਤੇ ਆਪਣੀ ਗਲਤੀ ਨੂੰ ਸੁਧਾਰਣ ਦੀ ਕੋਸ਼ਿਸ਼ ਕਰੋ। ਜੋ ਨੁਕਸਾਨ ਤੁਹਾਡੇ ਕਰਕੇ ਹੋਇਆ ਹੈ ਉਸ ਦੀ ਭਰਪਾਈ ਕਰੋ ਅਤੇ ਦੁਬਾਰਾ ਗਲਤੀ ਨਾ ਕਰਣ ਦਾ ਪ੍ਰਣ ਕਰੋ।

ਮਾਫੀ ਸ਼ਬਦ ਆਪਣੀ ਜ਼ਿੰਦਗੀ ਵਿੱਚੋਂ ਕੱਢ ਦੋ। ਨਾ ਮਾਫੀ ਮੰਗੋ ਨਾ ਮਾਫੀ ਦਿਉ। ਕਿਉਂਕੀ ਜੋ ਸ਼ਖਸ ਬਾਰ-ਬਾਰ ਤੁਹਾਡੇ ਕੋਲੋਂ ਮਾਫੀ ਮੰਗਣ ਆ ਰਿਹਾ ਹੈ ਤਾਂ ਸਮਝ ਲਉ ਉਹ ਹੁਣ ਤੁਹਾਡੇ ਲਈ ਘਾਤਕ ਹੈ। ਤੁਹਾਡੀ ਇੱਕ ਚੁੱਪ ਉਸ ਸ਼ਖਸ ਲਈ ਭਾਂਬੜ ਦਾ ਕੰਮ ਕਰੇਗੀ ਅਤੇ ਆਪਣੀ ਈਨ ਮਨਾਉਣ ਲਈ ਤੁਹਾਡੇ ਉੱਪਰ ਘਾਤਕ ਹਮਲੇ ਸ਼ੁਰੂ ਕਰ ਦੇਵੇਗਾ। ਚਾਹੇ ਉਹ ਹਮਲੇ ਵਿਅਕਤੀਗਤ ਹੋਣ ਚਾਹੇ ਸਮਾਜਿਕ ਹੋਣ।

ਅੱਜ ਕੱਲ ਮਾਫੀ ਨੁਮਾ ਢਾਲ ਵਰਤਣ ਵਾਲੇ ਸ਼ਖਸ ਤੁਹਾਨੂੰ ਸਮਾਜਿਕ ਅਤੇ ਰਾਜਨੀਤਿਕ ਪੱਧਰ ਤੇ ਆਮ ਮਿਲ ਜਾਣਗੇ। ਮਾਫੀ ਸ਼ਬਦ ਖਤਰਨਾਕ ਹਥਿਆਰ ਸਾਬਿਤ ਹੋ ਰਿਹਾ ਹੈ। ਨਾ ਮਾਫੀ ਮੰਗੋ ਨਾ ਮਾਫੀ ਦਿਉ।

# ਸੰਦੇਸ਼ਖਲੀ ਦਾ ਮਸਲਾ

ਸੰਦੇਸ਼ਖਲੀ ਦੀਆਂ ਘਟਨਾਵਾਂ ਉਦੋਂ ਸੁਰਖੀਆਂ ਵਿਚ ਆਈਆਂ ਸਨ ਜਦੋਂ ਤ੍ਰਿਣਮੂਲ ਕਾਂਗਰਸ ਦੇ ਬਾਹੂਬਲੀ ਸ਼ੇਖ ਸ਼ਾਹਜਹਾਂ ਦੇ ਹਮਾਇਤੀਆਂ ਨੇ ਲੰਘੀ 5 ਜਨਵਰੀ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਟੀਮ ਉਪਰ ਹਮਲਾ ਕੀਤਾ ਸੀ। ਈਡੀ ਦੀ ਟੀਮ ਨੇ ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ ਵਿਚ ਹੋਏ ਰਾਸ਼ਨ ਘੁਟਾਲੇ ਦੀ ਜਾਂਚ ਲਈ ਛਾਪਾ ਮਾਰਿਆ ਸੀ। ਇਸ ਤੋਂ ਇਕ ਮਹੀਨੇ ਬਾਅਦ ਔਰਤਾਂ ਨੇ ਗਲੀਆਂ ਵਿਚ ਆ ਕੇ ਉਸ ਦੀ ਅਤੇ ਉਸ ਦੇ ਹਮਾਇਤੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਉਸ ਖਿਲਾਫ਼ ਜਿਨਸੀ ਸ਼ੋਸ਼ਣ, ਜ਼ਮੀਨਾਂ ਦੱਬਣ ਅਤੇ ਬੰਦਿਆਂ ਤੋਂ ਵਗਾਰ ਕਰਵਾਉਣ ਜਿਹੇ ਗੰਭੀਰ ਦੋਸ਼ ਵੀ ਲਾਏ ਗਏ ਸਨ। ਤਿੰਨ ਦਿਨ ਹਿੰਸਕ ਰੋਸ ਮੁਜ਼ਾਹਰੇ ਜਾਰੀ ਰਹੇ ਸਨ ਅਤੇ ਇਸ ਦੌਰਾਨ ਸ਼ੇਖ ਸ਼ਾਹਜਹਾਂ ਫ਼ਰਾਰ ਹੋ ਗਿਆ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਲਗਾਤਾਰ ਇਹ ਦੋਸ਼ ਲਾਉਂਦੇ ਰਹੇ ਹਨ ਕਿ ਵਿਰੋਧੀ ਧਿਰ, ਖ਼ਾਸਕਰ ਭਾਰਤੀ ਜਨਤਾ ਪਾਰਟੀ ਇਸ ਮਾਮਲੇ ਜ਼ਰੀਏ ਸੂਬੇ ਅੰਦਰ ਗੜਬੜ ਫੈਲਾਉਣਾ ਚਾਹੁੰਦੀ ਹੈ। ਉਨ੍ਹਾਂ ਇਹ ਵੀ ਆਖਿਆ ਸੀ ਕਿ ਵਿਰੋਧੀ ਆਗੂ ਰਾਈ ਦਾ ਪਹਾੜ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਔਰਤਾਂ ਦੇ ਹੱਕਾਂ ਦੀ ਅਲੰਬਰਦਾਰ ਕਹਾਉਣ ਵਾਲੀ ਮਮਤਾ ਬੈਨਰਜੀ ਤੋਂ ਇਸ ਮਾਮਲੇ ਵਿਚ ਪ੍ਰਪੱਖਤਾ ਅਤੇ ਜ਼ਿੰਮੇਵਰਾਨਾ ਪਹੁੰਚ ਅਪਣਾਉਣ ਦੀ ਤਵੱਕੋ ਕੀਤੀ ਜਾਂਦੀ ਹੈ।



ਸਰਕਾਰ ਦਾਅਵਾ ਕਰਦੀ ਹੈ ਕਿ ਉਸ ਵਲੋਂ ਸੁਰੱਖਿਆ ਮੁਹੱਈਆ ਕਰਵਾਏ ਜਾਣ ਦੇ ਬਾਵਜੂਦ ਜਦੋਂ ਮਹਿਲਾ ਪੁਲੀਸ ਦੀ ਟੀਮ ਸੰਦੇਸ਼ਖਲੀ ਦੇ ਹਿੰਸਾਗ੍ਰਸਤ ਇਲਾਕੇ ਵਿਚ ਗਈ ਸੀ ਤਾਂ ਕਿਸੇ ਵੀ ਔਰਤ ਨੇ ਜਿਨਸੀ ਸ਼ੋਸ਼ਣ ਦੀ ਕੋਈ ਗੱਲ ਨਹੀਂ ਕੀਤੀ ਸੀ। ਇਹ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਸਨ ਕਿ ਪਿੰਡ ਵਾਸੀਆਂ ਨੂੰ ਤ੍ਰਿਣਮੂਲ ਕਾਂਗਰਸ ਦੀਆਂ ਮੀਟਿੰਗਾਂ ਵਿਚ ਸ਼ਿਰਕਤ ਕਰਨ ਲਈ ਮਜਬੂਰ ਕੀਤਾ ਗਿਆ ਸੀ। ਹੁਣ ਦੋ ਔਰਤਾਂ ਵਲੋਂ ਜੁਡੀਸ਼ਲ ਮੈਜਿਸਟਰੇਟ ਕੋਲ ਬਿਆਨ ਦਰਜ ਕਰਵਾਉਣ ਤੋਂ ਬਾਅਦ ਦੋ ਆਗੂਆਂ ਖਿਲਾਫ਼ ਗੈਂਗਰੇਪ ਦੀਆਂ ਧਾਰਾਵਾਂ ਜੋੜੀਆਂ ਗਈਆਂ ਹਨ। ਇਸ ਮਾਮਲੇ ਦੀ ਪੂਰੀ ਜਾਂਚ ਹੋਣ ਨਾਲ ਹੀ ਪੀੜਤਾਂ ਨੂੰ ਨਿਆਂ ਮਿਲ ਸਕੇਗਾ। ਕੌਮੀ ਮਹਿਲਾ ਕਮਿਸ਼ਨ ਨੇ ਵੀ ਇਹ ਗੱਲ ਉਭਾਰੀ ਹੈ ਕਿ ਇਲਾਕੇ ਵਿਚ ਡਰ ਦਾ ਮਾਹੌਲ ਹੈ ਅਤੇ ਬੱਝਵੇਂ ਰੂਪ ਵਿਚ ਵਧੀਕੀਆਂ ਕੀਤੀਆਂ ਜਾਂਦੀਆਂ ਹਨ। ਇਸ ਨੂੰ ਵੀ ਜਿਵੇਂ ਭਗਵੇਂ ਏਜੰਡੇ ਦਾ ਪਸਾਰ ਕਰਾਰ ਦੇ ਕੇ ਰੱਦ ਕਰ ਦਿੱਤਾ ਗਿਆ ਹੈ, ਉਸ ਤੋਂ ਇਹ ਭਰੋਸਾ ਪੈਦਾ ਨਹੀਂ ਹੋ ਰਿਹਾ ਕਿ ਸੂਬਾ ਸਰਕਾਰ ਇਸ ਮਾਮਲੇ ਦੀ ਨਿੱਠ ਕੇ ਜਾਂਚ ਕਰਵਾਏਗੀ। ਇਸ ਤੋਂ ਇਲਾਵਾ ਮੁੱਖ ਮੰਤਰੀ ਨੂੰ ਮਹਿਲਾ ਕੈਦੀਆਂ ਦੀ ਦਸ਼ਾ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਜੇਲ੍ਹਾਂ ਵਿਚ ਕੈਦੀਆਂ ਦੀ ਭਰਮਾਰ ਤੋਂ ਇਲਾਵਾ ਅਦਾਲਤੀ ਮਿੱਤਰ ਨੇ ਕਾਫ਼ੀ ਸੰਖਿਆ ਵਿਚ ਮਹਿਲਾ ਕੈਦੀਆਂ ਦੇ ਗਰਭ ਧਾਰਨ ਵੱਲ ਧਿਆਨ ਦਿਵਾਇਆ ਹੈ। ਔਰਤਾਂ ਦੀਆਂ ਬੈਰਕਾਂ ਵਿਚ ਪੁਰਸ਼ ਸਟਾਫ ਦੇ ਦਾਖ਼ਲੇ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਸਾਰੇ ਮਾਮਲਿਆਂ ਵੱਲ ਤਰਜੀਹੀ ਆਧਾਰ 'ਤੇ ਤੁਰੰਤ ਧਿਆਨ ਦੇਣਾ ਬਣਦਾ ਹੈ ਅਤੇ ਬਿਨਾਂ ਕਿਸੇ ਕਿਸਮ ਦੀ ਸਿਆਸਤ ਤੋਂ ਜਾਂਚ-ਪੜਤਾਲ ਦਾ ਕਾਰਜ ਸਿਰੇ ਚੜ੍ਹਨਾ ਚਾਹੀਦਾ ਹੈ। ਮੁਕੰਮਲ ਜਾਂਚ ਦੇ ਆਧਾਰ 'ਤੇ ਹੀ ਪੀੜਤਾਂ ਨੂੰ ਇਨਸਾਫ਼ ਮਿਲ ਸਕੇਗਾ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾ ਸਕੇਗੀ। ਅਵਾਮ ਅੰਦਰ ਭਰੋਸੇ ਦੀ ਬਹਾਲੀ ਲਈ ਇਹ ਬੇਹੱਦ ਜ਼ਰੂਰੀ ਹੈ।


## Metrimonial

Suitable match for Parminder Singh Josan Sikh boy, trucking business in Kansas USA, age 29 years, Height 5'-7". Contact 913-256-9498



CAPITAL SERVICES
INSURANCE · VEHICLE REG. · IMMIGRATION · NOTARY PUBLIC · LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

Uscipp Insurance Services
1050 N Carpenter RD STE C, Modesto, CA 95351



TRUCK INSURANCE
TRUCK TAX IFTA



Amarjit S Bir
amarjit@uscipp.org
Lic#0I15593CA
Ph: (925)318-1247

# ਕਿਤਾਬਾਂ ਬਨਾਮ ਸਕ੍ਰੀਨ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਪਿਛਲੇ ਕੁਝ ਸਾਲਾਂ ਤੋਂ ਇਸ ਗੱਲ ਨੂੰ ਲੈ ਕੇ ਕਾਫੀ ਰੌਲਾ-ਰੱਪਾ ਪੈ ਗਿਆ ਹੈ ਕਿ ਅੱਜਕੱਲ੍ਹ ਦੇ ਨੌਜਵਾਨ ਕਿੰਨੇ ਕੁ ਪੜ੍ਹ ਰਹੇ ਹਨ। ਮਾਪੇ ਲਗਾਤਾਰ ਪੁੱਛਦੇ ਹਨ ਕਿ ਉਹਨਾਂ ਦੇ ਬੱਚਿਆਂ ਨੂੰ ਅਜਿਹੇ ਸਮੇਂ ਵਿੱਚ ਕਿਤਾਬਾਂ ਕਿਵੇਂ ਪੜ੍ਹਨੀਆਂ ਚਾਹੀਦੀਆਂ ਹਨ ਜਦੋਂ ਤਕਨਾਲੋਜੀ ਆਕਰਸ਼ਕ ਸਾਧਨਾਂ ਦਾ ਇੱਕ ਸਮੂਹ ਪੇਸ਼ ਕਰਦੀ ਹੈ। ਪੜ੍ਹਨ ਅਤੇ ਦੇਖਣ ਦੇ ਵਿਚਕਾਰ ਇਸ ਝਗੜੇ ਬਾਰੇ ਸੋਚਦੇ ਹੋਏ, ਮੈਂ ਗਰੂਚੋ ਮਾਰਕਸ, ਅਮਰੀਕੀ ਕਾਮੇਡੀਅਨ, ਲੇਖਕ, ਫਿਲਮ, ਰੇਡੀਓ ਅਤੇ ਟੈਲੀਵਿਜ਼ਨ ਸਟਾਰ ਦੇ ਸ਼ਬਦਾਂ ਨੂੰ ਦੁਬਾਰਾ ਜੋੜਿਆ: 'ਮੈਨੂੰ ਟੈਲੀਵਿਜ਼ਨ ਬਹੁਤ ਸਿੱਖਿਆਦਾਇਕ ਲੱਗਦਾ ਹੈ। ਹਰ ਵਾਰ ਜਦੋਂ ਕੋਈ ਸੈੱਟ 'ਤੇ ਆਉਂਦਾ ਹੈ, ਮੈਂ ਅੰਦਰ ਚਲਾ ਜਾਂਦਾ ਹਾਂ। ਦੂਜੇ ਕਮਰੇ ਵਿੱਚ ਜਾਓ ਅਤੇ ਇੱਕ ਕਿਤਾਬ ਪੜ੍ਹੋ।' ਅੱਜ ਦੇ ਨੌਜਵਾਨਾਂ ਲਈ, ਪੜ੍ਹਨ ਨੂੰ ਦੇਖਣ ਨਾਲ ਜੋੜਿਆ ਜਾ ਸਕਦਾ ਹੈ ਅਤੇ ਇਸ ਦੇ ਉਲਟ, ਕਿਉਂਕਿ ਮੋਬਾਈਲ ਫੋਨ ਸਰਵ ਵਿਆਪਕ ਹੋ ਗਏ ਹਨ। ਇਸ ਲਈ ਸਮੱਸਿਆ ਕਿੱਥੇ ਹੈ? ਕੀ ਇਹ ਪੜ੍ਹਨ ਦਾ ਤਰੀਕਾ ਅਤੇ ਉਦੇਸ਼ ਹੈ? ਕੀ ਇਹ ਉਸ ਕਿਸਮ ਦੇ ਇਮਰਸਿਵ ਰੀਡਿੰਗ ਦੇ ਅਨੁਕੂਲ ਹੈ ਜੋ ਪਿਛਲੀਆਂ ਪੀੜ੍ਹੀਆਂ ਜਾਣਦੀਆਂ ਹਨ? ਆਉ ਅਸੀਂ ਆਮ, ਪਰੰਪਰਾਗਤ ਤਰੀਕੇ ਨਾਲ ਪੜ੍ਹਨ ਦਾ ਸਮਰਥਨ ਕਰਨ ਲਈ ਕੁਝ ਪ੍ਰਮਾਣਿਕ ਦਲੀਲਾਂ 'ਤੇ ਵਿਚਾਰ ਕਰੀਏ। ਪੜ੍ਹਨਾ ਭਾਸ਼ਾ ਦੀ ਪ੍ਰਾਪਤੀ, ਸ਼ਬਦਾਵਲੀ, ਅਤੇ ਸਮਝ ਸਮੇਤ ਬੋਧਾਤਮਕ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ। ਇਹ ਕਲਪਨਾ ਨੂੰ ਉਤੇਜਿਤ ਕਰਦਾ ਹੈ ਅਤੇ ਆਲੋਚਨਾਤਮਕ ਸੋਚ ਵਿੱਚ ਮਦਦ ਕਰਦਾ ਹੈ। ਇਹ ਕੁਦਰਤੀ ਤੌਰ 'ਤੇ ਦਰਮਿਆਨੇ ਸੰਚਾਰੀ ਹੁਨਰ ਲਈ ਸਮਾਪਤ ਹੁੰਦਾ ਹੈ ਅਤੇ ਲਿਖਣ ਦੀ ਕਲਾ ਨੂੰ ਵੀ ਵਧਾਇਆ ਜਾਂਦਾ ਹੈ। ਜਦੋਂ ਅਸੀਂ ਪੜ੍ਹਦੇ ਹਾਂ, ਅਸੀਂ ਸੋਚਦੇ ਹਾਂ, ਫੈਸਲਾ ਕਰਦੇ ਹਾਂ, ਡੀਕੋਡ ਕਰਦੇ ਹਾਂ, ਜਾਣਬੁੱਝ ਕੇ ਅਤੇ ਫਿਰ ਆਪਣੀਆਂ ਸੱਚਾਈਆਂ ਅਤੇ ਵਿਸ਼ਵਾਸਾਂ ਨੂੰ ਬਿਆਨ ਕਰਦੇ ਹਾਂ। ਪਾਠਕ ਹੋਣ ਦੇ ਨਾਤੇ, ਮਨੁੱਖ ਨੂੰ ਮਾਨਸਿਕ ਚਿੱਤਰ ਬਣਾਉਣੇ ਪੈਂਦੇ ਹਨ। ਮਨੋਰੰਜਨ ਦੀ ਗਤੀਵਿਧੀ ਹੋਣ ਤੋਂ ਇਲਾਵਾ, ਪੜ੍ਹਨਾ ਪਰਿਵਾਰਕ ਬੰਧਨ ਨੂੰ ਵੀ ਮਜ਼ਬੂਤ ਕਰ ਸਕਦਾ ਹੈ ਜਦੋਂ ਕਹਾਣੀਆਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ, ਚਰਚਾ ਕੀਤੀ ਜਾਂਦੀ ਹੈ ਅਤੇ ਉਹਨਾਂ 'ਤੇ ਪ੍ਰਤੀਬਿੰਬਤ ਕੀਤਾ ਜਾਂਦਾ ਹੈ। ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਪੜ੍ਹਨ ਨੂੰ ਬੱਚਿਆਂ ਦੇ ਗਲੇ ਵਿੱਚ ਧੱਕਿਆ ਨਹੀਂ ਜਾਣਾ ਚਾਹੀਦਾ। ਇਸ ਨਾਲ ਡੂੰਘੀ ਜੜ੍ਹਾਂ ਵਾਲੇ ਨਫ਼ਰਤ ਪੈਦਾ ਹੋ ਸਕਦੀ ਹੈ। ਪੜ੍ਹਨਾ ਦਿਲਚਸਪ ਅਤੇ ਮਜ਼ੇਦਾਰ ਹੋਣਾ ਚਾਹੀਦਾ ਹੈ। ਜਦੋਂ ਦੇਖਣ ਦੀ ਗੱਲ ਆਉਂਦੀ ਹੈ, ਤਾਂ ਬੱਚੇ ਸੰਕਲਪਾਂ ਨੂੰ ਆਸਾਨੀ ਨਾਲ ਸਿੱਖ ਲੈਂਦੇ ਹਨ ਜਦੋਂ ਵਿਜ਼ੂਅਲ ਲਰਨਿੰਗ ਹੁੰਦੀ ਹੈ। ਬਹੁ-ਸੰਵੇਦਨਸ਼ੀਲ ਅਨੁਭਵਾਂ ਦੀ ਗੁੰਜਾਇਸ਼ ਵੀ ਆਕਰਸ਼ਕ ਹੈ। ਡਿਜੀਟਲ ਪਲੇਟਫਾਰਮ ਸਮੱਗਰੀ ਦਾ ਇੱਕ ਸਰੋਤ ਹੋਣ ਦੇ ਨਾਲ, ਉਪਲਬਧ ਸਰੋਤਾਂ ਦੀ ਲੜੀ ਇੱਕ ਘਰ ਦੀ ਚਾਰ ਦੀਵਾਰੀ ਦੇ ਅੰਦਰ ਹੋਣ ਦੇ ਬਾਵਜੂਦ ਵੀ ਦ੍ਰਿਸ਼ਟੀਕੋਣਾਂ ਅਤੇ ਵਿਚਾਰਾਂ ਦੀ ਵਿਭਿੰਨਤਾ ਦੀ ਪੇਸ਼ਕਸ਼ ਕਰਦੀ ਹੈ। ਤਜਰਬੇ ਸਾਂਝੇ ਕੀਤੇ ਹਾਲਾਂਕਿ ਕੋਈ ਵੀ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਹੈ ਕਿ ਤਕਨਾਲੋਜੀ ਇੱਥੇ ਰਹਿਣ ਲਈ ਹੈ, ਕੀ ਪੜ੍ਹਨ ਅਤੇ ਦੇਖਣ ਦੇ ਵਿਚਕਾਰ ਸੰਤੁਲਨ ਬਣਾਉਣਾ ਸੰਭਵ ਹੈ? ਉਦਾਹਰਨ ਲਈ, ਉਦੋਂ ਕੀ ਜੇ ਬਾਲਗ ਵਧੇਰੇ ਸਰਗਰਮ ਹੋਣ ਅਤੇ ਪੁਰਾਣੇ ਅਤੇ ਨਵੇਂ ਨੂੰ ਸਾਂਝਾ ਕਰਨ ਲਈ ਸਾਡੀ ਜ਼ਿੰਦਗੀ ਨੂੰ ਡਿਜ਼ਾਈਨ ਕਰਨ? ਉਦਾਹਰਨ ਲਈ, ਸਵੇਰ ਦਾ ਅਖਬਾਰ ਚੁੱਕੋ ਅਤੇ ਬੱਚਿਆਂ ਨੂੰ ਦਿਖਾਓ ਕਿ ਇਹ ਕਿਵੇਂ ਦਿਖਾਈ ਦਿੰਦਾ ਹੈ, ਮਹਿਸੂਸ ਕਰਦਾ ਹੈ ਅਤੇ ਪੜ੍ਹਦਾ ਹੈ। ਬੱਚੇ ਨਕਲ ਕਰਕੇ ਸਭ ਤੋਂ ਵਧੀਆ ਸਿੱਖਦੇ ਹਨ, ਇਸ ਲਈ ਸਾਨੂੰ ਉਸ ਦਾ ਅਭਿਆਸ ਕਰਨ ਦੀ ਲੋੜ ਹੈ ਜੋ ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਜਜ਼ਬ ਕਰਨ। ਕਿਤਾਬਾਂ ਦੀਆਂ ਦੁਕਾਨਾਂ 'ਤੇ ਜਾਣ ਅਤੇ ਉਨ੍ਹਾਂ ਸਿਰਲੇਖਾਂ ਦੀ ਚੋਣ ਕਰਨ ਬਾਰੇ ਕੀ ਹੈ ਜੋ ਬੱਚੇ ਪੜ੍ਹਨਾ ਚਾਹੁੰਦੇ ਹਨ? ਜੇਕਰ ਉਹ ਲਾਇਬ੍ਰੇਰੀ ਵਿੱਚ ਸ਼ੇਰ ਨੂੰ ਪਸੰਦ ਕਰਦੇ ਹਨ, ਤਾਂ ਸਿੰਡਰੇਲਾ ਨਾ ਖਰੀਦੋ। ਜੇਕਰ ਉਨ੍ਹਾਂ ਨੂੰ ਨਿੰਮੀ ਦੇ ਵਿਗਲੀ ਟੂਥ ਪਸੰਦ ਹਨ ਤਾਂ ਉਨ੍ਹਾਂ ਨੂੰ ਪੀਟਰ ਪੈਨ ਨਾ ਦਿਓ। ਸਿੰਡਰੇਲਾ ਅਤੇ ਪੀਟਰ ਪੈਨ ਦਾ ਸਮਾਂ ਆ ਜਾਵੇਗਾ। ਉਨ੍ਹਾਂ ਨਾਲ ਕਿਤਾਬ ਪੜ੍ਹ ਕੇ ਸਮਾਂ ਬਿਤਾਓ। ਛੋਟੇ ਬੱਚੇ ਵਧੇਰੇ ਅਨੁਕੂਲ ਅਤੇ ਉਤਸੁਕ ਹੁੰਦੇ ਹਨ। ਕਹਾਣੀ ਬਾਰੇ ਸਵਾਲ ਪੁੱਛੋ, ਚਰਚਾ ਕਰੋ ਕਿ ਉਹ ਕਿਸ ਨੂੰ ਪਸੰਦ ਕਰਦੇ ਹਨ ਅਤੇ ਕਿਉਂ, ਉਹਨਾਂ ਨੂੰ ਆਲੋਚਨਾਤਮਕ ਚਿੰਤਕ ਬਣਾਓ ਭਾਵੇਂ ਤੁਸੀਂ ਉਹਨਾਂ ਦੀ ਕਲਪਨਾ ਨੂੰ ਸ਼ਕਤੀ ਦਿੰਦੇ ਹੋ। ਜਦੋਂ ਉਹ ਕੁਝ ਦੇਖਦੇ ਹਨ ਤਾਂ ਇਸ ਰੁਟੀਨ ਦਾ ਪਾਲਣ ਕਰੋ। ਉਹਨਾਂ ਦੇ ਨਾਲ ਬੈਠੋ ਅਤੇ ਉਹਨਾਂ ਨੂੰ ਉਹਨਾਂ ਚੀਜ਼ਾਂ ਨੂੰ ਦੇਖਣ ਲਈ ਮਾਰਗਦਰਸ਼ਨ ਕਰੋ ਜੋ ਮਜ਼ੇਦਾਰ ਅਤੇ ਜਾਣਕਾਰੀ ਦੇਣ ਵਾਲੀਆਂ ਹਨ। ਜੇ ਉਹ ਪਾਵ ਪੈਟਰੋਲ ਦੇਖਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਪੁੱਛੋ ਕਿ ਕੁੱਤਿਆਂ ਵਿੱਚ ਇੰਨਾ ਖਾਸ ਕੀ ਹੈ। ਉਨ੍ਹਾਂ ਨੂੰ ਪਰਿਵਾਰ ਅਤੇ ਦੋਸਤਾਂ ਪ੍ਰਤੀ ਵਫ਼ਾਦਾਰੀ ਬਾਰੇ ਸੋਚਣ ਲਈ ਮਾਰਗਦਰਸ਼ਨ ਕਰੋ। ਜਦੋਂ ਤੁਸੀਂ ਉਹ ਦੇਖਣਾ ਸ਼ੁਰੂ ਕਰਦੇ ਹੋ ਜੋ ਉਹ ਦੇਖਣਾ ਪਸੰਦ ਕਰਦੇ ਹਨ ਅਤੇ ਜੋ ਉਹ ਪੜ੍ਹਨਾ ਪਸੰਦ ਕਰਦੇ ਹਨ ਉਹ ਪੜ੍ਹਨਾ ਇੱਕ ਸਾਂਝਾ ਅਨੁਭਵ ਬਣ ਜਾਂਦਾ ਹੈ। ਸਾਨੂੰ ਆਪਣੇ ਬੱਚਿਆਂ ਨਾਲ ਆਪਣੇ ਰੁਝੇਵਿਆਂ ਲਈ ਇੱਕ ਸਮਾਂ-ਸਾਰਣੀ ਬਣਾਉਣ ਦੀ ਲੋੜ ਹੈ। ਇੱਥੇ ਪੜ੍ਹਨ ਦਾ ਵੀਕਐਂਡ ਅਤੇ ਦੇਖਣ ਦਾ ਸਮਾਂ ਹੋ ਸਕਦਾ ਹੈ। ਇੱਥੇ ਕਿਤਾਬਾਂ ਦੀ ਦੁਕਾਨ ਦਾ ਦੌਰਾ ਅਤੇ 'ਚੁਣੋ-ਤੁਹਾਡਾ-ਮਨੋਰੰਜਨ' ਸ਼ਾਮ ਹੋ ਸਕਦੀ ਹੈ। ਤੁਹਾਡੀ ਪਸੰਦੀਦਾ ਕਿਤਾਬ ਦੇ ਤੌਰ 'ਤੇ 'ਡਰੈਸ-ਅੱਪ' ਹੋ ਸਕਦੀ ਹੈਚਰਿੱਤਰ ਅਤੇ ਪਰਿਵਾਰਕ ਛੁੱਟੀਆਂ ਦਾ ਵੀਡੀਓ ਘੰਟਾ' ਵੀ। ਉਨ੍ਹਾਂ ਨੂੰ ਦੋਵਾਂ ਵਿੱਚੋਂ ਇੱਕ ਦੀ ਚੋਣ ਨਾ ਕਰੋ। ਕਿਤਾਬ ਅਤੇ ਪਰਦਾ ਸਹਿ-ਮੌਜੂਦ ਹੋ ਸਕਦੇ ਹਨ, ਕਿਉਂਕਿ ਦੋਵੇਂ ਜੀਵਨ ਦੀਆਂ ਹਕੀਕਤਾਂ ਹਨ। ਇਸ ਲਈ, ਬੱਚਿਆਂ ਨੂੰ ਤਿਆਰ ਕਰੋ ਕਿ ਉਹ ਕੀ ਕਰ ਰਹੇ ਹਨ। ਇਹ ਪੜ੍ਹਨਾ ਜਾਂ ਦੇਖਣਾ ਹੋ ਸਕਦਾ ਹੈ; ਦੋਵੇਂ ਬੱਚੇ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਜਦੋਂ ਉਹ ਸੋਚ ਸਮਝ ਕੇ ਵਰਤੇ ਜਾਂਦੇ ਹਨ, ਜਦੋਂ ਕਿ ਉਹਨਾਂ ਨੂੰ ਚੋਣ ਦੀ ਆਜ਼ਾਦੀ ਵੀ ਦਿੰਦੇ ਹਨ।

# ਅਕਾਲ ਤਖਤ ਸਾਹਿਬ ਵੱਲੋਂ ਜਾਰੀ ਪ੍ਰਸੰਸਾ ਪੱਤਰ

**ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ,**
**ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ।**
**ਸ੍ਰੀ ਅੰਮ੍ਰਿਤਸਰ ਸਾਹਿਬ।**
**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕੀ ਫ਼ਤਿਹ।**
**ਵਿਸ਼ਾ:- ਅਕਾਲ ਤਖਤ ਸਾਹਿਬ ਵੱਲੋਂ ਜਾਰੀ ਪ੍ਰਸੰਸਾ ਪੱਤਰ/ਇਕ ਪੜਚੋਲ**

ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਪਿਛਲੇ ਦਿਨੀ ਸ੍ਰੀ ਅਕਾਲ ਤਖਤ ਸਾਹਿਬ ਦੇ Letterpad ਉੱਪਰ ਅਤੇ ਆਪ ਜੀ ਦੇ ਦਸਖਤਾਂ ਨਾਲ ਜਾਰੀ ਹੋਇਆ ਇਕ 'ਪ੍ਰਸੰਸਾ ਪੱਤਰ' (ਅ:੩/੨੪/੫੯੧ ਮਿਤੀ ੦੨/੦੨/੨੦੨੪) ਈ-ਮੇਲ ਰਾਹੀ ਪ੍ਰਾਪਤ ਹੋਇਆ ਹੈ। ਆਪ ਜੀ ਵੱਲੋਂ ਇਹ ਪ੍ਰਸੰਸਾ ਪੱਤਰ 'ਸੰਤ ਸਿਪਾਹੀ' ਨਾਮ ਦੀ ਇਕ ਜਥੇਬੰਦੀ ਵੱਲੋਂ ਛਾਪੇ ਗਏ ਕੈਲੰਡਰ ਦੇ ਸਬੰਧ ਵਿੱਚ ਜਾਰੀ ਕੀਤਾ ਗਿਆ ਹੈ। ਜਿਸ ਵਿੱਚ ਆਪ ਜੀ ਲਿਖਦੇ ਹੋ, "ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਤੋਂ ਸਿੱਖ ਪੰਥ ਦਾ ਮੂਲ ਕੈਲੰਡਰ ਤੇ ਜੰਤਰੀ 'ਨਾਨਕਸ਼ਾਹੀ ਸੰਮਤ' ਸਿੱਖ ਕੌਮ ਵਿੱਚ ਪ੍ਰਚਲਤ ਹੈ। ਇਸ ਦੇ ਅਧਾਰ 'ਤੇ ਹੀ ਗੁਰੂ ਸਾਹਿਬਾਨ ਦੇ ਪੁਰਬ ਅਤੇ ਸਿੱਖ ਇਤਿਹਾਸ ਦੇ ਦਿਨ-ਦਿਹਾੜੇ ਵਾਚੇ ਤੇ ਮਨਾਏ ਜਾਦੇ ਹਨ।

ਇਸ ਸਬੰਧੀ ਬੇਨਤੀ ਹੈ ਕਿ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਆਪਣੇ ਖਿੱਤੇ ਵਿੱਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਲਾਗੂ ਸੀ। ਗੁਰੂ ਕਾਲ ਦੇ ਸਮੇਂ ਦਾ ਇਤਿਹਾਸ ਇਸੇ ਕੈਲੰਡਰ ਦੀਆਂ ਤਿੱਥਾਂ ਅਤੇ ਪ੍ਰਵਿਸ਼ਟਿਆਂ ਵਿੱਚ ਲਿਖਿਆਂ ਮਿਲਦਾ ਹੈ। ਇਸ ਕੈਲੰਡਰ ਮੁਤਾਬਕ ਗੁਰੂ ਨਾਨਕ ਜੀ ਦਾ ਪ੍ਰਕਾਸ਼ ਸੰਮਤ 1526 ਬਿਕ੍ਰਮੀ ਵਿੱਚ ਹੋਇਆ ਸੀ। ਜਿਥੋਂ ਤੱਕ ਜਾਣਕਾਰੀ ਮਿਲੀ ਹੈ, ਬਿਕ੍ਰਮੀ ਕੈਲੰਡਰ ਉੱਪਰ ਹੀ 'ਨਾਨਕਸ਼ਾਹੀ ਸੰਮਤ' ਲਿਖਣ ਦਾ ਰਿਵਾਜ, ਉਨਵੀਂ ਸਦੀ ਦੇ ਅਖੀਰ ਵਿੱਚ ਪੱਥਰ ਛਾਪੇ ਦੇ ਆਉਣ ਤੋਂ ਪਿਛੋਂ ਹੀ ਪ੍ਰਚੱਲਤ ਹੋਇਆ ਸੀ। ਆਪਣੇ ਸੀਮਤ ਸਾਧਨਾ ਰਾਹੀ ਕੀਤੀ ਖੋਜ-ਪੜਤਾਲ ਦੇ ਨਤੀਜੇ ਵੱਲੋਂ ਸਾਨੂੰ, ਸੰਮਤ ੪੧੪ ਨਾਨਕਸ਼ਾਹੀ (੧੮੮੩ ਈ:) ਵਿੱਚ ਵੈਕਟੋਰੀਆ ਪ੍ਰੈਸ ਲਾਹੌਰ ਵਿੱਚ ਛਪੀ, ਬਾਲੇ ਵਾਲੀ ਜਨਮ ਸਾਖੀ ਉੱਪਰ ਇਹ ਸਮੰਤ ਮਿਲਿਆ ਹੈ। ਹੋ ਸਕਦਾ ਹੈ ਕਿ ਕਿਸੇ ਹੋਰ ਲਿਖਤ ਓਪਰ, ਇਸ ਤੋਂ ਕੁਝ ਸਾਲ ਪਹਿਲਾ ਦਾ ਵੀ ਹੋਵੇ, ਪਰ ਇਹ ਗੱਲ ਦਾਵੇ ਨਾਲ ਕਹੀ ਜਾ ਸਕਦੀ ਹੈ ਕਿ ਬਿਕ੍ਰਮੀ ਕੈਲੰਡਰ ਉੱਪਰ ਨਾਨਕਸ਼ਾਹੀ ਸੰਮਤ ਲਿਖਣ ਦਾ ਆਰੰਭ ਸੰਮਤ 1526 ਬਿਕ੍ਰਮੀ ਤੋਂ ਬਿਲਕੁਲ ਨਹੀਂ ਸੀ ਹੋਇਆ। ਇਸ ਲਈ ਆਪ ਜੀ ਵੱਲੋਂ ਲਿਖੇ ਸ਼ਬਦ, "ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਤੋਂ ਸਿੱਖ ਪੰਥ ਦਾ ਮੂਲ ਕੈਲੰਡਰ ਤੇ ਜੰਤਰੀ 'ਨਾਨਕਸ਼ਾਹੀ ਸੰਮਤ' ਸਿੱਖ ਕੌਮ ਵਿੱਚ ਪ੍ਰਚਲਤ ਹੈ, ਪਰਖ ਦੀ ਕੱਸਵੱਟੀ ਤੇ ਪੂਰੇ ਨਹੀਂ ਉੱਤਰਦੇ। ਦੂਜੀ ਬੇਨਤੀ ਇਹ ਹੈ ਕਿ ਜੇ ਬਿਕ੍ਰਮੀ ਕੈਲੰਡਰ ਉੱਪਰ ਨਾਨਕਸ਼ਾਹੀ ਸੰਮਤ (ਖਾਲਸਾ ਸੰਮਤ ਵੀ ਲਿਖਿਆ ਮਿਲਦਾ ਹੈ) ਲਿਖ ਵੀ ਦਿੱਤਾ ਜਵੇ ਤਾਂ ਵੀ ਉਸ ਕੈਲੰਡਰ ਨੂੰ ਨਾਨਕਸ਼ਾਹੀ ਕੈਲੰਡਰ ਨਹੀਂ ਕਿਹਾ ਜਾ ਸਕਦਾ। ਉਹ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਹੀ ਰਹੇਗਾ। ਬਿਕ੍ਰਮੀ ਕੈਲੰਡਰ ਉਪਰ ਹੀ ਨਾਮ ਲਿਖਣ ਜਾਂ ਸ਼੍ਰੋਮਣੀ ਕਮੇਟੀ ਵਾਗੂੰ, ਬਿਕ੍ਰਮੀ ਕੈਲੰਡਰ ਦਾ ਨਾਮ ਬਦਲੀ ਕਰਨ ਨਾਲ ਹੀ ਨਾਨਕਸ਼ਾਹੀ ਕੈਲੰਡਰ ਨਹੀਂ ਬਣਾ ਜਾਂਦਾ। ਹਰ ਕੈਲੰਡਰ ਦਾ ਆਪਣਾ ਵਿਧੀ ਵਿਧਾਨ ਹੁੰਦਾ ਹੈ। ਬਿਕ੍ਰਮੀ ਕੈਲੰਡਰ ਅਤੇ ਨਾਨਕਸ਼ਾਹੀ ਕੈਲੰਡਰ, ਦੋ ਵੱਖ-ਵੱਖ ਕੈਲੰਡਰ ਹਨ।

ਸਤਿਕਾਰ ਯੋਗ ਸਿੰਘ ਸਾਹਿਬ ਜੀ, ਇਸੇ ਪੱਤਰ ਵਿੱਚ ਆਪ ਜੀ ਨੇ ਸੰਗਤਾਂ ਨੂੰ ਆਦੇਸ਼ ਕੀਤਾ ਹੈ, "ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰਕੇ ਗੁਰੂ ਸਾਹਿਬਾਨ ਅਤੇ ਇਤਿਹਾਸ ਦੇ ਪੁਰਬਾਂ ਨੂੰ ਜਾਹੋ-ਜਲਾਲ ਨਾਲ ਮਨਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਅਕਾਲ ਤਖਤ ਸਾਹਿਬ ਦੇ ਆਦੇਸ਼ ਮੁਤਬਕ ਤਾਂ ਹਰ ਸਿੱਖ ਨੂੰ ਆਪ ਜੀ ਦਾ ਇਹ ਆਦੇਸ਼ ਨੂੰ ਮੰਨਣਾ ਚਾਹੀ ਹੈ ਪਰ, ਜਦੋਂ ਉਸ ਕੈਲੰਡਰ ਦੀ ਪੜਤਾਲ ਕੀਤੀ ਤਾਂ ਇਹ ਤੱਥ ਉਘੜ ਕੇ ਸਾਹਮਣੇ ਆਇਆ ਕਿ 'ਸੰਤ ਸਿਪਾਹੀ' ਨਾਮ ਦੀ ਸੰਸਥਾਂ ਵੱਲੋਂ ਜਾਰੀ ਕੀਤਾ ਗਿਆ ਕੈਲੰਡਰ, ਗੁਰੂ ਕਾਲ ਵੇਲੇ ਪ੍ਰਚੱਲਤ ਕੈਲੰਡਰ (ਸੂਰਜੀ ਸਿਧਾਂਤ) ਨਹੀਂ ਹੈ। ਪਰਖ-ਪੜਚੋਲ ਕਰਨ ਤੇ ਪਤਾ ਲੱਗ ਕਿ ਇਹ ਕੈਲੰਡਰ ਤਾਂ ਹਿੰਦੂ ਵਿਦਵਾਨਾਂ ਵੱਲੋਂ 18-19 ਨਵੰਬਰ 1964 ਈ: ਵਿੱਚ, ਗੁਰੂ ਕਾਲ ਵੇਲੇ ਵਰਤੇ ਗਏ ਕੈਲੰਡਰ (ਸੂਰਜੀ ਸਿਧਾਂਤ) ਵਿੱਚ ਸੋਧ ਕਰਕੇ ਬਣਾਏ ਗਏ ਨਵੇਂ ਕੈਲੰਡਰ (ਦ੍ਰਿਕ ਗਿਣਤ ਸਿਧਾਂਤ) ਮੁਤਾਬਕ ਹੈ। 'ਸੰਤ ਸਿਪਾਹੀ' ਨਾਮ ਦੀ ਸੰਸਥਾ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਦੇ ਮਹੀਨਿਆਂ ਦਾ ਆਰੰਭ, ਗੁਰੂ ਕਾਲ ਵਾਲੇ ਕੈਲੰਡਰ ਦੇ ਮਹੀਨਿਆਂ ਦੇ ਆਰੰਭ ਨਾਲੋਂ ਵੱਖਰੇ ਸਮੇਂ ਤੇ ਹੁੰਦਾ ਹੈ। (ਨੱਥੀ ਕੀਤੇ ਚਾਰਟ ਨੂੰ ਵੇਖੋ)

| | ਗੁਰੂ ਕਾਲ ਵਾਲਾ ਕੈਲੰਡਰ | | | ਮੌਜੂਦਾ ਕੈਲੰਡਰ | | |
|---|---|---|---|---|---|---|
| ਮਹੀਨਾ | ਸੰਗਰਾਂਦ | ਸਮਾਂ | ਦਿਨ | ਸੰਗਰਾਂਦ | ਸਮਾਂ | ਦਿਨ |
| ਚੇਤ | 14 ਮਾਰਚ | 2:56 PM | 30 | 14 ਮਾਰਚ | 12:36 PM | 30 |
| ਵੈਸਾਖ | 13 ਅਪ੍ਰੈਲ | 11:25 PM | 31 | 13 ਅਪ੍ਰੈਲ | 9:04 PM | 31 |
| ਜੇਠ | 14 ਮਈ | 9:50 PM | 32 | 14 ਮਈ | 5:53 PM | 31 |
| ਹਾੜ | 15 ਜੂਨ | 7:55 AM | 31 | 14 ਜੂਨ | 12:27 AM / 15 ਜੂਨ | 32 |
| ਸਾਵਣ | 16 ਜੁਲਾਈ | 11:23PM | 32 | 16 ਜੁਲਾਈ | 11:19 AM | 31 |
| ਭਾਂਦੋ | 17 ਅਗਸਤ | 10:47 AM | 31 | 16 ਅਗਸਤ | 7:44 PM | 31 |
| ਅੱਸੂ | 17 ਸਤੰਬਰ | 11:15 AM | 30 | 16 ਸਤੰਬਰ | 7:43 PM | 31 |
| ਕੱਤਕ | 17 ਅਕਤੂਬਰ | 9:51 PM | 30 | 17 ਅਕਤੂਬਰ | 7:42 AM | 30 |
| ਮੱਘਰ | 16 ਨਵੰਬਰ | 7:18 PM | 29 | 16 ਨਵੰਬਰ | 7:31 AM | 29 |
| ਪੋਹ | 15 ਦਸੰਬਰ | 7:05 AM/ 16 ਦਸੰਬਰ | 30 | 15 ਦਸੰਬਰ | 10:10 PM | 30 |
| ਮਾਘ | 14 ਜਨਵਰੀ | 2:43 PM | 29 | 14 ਜਨਵਰੀ | 8:55 AM | 29 |
| ਫੱਗਣ | 12 ਫਰਵਰੀ | 1:27 AM/ 13 ਜਨਵਰੀ | 30 | 12 ਫਰਵਰੀ | 9:56 PM | 30 |

ਸਤਿਕਾਰ ਯੋਗ ਸਿੰਘ ਸਾਹਿਬ ਜੀ, ਗੁਰੂ ਸਾਹਿਬ ਜੀ ਵੇਲੇ ਵਰਤੇ ਗਏ ਕੈਲੰਡਰ, ਜਿਸ ਵਿੱਚ ਸਿੱਖ ਇਤਿਹਾਸ ਦੀਆਂ ਤਾਰੀਖਾਂ ਦਰਜ ਹਨ, ਮੁਤਾਬਕ ਹਾੜ ਮਹੀਨੇ ਦੀ ਸੰਗਰਾਦ 15 ਜੂਨ ਨੂੰ ਆਵੇਗੀ ਪਰ ਉਪ੍ਰੋਕਤ ਵਰਨਣ ਕੈਲੰਡਰ ਵਿੱਚ ਇਹ 14 ਜੂਨ ਦੀ ਦਰਜ ਹੈ। ਇਸ ਤਰ੍ਹਾਂ ਭਾਦੋਂ ਅਤੇ ਅੱਸੂ ਦੀਆਂ ਸੰਗਾਰਾਂਦਾਂ ਵੀ ਇਕ ਦਿਨ ਦੇ ਫ਼ਰਕ ਨਾਲ ਦਰਜ ਹਨ। ਚਾਰ ਮਹੀਨਿਆਂ ਜੇਠ, ਹਾੜ, ਸਾਵਣ ਅਤੇ ਅੱਸੂ ਦੇ ਦਿਨਾਂ ਦੀ ਗਿਣਤੀ ਵਿੱਚ ਵੀ ਅੰਤਰ ਹੈ। ਇਥੇ ਹੀ ਬੱਸ ਨਹੀਂ, ਬਾਰਾਂ ਦੀਆਂ ਬਾਰਾਂ ਸੰਗਰਾਂਦਾਂ, ਭਾਵ ਸੂਰਜ ਦੇ ਨਵੀਂ ਰਾਸ਼ੀ ਵਿੱਚ ਪ੍ਰਵੇਸ਼ ਕਰਨ ਦੇ ਸਮੇਂ ਵਿੱਚ ਵੀ ਅੰਤਰ ਹੈ। ਪੜਤਾਲ ਕਰਨ 'ਤੇ ਇਹ ਗੱਲ ਸਾਹਮਣੇ ਆਈ ਕਿ ਗੁਰੂ ਕਾਲ ਵਾਲੇ ਕੈਲੰਡਰ 'ਚ ਹਾੜ ਮਹੀਨੇ ਦੀ ਸੰਗਰਾਂਦ ਭਾਵ ਸੂਰਜ, ਮਿਥਨ ਰਾਸ਼ੀ ਵਿੱਚ ਪ੍ਰਵੇਸ਼ 15 ਜੂਨ ਨੂੰ ਕਰੇਗਾ ਪਰ ਸੰਗਰਾਂਦ 14 ਜੂਨ ਨੂੰ ਮਨਾਈ ਜਾਵੇਗੀ। ਗਲਤ ਦਿਨ ਅਤੇ ਗਲਤ ਸਮੇਂ ਤੇ ਮਨਾਈ ਗਈ ਸੰਗਰਾਂਦ ਨੂੰ 'ਸ਼ੁਭ ਦਿਹਾੜਾ' ਕਿਵੇਂ ਕਿਹਾ ਜਾ ਸਕਦਾ ਹੈ? ਸਵਾਲ ਇਹ ਹੈ ਕਿ ਅਸੀਂ ਗੁਰੂ ਕਾਲ ਵੇਲੇ ਪ੍ਰਚੱਲਤ ਕੈਲੰਡਰ ਮੁਤਾਬਕ ਆਪਣੇ ਦਿਹਾੜੇ ਮਨਾਉਣੇ ਹਨ, ਜਾਂ 1964 ਈ: ਵਿੱਚ ਹਿੰਦੂ ਵਿਦਵਾਨਾਂ ਵਲੋਂ ਬਣਾਏ ਗਏ ਕੈਲੰਡਰ ਮੁਤਾਬਕ?

ਸਤਿਕਾਰ ਯੋਗ ਸਿੰਘ ਸਾਹਿਬ ਜੀ, ਅਕਾਲ ਤਖਤ ਸਾਹਿਬ ਜੀ ਦੇ Letterpad ਉੱਪਰ, ਆਪ ਜੀ ਦੇ ਦਸਖਤਾਂ ਹੇਠ ਜਾਰੀ ਕੀਤੇ ਗਏ 'ਪ੍ਰਸੰਸ਼ਾ ਪੱਤਰ' ਵਿੱਚ ਦਿੱਤੀ ਗਈ ਗੁੰਮਰਾਹਕੁਨ ਜਾਣਕਾਰੀ, "ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਤੋਂ ਸਿੱਖ ਪੰਥ ਦਾ ਪ੍ਰਚੱਤ ਕੈਲੰਡਰ, ਬਹੁਤ ਹੀ ਗੰਭੀਰ ਮੁੱਦਾ ਹੈ। ਇਹ ਸ੍ਰੀ ਅਕਾਲ ਤਖਤ ਸਾਹਿਬ ਅਤੇ ਉਸ ਦੇ ਜਥੇਦਾਰ ਦੀ ਭਰੋਸੇ ਯੋਗਤਾ ਦਾ ਵੀ ਸਵਾਲ ਹੈ। ਮੈਨੂੰ ਪੂਰੀ ਆਸ ਹੈ ਕਿ ਆਪ ਜੀ ਮੇਰੇ ਤੋਂ ਵੀ ਵੱਧ ਚਿਤੰਤ ਹੋਵੇਗੇ।

ਸਿੰਘ ਸਾਹਿਬ ਜੀ, ਨਿਮਰਤਾ ਸਹਿਤ ਬੇਤਨੀ ਹੈ ਕਿ ਆਪਣੇ ਆਲੇ-ਦੁਆਲੇ ਦੇ ਕਰਮਚਾਰੀਆਂ/ਅਧਿਕਾਰੀਆਂ ਦੀ ਪੜਤਾਲ ਕਰੋ ਜੋ, ਛੋਟੇ-ਮੋਟੇ ਲਾਲਚ ਖਾਤਰ, ਕਿਸੇ ਵਲੋਂ ਕੈਲੰਡਰ ਬਣਾਉਣ ਤੇ ਹੀ, ਅਕਾਲ ਤਖਤ ਸਾਹਿਬ ਦੇ Letterpad ਅਤੇ ਆਪ ਜੀ ਦੇ ਦਸਖਤਾ ਦੀ ਨਜਾਇਜ਼ ਵਰਤੋ ਕਰਦੇ ਹਨ ਅਤੇ ਸੰਗਤਾਂ ਨੂੰ ਗਲਤ ਜਾਣਕਾਰੀ ਦੇ ਕੇ ਗੁੰਮਰਾਹ ਕਰ ਰਹੇ ਹਨ। ਅਜੇਹੇ ਕਰਮਚਾਰੀ ਕਿਸੇ ਮਹੱਤਵ ਪੂਰਨ ਦਸਤਾਵੇਜ ਉੱਪਰ ਵੀ ਆਪ ਜੀ ਦੇ ਦਸਖਤ ਕਰਵਾ ਸਕਦੇ ਹਨ। ਅਜੇਹੇ ਮੁਲਾਜਮਾਂ ਦੀ ਪੜਤਾਲ ਕਰਕੇ, ਉਨ੍ਹਾਂ ਖਿਲਾਫ ਮਿਸਾਲੀ ਕਾਰਵਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ Letterpad ਅਤੇ ਆਪ ਜੀ ਦੇ ਦਸਖਤਾ ਦੀ ਗਲਤ ਵਰਤੋ ਕਰਨ ਦਾ ਹੀਆ ਨਾ ਕਰ ਸਕੇ।

**ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟੋ**
**5 ਫੱਗਣ, ਸੰਮਤ 555 ਨਾਨਕਸ਼ਾਹੀ**
**(16 ਫਰਵਰੀ 2024 ਈ:)**


ੴ ਵਾਹਿਗੁਰੂ ਜੀ ਕੀ ਫ਼ਤਹ ॥

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ ਸਾਹਿਬ।

Singh Sahib Giani Raghbir Singh
Jathedar,
Sri Akal Takhat Sahib,
Sri Amritsar Sahib (Pb.) India

ਫ਼ੋਨ: +91 183 2540820 | ਮੋਬਾਇਲ: 94644-30523 | E-Mail: akaltakhatsahib84@gmail.com | Website: www.sgpc.net

ਨੰਬਰ ਅ:੩/੨੪/੫੯੧ ਮਿਤੀ ੦੨/੦੨/੨੦੨੪

ਪ੍ਰਸੰਸਾ ਪੱਤਰ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਸਮੇਂ ਤੋਂ ਸਿੱਖ ਪੰਥ ਦਾ ਮੂਲ ਕੈਲੰਡਰ ਤੇ ਜੰਤਰੀ "ਨਾਨਕਸ਼ਾਹੀ ਸੰਮਤ" ਸਿੱਖ ਕੌਮ ਵਿਚ ਪ੍ਰਚਲਤ ਹੈ। ਇਸ ਦੇ ਅਧਾਰ 'ਤੇ ਹੀ ਗੁਰੂ ਸਾਹਿਬਾਨ ਦੇ ਪੁਰਬ ਅਤੇ ਸਿੱਖ ਇਤਿਹਾਸ ਦੇ ਦਿਨ-ਦਿਹਾੜੇ ਵਾਚੇ ਤੇ ਮਨਾਏ ਜਾਂਦੇ ਹਨ। ਹੱਥਲਾ ਨਾਨਕਸ਼ਾਹੀ ਸੰਮਤ ੫੫੬ ਇੱਕ ਸਫੇ ਵਿਚ 'ਸੰਤ ਸਿਪਾਹੀ' ਵੱਲੋਂ ਤਿਆਰ ਕੀਤਾ ਗਿਆ ਕੈਲੰਡਰ ਪ੍ਰਸੰਸਾਯੋਗ ਕਾਰਜ ਹੈ। ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰਕੇ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਦੇ ਪੁਰਬਾਂ ਨੂੰ ਜਾਹੋ-ਜਲਾਲ ਨਾਲ ਮਨਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਗੁਰੂ ਰਾਖਾ

ਗੁਰੂ ਪੰਥ ਦਾ ਦਾਸ,
(ਸਿੰਘ ਸਾਹਿਬ ਗਿ. ਰਘਬੀਰ ਸਿੰਘ)

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD